**GS CPA, INC.**
ਤੁਹਾਡੀਆਂ ਸਭ ਅਕਾਊਂਟਿੰਗ ਤੇ ਟੈਕਸ ਲੋੜਾਂ ਲਈ
Gurpreet Singh, CPA, MBA
*Certified Public Accountant*
5450 Lafayette Road, Suite#3,
Indianapolis, IN 46254
**Ph:317-248-4802**
Fax: 317-800-7947
e-mail: info@gscpainc.com Website: www.gscpainc.com



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
**AMANTEL.COM**
$25 ਵਿਚ 3000 ਮਿੰਟ (50 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
24/7 Customer Service
ਇਹ ਆਫਰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਤੇ ਆਪਣੇ ਪਿਆਰਿਆਂ ਨਾਲ ਢੇਰ ਸਾਰੀਆਂ ਗੱਲਾਂ ਕਰੋ।
vaisakhi
Coupon Code
ਟੌਲ ਫਰੀ ਨੰਬਰ 'ਤੇ ਕਾਲ ਕਰੋ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
1-888-652-6268,732-983-4332/4333



**Jaspal Randhawa**
Office: 734-459-4700 x 1593
Cell: 734-325-0883
JR@SoldBuyJR.com
www.SoldBuyJR.com
ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ
ਜਸਪਾਲ ਰੰਧਾਵਾ
734-325-0883
KELLER WILLIAMS
40600 Ann Arbor Rd., Ste. 100,
Plymouth, MI 48170





Fourteenth Year of Publication ਮਿਡਵੈਸਟ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 24, June 15th, 2013 20451 N Plum Grove Rd. Palatine, IL 60074 Ph:847-359-0746, Fax:847-705-9388


# ਸਿੱਖ ਖਾੜਕੂਵਾਦ ਬਾਰੇ ਸ਼ਿੰਦੇ ਦੇ ਬਿਆਨ ਨਾਲ ਮੁੱਦਾ ਭਖਿਆ

## ਅਤਿਵਾਦ ਨੂੰ ਕਿਸੇ ਵਿਸ਼ੇਸ਼ ਧਰਮ ਨਾਲ ਜੋੜਨ ਦਾ ਤਿੱਖਾ ਵਿਰੋਧ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ): ਜੂਨ** ਚੁਰਾਸੀ ਵਿਚ ਵਾਪਰੇ ਸਾਕਾ ਨੀਲਾ ਤਾਰਾ ਦੀ 29ਵੀਂ ਵਰ੍ਹੇਗੰਢ ਮੌਕੇ ਕਰਵਾਏ ਜਾਣ ਵਾਲੇ ਸ਼ਹੀਦੀ ਸਮਾਗਮਾਂ ਤੋਂ ਐਨ ਇਕ ਦਿਨ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਪੰਜਾਬ ਵਿਚ ਮੁੜ ਖਾੜਕੂਵਾਦ ਦੇ ਉਭਾਰ ਦਾ ਖਦਸ਼ਾ ਜ਼ਾਹਿਰ ਕਰਦਿਆਂ ਇਸ ਦਾ ਸਾਰਾ ਭਾਂਡਾ ਗੁਆਂਢੀ ਮੁਲਕ ਪਾਕਿਸਤਾਨ ਸਿਰ ਭੰਨ੍ਹਿਆ ਹੈ। ਕੇਂਦਰ ਸਰਕਾਰ ਪਿਛਲੇ ਦੋ ਦਹਾਕਿਆਂ ਤੋਂ ਲਗਾਤਾਰ ਇਹੀ ਰਾਗ ਅਲਾਪ ਰਹੀ ਹੈ ਪਰ ਇਸ ਵਾਰ ਪਕਿਸਤਾਨ ਅਤੇ ਸਿੱਖ ਜਥੇਬੰਦੀਆਂ ਨੇ ਅਜਿਹੇ ਬਿਆਨਾਂ ਦਾ ਸਖ਼ਤ ਨੋਟਿਸ ਲਿਆ ਹੈ।

ਸਿੱਖ ਵਿਦਵਾਨਾਂ ਤੇ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਸਾਕਾ ਨੀਲਾ ਤਾਰਾ ਦੀ ਬਰਸੀ ਮੌਕੇ ਕੇਂਦਰ ਸਰਕਾਰ ਵੱਲੋਂ ਅਜਿਹੇ ਦਾਅਵੇ ਕਰ ਕੇ ਸਿੱਖਾਂ ਦੇ ਸੰਘਰਸ਼ ਨੂੰ ਪਾਕਿਸਤਾਨ ਦੀ ਸ਼ਰਾਰਤ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ 29 ਵਰ੍ਹਿਆਂ ਬਾਅਦ ਵੀ ਸਜ਼ਾ ਨਾ ਮਿਲਣ ਕਰ ਕੇ ਸਿੱਖ ਜਗਤ ਵਿਚ ਕੇਂਦਰ ਸਰਕਾਰ ਪ੍ਰਤੀ ਲਗਾਤਾਰ ਰੋਸ ਵਧ ਰਿਹਾ ਹੈ। ਇਸ ਤੋਂ ਇਲਾਵਾ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਤੇ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਫਾਂਸੀ ਦੀ ਸਜ਼ਾ ਦੇ ਮਾਮਲੇ ਨੇ ਵੀ ਸਿੱਖਾਂ ਨੂੰ ਮੁੜ ਲਾਮਬੰਦ ਹੋਣ ਦਾ ਮੌਕਾ ਦਿੱਤਾ ਹੈ। ਇਸ ਸੂਰਤ ਵਿਚ ਕੇਂਦਰ ਸਰਕਾਰ ਪੰਜਾਬ ਵਿਚ ਮੁੜ ਖਾੜਕੂਵਾਦ ਦੇ ਉਭਾਰ ਦਾ ਹਊਆ ਖੜ੍ਹਾ ਕਰਨਾ ਚਾਹੁੰਦੀ ਹੈ।

ਨਵੀਂ ਦਿੱਲੀ ਵਿਖੇ ਪੰਜ ਜੂਨ ਨੂੰ ਦੇਸ਼ ਦੀ ਅੰਦਰੂਨੀ ਸੁਰੱਖਿਆ ਬਾਰੇ ਹੋਈ ਮੁੱਖ ਮੰਤਰੀਆਂ ਦੀ ਮੀਟਿੰਗ ਦੌਰਾਨ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਬੜੇ ਜ਼ੋਰ-ਸ਼ੋਰ ਨਾਲ ਦਾਅਵਾ ਕੀਤਾ ਕਿ ਪਾਕਿਸਤਾਨ ਪੰਜਾਬ ਵਿਚ ਮੁੜ ਤੋਂ ਸਿੱਖ ਖਾੜਕੂਵਾਦ ਨੂੰ ਸੁਰਜੀਤ ਕਰਨ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ। ਪਾਕਿਸਤਾਨ ਦੀ ਸੂਹੀਆ ਏਜੰਸੀ ਆਈ.ਐਸ.ਆਈ. ਆਪਣੀਆਂ ਅਤਿਵਾਦੀ ਯੋਜਨਾਵਾਂ ਨੂੰ ਸਿਰਫ ਪੰਜਾਬ ਵਿਚ ਹੀ ਨਹੀਂ, ਬਲਕਿ ਦੇਸ਼ ਦੇ ਹੋਰ ਹਿੱਸਿਆਂ ਵਿਚ ਵੀ ਫੈਲਾ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸਿੱਖ ਨੌਜਵਾਨਾਂ ਨੂੰ ਪਾਕਿਸਤਾਨ ਵਿਚ ਆਈ.ਐਸ.ਆਈ. ਰਾਹੀਂ ਸਿਖਲਾਈ ਦਿੱਤੀ ਜਾਂਦੀ ਹੈ। ਦਹਿਸ਼ਤਗਰਦ ਹਮਲਿਆਂ ਲਈ ਜੇਲ੍ਹ ਕੱਟ ਕੇ ਆਏ ਮੁਜਰਮਾਂ, ਬੇਰੁਜ਼ਗਾਰ ਨੌਜਵਾਨਾਂ, ਅਪਰਾਧੀਆਂ ਤੇ ਸਮੱਗਲਰਾਂ ਨੂੰ ਵਰਤਿਆ ਜਾਂਦਾ ਹੈ। ਇਸ ਸਬੰਧੀ ਬਾਹਰ ਵਸ ਰਹੇ ਸਿੱਖ ਨੌਜਵਾਨਾਂ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ। ਪੰਜਾਬ ਦੀਆਂ ਸਰਹੱਦਾਂ ਰਾਹੀਂ ਵੱਡੀ ਤਦਾਦ ਵਿਚ ਹਥਿਆਰ ਤੇ ਅਸਲਾ ਭੇਜਿਆ ਜਾਂਦਾ ਹੈ।

ਕੇਂਦਰ ਸਰਕਾਰ ਦੇ ਇਸ ਬਿਆਨ ਨਾਲ ਸਿੱਖ ਸਿਆਸਤ ਵਿਚ ਕਾਫੀ ਹਿੱਲਜੁਲ ਹੋਈ ਹੈ। ਉਧਰ, ਪਾਕਿਸਤਾਨ ਨੇ ਵੀ ਭਾਰਤ ਦੇ ਇਨ੍ਹਾਂ ਦੋਸ਼ਾਂ ਦਾ ਜ਼ੋਰਦਾਰ ਖੰਡਨ ਕੀਤਾ ਹੈ ਕਿ ਆਈ.ਐਸ.ਆਈ. ਵੱਲੋਂ ਪੰਜਾਬ ਵਿਚ

(ਬਾਕੀ ਸਫਾ 6 'ਤੇ)

### ਸ਼ਿੰਦੇ ਬਨਾਮ ਸੇਠੀ



ਪੀ.ਸੀ. ਸੇਠੀ



ਸੁਸ਼ੀਲ ਕੁਮਾਰ ਸ਼ਿੰਦੇ

*ਅੱਸੀਵਿਆਂ ਵਿਚ ਜਦੋਂ ਪੰਜਾਬ ਵਿਚ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦਾ ਮਾਮਲਾ ਭਖਿਆ ਹੋਇਆ ਸੀ ਤਾਂ ਤਤਕਾਲੀ ਗ੍ਰਹਿ ਮੰਤਰੀ ਪੀ.ਸੀ. ਸੇਠੀ ਨੇ ਬਹੁਤ ਅਹਿਮਕਾਨਾ ਬਿਆਨ ਦਾਗਿਆ ਸੀ ਜਿਸ ਨੇ ਸਮੁੱਚੇ ਹਾਲਾਤ ਨੂੰ ਇਕ ਵਾਰ ਤਾਂ ਵੱਖਰੀ ਰੰਗਤ ਚਾੜ੍ਹ ਦਿੱਤੀ ਸੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਹਵਾਲੇ ਨਾਲ ਉਸ ਨੇ ਆਖ ਦਿੱਤਾ ਸੀ ਕਿ ਇਹ ਬੰਦਾ ਖਾਲਿਸਤਾਨ ਦੀ ਮੰਗ ਕਰ ਰਿਹਾ ਹੈ। ਸੰਤ ਭਿੰਡਰਾਂਵਾਲੇ ਦੇ ਕੱਟੜ ਸਮਰਥਕ ਵੀ ਅੱਜ ਇਹ ਮੰਨਦੇ ਹਨ ਕਿ ਉਦੋਂ ਸੇਠੀ ਨੇ ਸੰਤ ਭਿੰਡਰਾਂਵਾਲੇ ਦੇ ਮੂੰਹ ਵਿਚ ਇਹ ਗੱਲ ਮੱਲੋਮੱਲੀ ਪਾਈ ਸੀ। ਇਹੀ ਕੰਮ ਹੁਣ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਕੀਤਾ ਹੈ। ਪੰਜਾਬ ਸਰਕਾਰ ਵੀ ਵਾਰ ਵਾਰ ਕਹਿ ਰਹੀ ਹੈ ਕਿ ਅਤਿਵਾਦ ਮੁੜ ਪਨਪਣ ਦਾ ਕੋਈ ਆਧਾਰ ਨਹੀਂ ਹੈ, ਪਰ ਸ਼ਿੰਦੇ ਨੇ ਸਿੱਖ ਅਤਿਵਾਦ ਵਾਲਾ ਬਿਆਨ ਦਾਗ ਕੇ ਸੇਠੀ ਵਾਲੀ ਹੀ ਸਿਆਸਤ ਖੇਡੀ ਹੈ।*

# ਦਿੱਲੀ ਯਾਦਗਾਰ ਬਾਰੇ ਫਿਰ ਸਿੰਗ ਫਸੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਾਕਾ ਨੀਲਾ ਤਾਰਾ ਦੌਰਾਨ ਸ਼ਹੀਦ ਹੋਏ ਸਿੱਖਾਂ ਦੀ ਯਾਦਗਾਰ ਦਾ ਵਿਵਾਦ ਅਜੇ ਮੱਠਾ ਨਹੀਂ ਸੀ ਪਿਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਰਕਾਬ ਗੰਜ ਵਿਖੇ ਨਵੰਬਰ 1984 ਦੇ ਕਤਲੇਆਮ ਦੌਰਾਨ ਮਾਰੇ ਗਏ ਸਿੱਖਾਂ ਦੀ ਯਾਦਗਾਰ ਬਣਾਏ ਜਾਣ ਦੇ ਮਾਮਲੇ 'ਤੇ ਵੀ ਸਿਆਸਤ ਭਖ ਗਈ ਹੈ। ਦਿੱਲੀ ਕਮੇਟੀ ਵੱਲੋਂ ਯਾਦਗਾਰ ਦੇ ਨੀਂਹ-ਪੱਥਰ ਦੀ ਉਸਾਰੀ 'ਤੇ ਹੀ ਦਿੱਲੀ ਪੁਲਿਸ ਦੇ ਅਧਿਕਾਰੀਆਂ ਨੇ ਇਤਰਾਜ਼ ਜਤਾਇਆ ਹੈ।



ਯਾਦਗਾਰ ਦੀ ਉਸਾਰੀ ਦਾ ਦ੍ਰਿਸ਼।

ਇਸ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਮੁਖੀ ਪਰਮਜੀਤ ਸਿੰਘ ਸਰਨਾ ਨੇ ਵੀ ਗੁਰਦੁਆਰਾ ਰਕਾਬ ਗੰਜ ਵਿਖੇ ਯਾਦਗਾਰ ਦੀ ਉਸਾਰੀ ਦਾ ਵਿਰੋਧ ਕਰਦਿਆਂ ਅਦਾਲਤ ਦਾ ਦਰ ਖੜਕਾਇਆ ਹੈ। ਸਰਨਾ ਧੜੇ ਵੱਲੋਂ ਦਿੱਲੀ ਹਾਈ ਕੋਰਟ ਵਿਚ ਪਟੀਸ਼ਨ ਦਾਖਲ ਕਰ ਕੇ ਮੰਗ ਕੀਤੀ ਗਈ ਹੈ ਕਿ ਸਰਕਾਰੀ ਵਿਭਾਗਾਂ ਦੀ

(ਬਾਕੀ ਸਫਾ 6 'ਤੇ)


**Dhade & Associates, PC**
Immigration Lawyers
*WE FIGHT FOR YOUR RIGHTS!*
ਤੁਹਾਡਾ ਆਪਣਾ ਪੰਜਾਬੀ ਇਮੀਗਰੇਸ਼ਨ ਵਕੀਲ
*ਪ੍ਰੋਫੈਸ਼ਨਲ ਵੀਜ਼ੇ (ਡਾਕਟਰ, ਇੰਜੀਨੀਅਰ ਆਦਿ)
*ਗਰੀਨ ਕਾਰਡ *ਸਿਟੀਜ਼ਨਸ਼ਿਪ *ਅਡਜਸਟਮੈਂਟ ਆਫ ਸਟੇਟਸ
*ਡੀਪੋਰਟੇਸ਼ਨ *ਰਿਫਿਊਜ਼ੀ ਕੇਸ *ਅਸੀਂ ਤੁਹਾਡੀਆਂ ਅਮਰੀਕਾ ਅਤੇ ਕੈਨੇਡਾ ਵਿਚ ਸਭੇ ਇਮੀਗਰੇਸ਼ਨ ਲੋੜਾਂ ਪੂਰੀਆਂ ਕਰ ਸਕਦੇ ਹਾਂ
*ਅਸੀਂ ਕੈਨੇਡਾ ਦੀ ਇਮੀਗਰੇਸ਼ਨ 6 ਤੋਂ 12 ਮਹੀਨੇ 'ਚ ਕਰ ਸਕਦੇ ਹਾਂ
**Ph:248-254-3441**
Fax:(248) 254-3443 www.eagle.pro, Email: herman@eagle.pro



Herman Singh Dhade
Immigration Lawyer
7071 Orchard Lake Rd, Suite 320, W. Bloomfield, MI 48322

Estd. 1975
**World Wide Travel**
www.fly2world.com
ਸਸਤਾ ਰੇਟ ਵਧਿਆ ਸਰਵਿਸ
AIR TRAVEL • CRUISES • VACATIONS
DETROIT 734 525 7304
TOLL FREE 866 66 INDIA
CHICAGO 312 224 8800
DELTA KLM AIRFRANCE ETIHAD QATAR Continental Airlines Lufthansa AmericanAirlines

# ਨੀਲਾ ਤਾਰਾ ਸਾਕੇ ਦੇ ਜ਼ਖਮ ਭੁਲਾਏ ਨਹੀਂ ਜਾ ਸਕਦੇ- ਜਥੇਦਾਰ ਅਕਾਲ ਤਖਤ

**ਸ਼ਿਕਾਗੋ (ਬਿਊਰੋ):** "ਜੂਨ 1984 ਦਾ ਘੱਲੂਘਾਰਾ ਸਿੱਖ ਮਾਨਸਿਕਤਾ ਵਿਚ ਏਨੇ ਡੂੰਘੇ ਜ਼ਖਮ ਛੱਡ ਗਿਆ ਹੈ, ਜੋ ਕਦੇ ਵੀ ਭੁਲਾਇਆਂ ਨਹੀਂ ਭੁਲਾਏ ਜਾ ਸਕਦੇ।" ਇਹ ਸ਼ਬਦ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਥੇ ਗੁਰਦੁਆਰਾ ਪੈਲਾਟਾਈਨ ਵਿਖੇ ਘੱਲੂਘਾਰਾ ਦਿਵਸ ਸਮਾਗਮ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਆਖੇ। ਉਨ੍ਹਾਂ ਕਿਹਾ ਕਿ ਨੀਲਾ ਤਾਰਾ ਅਪਰੇਸ਼ਨ ਭਾਰਤ ਸਰਕਾਰ ਦੀ ਸੋਚੀ ਸਮਝੀ ਸਾਜ਼ਿਸ਼ ਦਾ ਨਤੀਜਾ ਸੀ ਜਿਸ ਰਾਹੀਂ ਸਿੱਖ ਕੌਮ ਦੇ ਸਰਵਨਾਸ਼ ਦਾ ਯਤਨ ਕੀਤਾ ਗਿਆ। ਇਸ ਖਾਤਰ ਦਿਨ ਵੀ ਉਹ ਚੁਣਿਆ ਗਿਆ ਜਦੋਂ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਲਈ ਸੰਗਤਾਂ ਵੱਡੀ ਗਿਣਤੀ ਵਿਚ ਪਹੁੰਚੀਆਂ ਹੋਈਆਂ ਸਨ। ਭਾਰਤੀ ਫੌਜਾਂ ਨੇ ਇਸ ਅਪਰੇਸ਼ਨ ਦੌਰਾਨ ਹਜ਼ਾਰਾਂ ਬੇਕਸੂਰ ਬੱਚਿਆਂ, ਨੌਜਵਾਨਾਂ, ਬੀਬੀਆਂ ਅਤੇ ਬਜ਼ੁਰਗਾਂ ਨੂੰ ਆਪਣੇ ਜ਼ੁਲਮ ਦਾ ਸ਼ਿਕਾਰ ਬਣਾਇਆ।

ਘੱਲੂਘਾਰਾ ਦਿਵਸ ਸਮਾਗਮ ਲਈ ਗੁਰਦੁਆਰਾ ਪੈਲਾਟਾਈਨ ਦੇ ਸੱਦੇ ਉਤੇ ਅੰਮ੍ਰਿਤਸਰ ਤੋਂ ਉਚੇਚਾ ਸ਼ਿਕਾਗੋ ਪਹੁੰਚੇ ਸਿੰਘ ਸਾਹਿਬ ਨੇ ਆਖਿਆ ਕਿ ਨਿਰਾ ਇੰਨਾ ਹੀ ਨਹੀਂ, ਭਾਰਤੀ ਫੌਜਾਂ ਨੇ ਇਸ ਘੱਲੂਘਾਰੇ ਦੌਰਾਨ ਮੁਕਤਸਰ ਸਮੇਤ ਹੋਰ ਬਹੁਤ ਸਾਰੇ ਗੁਰਦੁਆਰਿਆਂ ਵਿਚ ਸ਼ਰਧਾਲੂ ਸੰਗਤਾਂ ਉਪਰ ਜ਼ੁਲਮ ਢਾਹੇ। ਉਨ੍ਹਾਂ ਸਵਾਲ ਕੀਤਾ, ਜੇ ਸਰਕਾਰ ਸੰਤ ਭਿੰਡਰਾਂਵਾਲਿਆਂ ਨੂੰ ਗ੍ਰਿਫਤਾਰ ਕਰਨਾ ਚਾਹੁੰਦੀ ਸੀ ਤਾਂ ਬਾਕੀ 37 ਗੁਰਦੁਆਰਿਆਂ 'ਤੇ ਕਿਉਂ ਹਮਲਾ ਕੀਤਾ ਗਿਆ? ਸਿੱਖ ਕੌਮ ਦਾ ਵਿਰਸਾ ਖਤਮ ਕਰਨ ਦੇ ਮਨੋਰਥ ਨਾਲ ਹੀ ਸਿੱਖ ਲਾਇਬਰੇਰੀ ਸਮੇਤ ਹੋਰ ਬਹੁਤ ਸਾਰੀਆਂ ਇਤਿਹਾਸਕ ਵਸਤਾਂ ਜਾਂ ਤੇ ਤਬਾਹ ਕਰ ਦਿੱਤੀਆਂ ਗਈਆਂ ਜਾਂ ਲੁੱਟ ਲਈਆਂ ਗਈਆਂ।

ਜਥੇਦਾਰ ਨੇ ਸੰਗਤਾਂ ਨੂੰ ਆਪਣੀ ਨਵੀਂ ਪੀੜ੍ਹੀ ਨੂੰ ਸਿੱਖ ਵਿਰਸੇ ਨਾਲ ਜੁੜਨ ਦੀ ਅਪੀਲ ਕਰਦਿਆਂ ਸਮੂਹ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਦੀ ਇਕ ਤਾਲਮੇਲ ਕਮੇਟੀ ਬਣਾਉਣ ਦਾ ਸੁਝਾਅ ਦਿੱਤਾ ਤਾਂ ਜੋ ਆਪਸੀ ਮਤਭੇਦ ਭੁਲਾ ਕੇ ਸਿੱਖ ਧਰਮ ਦੀ ਬਿਹਤਰੀ ਲਈ ਕੰਮ ਕੀਤਾ ਜਾ ਸਕੇ ਅਤੇ ਲੜਾਈ ਝਗੜਿਆਂ ਵਿਚ ਖਰਚ ਹੁੰਦੇ ਲੱਖਾਂ ਡਾਲਰ ਬਚਾਏ ਜਾ ਸਕਣ। ਇਸ ਸਮਾਗਮ ਦੌਰਾਨ ਗੁਰਦੁਆਰਾ ਪੈਲਾਟਾਈਨ ਦੇ ਪ੍ਰਧਾਨ ਸ. ਸੋਖੀ ਸਿੰਘ, ਬੋਰਡ ਮੈਂਬਰ ਹਰਵਿੰਦਰ ਸਿੰਘ, ਗੁਰਮੀਤ ਸਿੰਘ ਭੋਲਾ ਤੋਂ ਇਲਾਵਾ ਸੀ ਆਈ ਸੀ ਮੈਂਬਰ ਹਰਵਿੰਦਰ ਸਿੰਘ ਲੈਲ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ। ਸਿੰਘ ਸਾਹਿਬ ਨੇ ਗੁਰਦੁਆਰਾ ਪੈਲਾਟਾਈਨ ਦੇ ਧਾਰਮਿਕ ਸਕੱਤਰ ਹਰਵਿੰਦਰ ਸਿੰਘ ਬਿੱਲਾ ਨੂੰ ਸਿਰੋਪਾਓ ਦੀ ਬਖਸ਼ਿਸ਼ ਕੀਤੀ ਜੋ ਮੁੜ ਕੇ ਸਿੰਘ ਸਜੇ ਹਨ। ਸਿੰਘ ਸਾਹਿਬ ਨੇ ਉਨ੍ਹਾਂ ਨੂੰ ਜਲਦੀ ਅੰਮ੍ਰਿਤਪਾਨ ਕਰਨ ਲਈ ਪ੍ਰੇਰਿਆ।



*ਗੁਰਦੁਆਰਾ ਪੈਲਾਟਾਈਨ ਵਿਖੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਪ੍ਰਬੰਧਕਾਂ ਨਾਲ*

ਇਸ ਤੋਂ ਪਹਿਲਾਂ ਸਿੰਘ ਸਾਹਿਬ ਜਦੋਂ ਸਨਿਚਰਵਾਰ 8 ਜੂਨ ਨੂੰ ਓ'ਹੇਅਰ ਏਅਰਪੋਰਟ 'ਤੇ ਉਤਰੇ ਤਾਂ ਵੀ ਆਈ ਪੀ ਪ੍ਰਬੰਧਾਂ ਹੇਠ ਪੁਲਿਸ ਮੁਲਾਜ਼ਮਾਂ ਦੀ ਨਿਗਰਾਨੀ ਹੇਠ ਉਨ੍ਹਾਂ ਨੂੰ ਟਰਮੀਨਲ ਤੋਂ ਬਾਹਰ ਲਿਆਂਦਾ ਗਿਆ ਜਿਥੇ ਸ਼ਿਕਾਗੋ ਦੇ ਚਾਰਾਂ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੇ ਗੁਲਦਸਤਿਆਂ ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਗੁਰਦੁਆਰਾ ਦੀਵਾਨ ਐਵਨਿਊ ਜਾਣ ਉਪਰੰਤ ਉਹ ਗੁਰਦੁਆਰਾ ਗੁਰਜੋਤਿ ਪ੍ਰਕਾਸ਼, ਆਈਲੈਂਡ ਲੇਕ ਪਹੁੰਚੇ ਜਿਥੇ ਉਨ੍ਹਾਂ ਵਿਸ਼ਵ ਜੰਗਾਂ 'ਚ ਸ਼ਹੀਦ ਹੋਏ ਸਿੱਖ ਫੌਜੀਆਂ ਦੇ ਲਾਏ ਗਏ ਪੋਸਟਰਾਂ ਦਾ ਉਦਘਾਟਨ ਕੀਤਾ। ਇਸ ਦਿਹਾੜੇ ਉਹ ਵਖ ਵਖ ਸ਼ਰਧਾਲੂ ਸਿੱਖ ਪਰਿਵਾਰਾਂ ਦੇ ਘਰ ਵੀ ਗਏ।

ਐਤਵਾਰ ਦਾ ਦਿਨ ਸਿੰਘ ਸਾਹਿਬ ਲਈ ਕਾਫੀ ਰੁਝੇਵਿਆਂ ਭਰਿਆ ਰਿਹਾ। ਸਭ ਤੋਂ ਪਹਿਲਾਂ ਉਹ ਵ੍ਹੀਟਨ ਗੁਰਦੁਆਰੇ ਪਹੁੰਚੇ ਜਿਥੇ ਸਵੇਰੇ 9:30 ਤੋਂ 10:00 ਵਜੇ ਤੱਕ ਉਨ੍ਹਾਂ ਸੰਗਤਾਂ ਨਾਲ ਵਿਚਾਰ-ਵਟਾਂਦਰਾ ਕੀਤਾ। ਭਾਈ ਮਹਿੰਦਰ ਸਿੰਘ ਅਤੇ ਹੋਰ ਸੰਗਤਾਂ ਨੇ ਸਿੰਘ ਸਾਹਿਬ ਨੂੰ ਬੇਨਤੀ ਕੀਤੀ ਕਿ ਬੈਂਕੁਇਟ ਹਾਲ ਵਿਚ ਅਨੰਦ ਕਾਰਜ ਨਾ ਕਰਨ ਸਬੰਧੀ ਜਾਰੀ ਹੁਕਮਨਾਮੇ ਕਾਰਨ ਖਾਸ ਕਰ ਵਿਦੇਸ਼ੀਂ ਵਸਦੇ ਸਿੱਖਾਂ ਨੂੰ ਕਾਫੀ ਦਿੱਕਤਾਂ ਆ ਰਹੀਆਂ ਹਨ। ਪਰਦੇਸਾਂ ਵਿਚ ਕਈ ਥਾਂਈਂ ਗੁਰੂ ਘਰ ਬਹੁਤ ਦੂਰ ਹਨ ਜਿਸ ਕਾਰਨ ਗੁਰੂ ਘਰ ਅੰਦਰ ਅਨੰਦ ਕਾਰਜ ਕਰਨਾ ਸੰਭਵ ਨਹੀਂ ਹੁੰਦਾ। ਸਿੰਘ ਸਾਹਿਬ ਨੇ ਕਿਹਾ ਕਿ ਅਨੰਦ ਕਾਰਜ ਘਰਾਂ ਅੰਦਰ ਕਰਾਉਣ ਦੀ ਮਨਾਹੀ ਨਹੀਂ ਹੈ ਅਤੇ ਸਾਫ ਸੁਥਰੇ ਥਾਂ 'ਤੇ ਤੰਬੂ ਲਾ ਕੇ ਵੀ ਅਨੰਦ ਕਾਰਜ ਕਰਵਾਏ ਜਾ ਸਕਦੇ ਹਨ। ਸੰਗਤਾਂ ਨੇ ਇਸ ਸਬੰਧੀ ਸਿੰਘ ਸਾਹਿਬ ਨੂੰ ਪੱਤਰ ਵੀ ਦਿਤਾ, ਜਿਸ 'ਤੇ ਉਨ੍ਹਾਂ ਵਿਚਾਰ ਕਰਨ ਦੀ ਗੱਲ ਕਹੀ।

ਇਸ ਮੌਕੇ ਸੰਗਤਾਂ ਵਲੋਂ ਜਥੇਦਾਰ ਸਾਹਿਬ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਕੁਝ ਗੁਰੂ ਘਰਾਂ ਵਿਚ ਇਹ ਤਾੜਨਾ ਕੀਤੀ ਜਾ ਰਹੀ ਹੈ ਕਿ ਜੇ ਮੁੰਡਾ ਜਾਂ ਕੁੜੀ ਸਿੱਖ ਨਹੀਂ ਹਨ ਤਾਂ ਉਨ੍ਹਾਂ ਦਾ ਅਨੰਦ ਕਾਰਜ ਗੁਰੂ ਘਰ ਅੰਦਰ ਨਹੀਂ ਹੋ ਸਕਦਾ। ਇਸ 'ਤੇ ਸਿੰਘ ਸਾਹਿਬ ਨੇ ਕਿਹਾ ਕਿ ਉਨ੍ਹਾਂ ਦੇ ਧਿਆਨ ਵਿਚ ਇਹ ਗੱਲ ਨਹੀਂ ਆਈ ਅਤੇ ਇਹ ਮਾਮਲਾ ਲਿਖਤੀ ਰੂਪ ਵਿਚ ਅਕਾਲ ਤਖਤ ਨੂੰ ਭੇਜਿਆ ਜਾਵੇ। ਉਨ੍ਹਾਂ ਕਿਹਾ ਕਿ ਗੁਰੂ ਘਰ ਸਭ ਲਈ ਖੁੱਲ੍ਹੇ ਹਨ ਅਤੇ ਉਥੇ ਨਤਮਸਤਕ ਹੋਣ ਵਾਲੇ ਹਰ ਸ਼ਰਧਾਲੂ ਦਾ ਸਵਾਗਤ ਹੋਣਾ ਚਾਹੀਦਾ ਹੈ। ਜਦੋਂ ਉਨ੍ਹਾਂ ਨੂੰ ਸ਼ਹੀਦੀ ਯਾਦਗਾਰ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਇਸ ਮਾਮਲੇ ਦਾ ਹੱਲ ਜਲਦ ਹੀ ਕੱਢ ਲਿਆ ਜਾਵੇਗਾ। ਪ੍ਰੋ. ਦਰਸ਼ਨ ਸਿੰਘ ਦੇ ਵਿਵਾਦ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਪ੍ਰੋ. ਦਰਸ਼ਨ ਸਿੰਘ ਨੂੰ ਅਕਾਲ ਤਖਤ 'ਤੇ ਸੱਦਿਆ ਗਿਆ ਸੀ ਪਰ ਉਹ ਖੁਦ ਹਾਜ਼ਰ ਹੋਣ ਦੀ ਥਾਂ ਫਾਈਲ ਛੱਡ ਕੇ ਚਲੇ ਗਏ ਜਿਸ ਕਾਰਨ ਅਕਾਲ ਤਖਤ ਤੋਂ ਉਨ੍ਹਾਂ ਵਿਰੁਧ ਕਾਰਵਾਈ ਕੀਤੀ ਗਈ।

ਗੁਰਦੁਆਰਾ ਪੈਲਾਟਾਈਨ ਵਿਚ ਸੰਗਤਾਂ ਨੂੰ ਸੰਬੋਧਨ ਕਰਨ ਪਿਛੋਂ ਸਿੰਘ ਸਾਹਿਬ ਗੁਰਦੁਆਰਾ ਦੀਵਾਨ ਐਵਨਿਊ ਪਹੁੰਚੇ ਜਿਥੇ ਉਨ੍ਹਾਂ 1984 ਦੇ ਸੰਘਰਸ਼ ਵਿਚ ਸ਼ਹੀਦ ਹੋਏ ਸਿੱਖਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਸਿੱਖ ਸੰਗਤਾਂ ਦਾ ਧੰਨਵਾਦ ਕੀਤਾ ਜੋ ਆਪਣੇ ਸ਼ਹੀਦਾਂ ਨੂੰ ਯਾਦ ਰੱਖਦੀਆਂ ਹਨ।

ਇਹ ਪਹਿਲੀ ਵਾਰ ਹੈ ਕਿ ਅਕਾਲ ਤਖਤ ਦੇ ਜਥੇਦਾਰ ਸਾਹਿਬ ਸ਼ਿਕਾਗੋ ਏਰੀਏ ਦੇ ਸਾਰੇ ਗੁਰੂ ਘਰਾਂ ਵਿਚ ਪਹੁੰਚੇ ਅਤੇ ਸੰਗਤਾਂ ਨੂੰ ਸੰਬੋਧਨ ਕੀਤਾ। ਸ਼ਿਕਾਗੋ ਦੀਆਂ ਸਮੂਹ ਗੁਰਦੁਆਰਾ ਕਮੇਟੀਆਂ ਦੀ ਤਰਫੋਂ ਸਿੰਘ ਸਾਹਿਬ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ।

ਸਿੰਘ ਸਾਹਿਬ ਆਪਣੇ ਇਸ ਦੌਰੇ ਦੌਰਾਨ ਸ. ਠਾਕਰ ਸਿੰਘ ਬਸਾਤੀ ਦੇ ਘਰ ਠਹਿਰੇ। ਸ਼ਹਿਰ ਵਿਚ ਇਧਰ-ਉਧਰ ਜਾਣ ਲਈ ਲਿਮੋਜ਼ੀਨ ਸੰਤੋਖ ਸਿੰਘ ਡੀ ਸੀ ਨੇ ਮੁਹੱਈਆ ਕੀਤੀ। ਸਿੰਘ ਸਾਹਿਬ ਟਰਾਂਜਿਟ ਸਕਿਉਰਿਟੀ ਪ੍ਰਸਾਸ਼ਨ ਦੇ ਅਧਿਕਾਰੀਆਂ ਨੂੰ ਵੀ ਮਿਲੇ ਅਤੇ ਉਨ੍ਹਾਂ ਨੂੰ ਸਿੱਖਾਂ ਲਈ ਦਸਤਾਰ ਦੀ ਅਹਿਮੀਅਤ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਸਿੱਖ ਪਬਲਿਕ ਵਿਚ ਦਸਤਾਰ ਨਹੀਂ ਲਾਹੁੰਦੇ ਪਰ ਜੇ ਕਿਸੇ ਉਪਰ ਸ਼ੱਕ ਹੋਵੇ ਤਾਂ ਉਨ੍ਹਾਂ ਨੂੰ ਵੱਖਰੇ ਕਮਰੇ ਵਿਚ ਲੈ ਜਾ ਕੇ ਖੁਦ ਦਸਤਾਰ ਨੂੰ ਉਤਾਰਨ ਲਈ ਕਿਹਾ ਜਾ ਸਕਦਾ ਹੈ। ਉਨ੍ਹਾਂ ਸਿੱਖਾਂ ਲਈ ਬਾਕੀ ਕੱਕਾਰਾਂ ਦੀ ਅਹਿਮੀਅਤ ਤੋਂ ਵੀ ਜਾਣੂ ਕਰਵਾਇਆ।



*ਸ਼ਿਕਾਗੋ ਦੇ ਓ'ਹੇਅਰ ਏਅਰ ਪੋਰਟ 'ਤੇ ਅਕਾਲ ਤਖਤ ਦੇ ਜਥੇਦਾਰ ਦਾ ਸਵਾਗਤ ਕਰ ਰਹੀਆਂ ਸੰਗਤਾਂ*


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼ ✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.726.6103 • 408.659.9400



INDIAN BAZAAR ਇੰਡੀਅਨ ਬਜ਼ਾਰ
334 S. Emerson Ave.,
GREENWOOD, IN 46143
ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਅਤੇ ਮਿਠਾਈਆਂ ਲਈ ਮਸ਼ਹੂਰ
■ਖਾਣਾ ਸ਼ੁੱਧ ਵੈਸ਼ਨੋ, ਤਾਜ਼ਾ ਸਮੋਸੇ, ਚਾਟ, ਥਾਲੀ
■ਕੈਟਰਿੰਗ ਵੀ ਕਰਦੇ ਹਾਂ
■ਵੱਡੇ ਆਰਡਰ ਲਈ ਸਪੈਸ਼ਲ ਰੇਟ
■ਤਾਜ਼ਾ ਸਬਜ਼ੀਆਂ ਹਰ ਵੀਰਵਾਰ
ਧਾਰਮਿਕ ਪ੍ਰੋਗਰਾਮਾਂ ਲਈ 10% ਛੋਟ
ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।
ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ
ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ
Ph: 317-534-5151, 317-997-9140

ਆਪਣੇ ਰੂਪ ਨੂੰ ਚਾਰ ਚੰਨ ਲਾਓ
DESIGNER LEHANGAS, SUITS, SAREES, KIDS WEAR
ਡਿਜ਼ਾਈਨਰ ਲਹਿੰਗੇ, ਸੂਟ ਤੇ ਸਾੜੀਆਂ
ਬੱਚਿਆਂ ਦੀਆਂ ਪੁਸ਼ਾਕਾਂ
Gidha Bhangra Dresess On Rent
Preet BOUTIQUE
ਵਿਆਹ-ਸ਼ਾਦੀ ਦੇ ਸ਼ਗਨਾਂ ਲਈ ਕਲੀਰੇ, ਗਾਨੇ, ਸੁਰਮੇਦਾਨੀ, ਕਿਰਪਾਨ, ਕਲਗੀ, ਸਿਹਰਾ, ਚੂੜਾ, ਜਾਗੋ ਮਟਕੀ, ਪਰਾਂਦੀ ਤੇ ਹੋਰ ਸਭ ਕੁਝ ਮਿਲਦਾ ਹੈ
Call: 317-603-4018, 317-332-1387
E-mail:spkaurus@yahoo.co.in
Facebook preetboutique

ਭਾਰ ਘਟਾਓ, ਰੋਗਾਂ ਤੋਂ ਬਚੋ
ਕੀ ਤੁਸੀਂ ਭਾਰ ਵਧਣ, ਸ਼ੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕੇ ਰਹਿਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?
> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।
> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।
Safe & Easy Weight Loss
Ph:317-886-4858
www.punjabiweightloss.blogspot.com
www.goherbalife.com/skaur

# ਸਿਮਰਨਜੀਤ ਸਿੰਘ ਮਾਨ ਹੁਣ ਤੱਕ 83 ਕੇਸਾਂ ਵਿਚੋਂ ਬਰੀ

**ਪਟਿਆਲਾ:** ਸ਼ਹੀਦ ਭਗਤ ਸਿੰਘ ਖ਼ਿਲਾਫ਼ ਟਿੱਪਣੀਆਂ ਕਰਨ ਦੇ ਕੇਸ ਵਿਚੋਂ ਜੁਡੀਸ਼ਲ ਮੈਜਿਸਟਰੇਟ ਆਰਪੀ ਐਸ ਚੀਮਾ ਨੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਬਰੀ ਕਰ ਦਿੱਤਾ ਹੈ। ਇਸ ਨਾਲ ਸ. ਮਾਨ ਦੇ ਬਰੀ ਹੋਣ ਵਾਲੇ ਕੇਸਾਂ ਦੀ ਗਿਣਤੀ 83 ਹੋ ਗਈ ਹੈ। ਉਨ੍ਹਾਂ ਕਿਹਾ ਕਿ ਇਹ ਕੇਸ ਸਿਆਸਤ ਤੋਂ ਪ੍ਰੇਰਿਤ ਸੀ।

ਜ਼ਿਕਰਯੋਗ ਹੈ ਕਿ ਚਾਰ ਦਸੰਬਰ, 2007 ਨੂੰ ਅਕਾਲੀ ਦਲ (ਅ) ਦੇ ਪ੍ਰਧਾਨ ਖ਼ਿਲਾਫ਼ ਧਾਰਾ 153-ਏ ਤਹਿਤ ਥਾਣਾ ਕੋਤਵਾਲੀ, ਪਟਿਆਲਾ ਵਿਚ ਇਹ ਕੇਸ ਦਰਜ ਕੀਤਾ ਗਿਆ ਸੀ। ਪੁਲਿਸ ਨੇ ਉਨ੍ਹਾਂ 'ਤੇ ਦੋਸ਼ ਲਾਇਆ ਸੀ ਕਿ ਉਨ੍ਹਾਂ ਨੇ 30 ਨਵੰਬਰ, 2007 ਨੂੰ ਇਥੇ ਪ੍ਰੈਸ ਕਾਨਫਰੰਸ ਦੌਰਾਨ ਸ਼ਹੀਦ ਭਗਤ ਸਿੰਘ ਖ਼ਿਲਾਫ਼ ਟਿੱਪਣੀਆਂ ਕਰ ਕੇ ਨਫਰਤ ਫੈਲਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਕੇਸ ਲਈ ਇਕ ਅਖ਼ਬਾਰ ਦੀ ਖ਼ਬਰ ਨੂੰ ਵੀ ਆਧਾਰ ਬਣਾਇਆ ਗਿਆ ਸੀ। ਸ. ਮਾਨ ਵੱਲੋਂ ਇਸ ਕੇਸ ਦੇ ਐਡਵੋਕੇਟ ਬਰਜਿੰਦਰ ਸਿੰਘ ਸੋਢੀ ਨੇ ਦੱਸਿਆ ਕਿ ਪੁਲਿਸ ਉਨ੍ਹਾਂ ਦੇ ਮੁਵੱਕਿਲ ਨੂੰ ਦੋਸ਼ੀ ਸਾਬਤ ਕਰਨ ਵਿਚ ਨਾਕਾਮ ਰਹੀ ਜਿਸ ਕਾਰਨ ਉਨ੍ਹਾਂ ਨੂੰ ਬਰੀ ਕਰ ਦਿੱਤਾ ਗਿਆ ਹੈ।

# ਭਾਈ ਰਾਜੋਆਣਾ ਦੀ ਅਗਲੀ ਪੇਸ਼ੀ ਨੌਂ ਜੁਲਾਈ ਨੂੰ

**ਪਟਿਆਲਾ:** ਫ਼ਾਂਸੀ ਦੀ ਸਜ਼ਾਯਾਫ਼ਤਾ ਬਲਵੰਤ ਸਿੰਘ ਰਾਜੋਆਣਾ ਨੂੰ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਅਦਾਲਤ ਵਿਚ ਪੇਸ਼ ਕੀਤਾ ਗਿਆ। ਉਸ ਖ਼ਿਲਾਫ਼ ਥਾਣਾ ਸਦਰ, ਪਟਿਆਲਾ 'ਚ 1995 ਵਿਚ ਅਸਲਾ ਬਰਾਮਦਗੀ ਸਬੰਧੀ ਕੇਸ ਦਰਜ ਕੀਤਾ ਗਿਆ ਸੀ ਜਿਸ ਦੀ ਸੁਣਵਾਈ ਚੱਲ ਰਹੀ ਹੈ। ਸੁਣਵਾਈ ਮੌਕੇ ਜੁਡੀਸ਼ਲ ਮੈਜਿਸਟਰੇਟ ਦੀਪਿਕਾ ਦੀ ਅਦਾਲਤ ਵਿਚ ਗਵਾਹ ਸੇਵਾਮੁਕਤ ਏਐਸਆਈ ਪਾਖਰ ਸਿੰਘ ਦੀ ਗਵਾਹੀ ਹੋਈ। ਇਸ ਉਪਰੰਤ ਅਦਾਲਤ ਨੇ ਕੇਸ ਦੀ ਸੁਣਵਾਈ ਨੌਂ ਜੁਲਾਈ 'ਤੇ ਪਾ ਦਿੱਤੀ।

ਮਿਸ਼ੀਗਨ ਵਿਚ ਮਕਾਨ ਵੇਚਣ/ਖਰੀਦਣ ਲਈ ਭਰੋਸੇਯੋਗ ਨਾਂ

ਕਰਨ ਗਿੱਲ



Ph: (734) 612-9984

Either Buying or Selling a Home in Michigan
"Always Go with the Winner"

COLDWELL BANKER

44644 Ann Arbor Road Plymouth, MI 48170
Email: KarnGill@Hotmail.com
Website: www.KarnGill.com

Tandoori King

7220 Rockville Road, Indianapolis IN 46214
*(Intersection of Rockville Rd & Girls School Rd)*

Tandoori King
Indo-Pak Restaurant

Best North Indian Food in Indianapolis







ਤੰਦੂਰੀ ਚਿਕਨ, ਬਟਰ ਚਿਕਨ, ਸਾਗ ਪਨੀਰ, ਚਨਾ ਮਸਾਲਾ-ਇਕ ਵਾਰ ਖਾਓਗੇ, ਤੁਸੀਂ ਮੁੜ ਮੁੜ ਆਓਗੇ

Our speciality is that we use less oil for cooking and cook according to the choice of customers that they need spicy or mild.

(317) 240-8000

Customers can go online for coupens.
www.tandoorikingindy.com

Lunch Buffet
11 AM to 3:00 PM
Dinner Time
Daily 5:00 PM-9:30 PM

Truck Stop for Sale or Lease

Well Known to Punjabi Community and Very Successful Truck Stop at I-70 Exit 123 at Spiceland, Indiana










**For Lease:** Includes C-Store with Diesel and Gas and Beer & Wine License.

**For Sale:** Includes C-Store with Diesel and Gas; Indian Restaurant with Liquor & Beer Bar; Truck Repair and Wash.

Property 10 acres.




"Restaurant" and "Truck Repair & Wash" are having long-term lease with Positive cash flow.

*No Goodwill For Business, For Further information: Please contact:*

Gurinder Singh (317) 308-1050 or Hoosierfuel@gmail.com

# ਪੰਜਾਬ ਸਪੋਰਟਸ ਕਲੱਬ ਦੀ ਓਪਨ ਕਬੱਡੀ 'ਚ ਜੇਤੂ ਰਿਹਾ ਖਾਲਸਾ ਕਲੱਬ

**ਸ਼ਿਕਾਗੋ (ਬਿਊਰੋ):** ਪੰਜਾਬ ਸਪੋਰਟਸ ਕੱਲਬ, ਸ਼ਿਕਾਗੋ ਵਲੋਂ ਆਪਣਾ ਸਾਲਾਨਾ ਕੱਬਡੀ ਖੇਡ ਮੇਲਾ ਇਥੋਂ ਦੀ ਇਕ ਸਬਰਬ ਵਿਲਾ ਪਾਰਕ ਦੇ ਓਡੀਅਮ ਇਨਡੋਰ ਸਟੇਡੀਅਮ ਅੰਦਰ ਲੰਘੀ 25 ਮਈ ਨੂੰ ਕਰਵਾਇਆ ਗਿਆ ਜਿਸ ਵਿਚ ਕਬੱਡੀ ਦਾ ਪਹਿਲਾ ਇਨਾਮ ਖਾਲਸਾ ਸਪੋਰਟਸ ਕੱਲਬ ਡੇਵਨਪੋਰਟ, ਆਇਓਵਾ ਦੀ ਟੀਮ ਨੇ ਜਿੱਤਿਆ। 8100 ਡਾਲਰ ਦਾ ਇਹ ਇਨਾਮ ਮਿਲਵਾਕੀ ਦੇ ਬਿਜਨਸਮੈਨ ਦਰਸ਼ਨ ਸਿੰਘ ਧਾਲੀਵਾਲ ਵਲੋਂ ਆਪਣੇ ਪਿਤਾ ਸੂਬੇਦਾਰ ਕਰਤਾਰ ਸਿੰਘ ਧਾਲੀਵਾਲ ਦੀ ਯਾਦ ਵਿਚ ਸਪਾਂਸਰ ਕੀਤਾ ਗਿਆ ਸੀ। ਇਹ ਟੀਮ ਸੋਹਣ ਸਿੰਘ ਗਿੱਲ ਰੂਮੀ ਕਲਾਂ ਅਤੇ ਗੁਰਸ਼ਰਨ ਸਿੰਘ ਸਹੋਤਾ ਦੀ ਸਪਾਂਸਰ ਕੀਤੀ ਹੋਈ ਸੀ।

ਦੂਜਾ 7100 ਡਾਲਰ ਦਾ ਇਨਾਮ ਸ਼੍ਰੋਮਣੀ ਅਕਾਲੀ ਦਲ-ਅਮਰੀਕਾ ਦੀ ਟੀਮ ਨੇ ਜਿਤਿਆ। ਇਹ ਇਨਾਮ ਫਾਈਵ ਰਿਵਰ ਐਂਟਰੇਨਮੈਂਟ ਦੇ ਦਰਸ਼ਨ ਸਿੰਘ ਦਰੜ, ਪ੍ਰਿਥਪਾਲ ਸਿੰਘ ਘੋਤੜਾ, ਵਰਿੰਦਰ ਸਾਹੀ, ਮਨਜੀਤ ਨਾਗਰਾ, ਸੰਦੀਪ ਲਾਡੀ ਅਤੇ ਸ਼ੈਲਾ ਕੁਲਾਰ ਵਲੋਂ ਸਪਾਂਸਰ ਕੀਤਾ ਗਿਆ ਸੀ ਜਦੋਂਕਿ ਟੀਮ ਦੇ ਸਪਾਂਸਰ ਬਲਦੇਵ ਸਿੰਘ ਸੱਲ੍ਹਾਂ, ਪਾਲ ਖਲੀਲ ਅਤੇ ਕਿੰਟੂ ਬਾਵਾ ਸਨ। ਬੈਸਟ ਰੇਡਰ ਵਿੱਕੀ ਘੋਤੜਾ ਤੇ ਬੈਸਟ ਜਾਫੀ ਪੱਪੂ ਚੂਹੜਚੱਕ ਅਤੇ ਬਲਜੀਤ ਸੈਦੋਕੇ ਐਲਾਨੇ ਗਏ।

ਮੇਲੇ ਦਾ ਉਦਘਾਟਨ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਜਮੇਰ ਸਿੰਘ ਲੱਖੋਵਾਲ ਨੇ ਕੀਤਾ ਜਦੋਂਕਿ ਮੇਲੇ ਦੇ ਮੁੱਖ ਮਹਿਮਾਨ ਸ. ਦਰਸ਼ਨ ਸਿੰਘ ਧਾਲੀਵਾਲ ਸਨ ਜੋ ਮੇਲਾ ਸ਼ੁਰੂ ਹੋਣ ਤੋਂ ਲੈ ਕੇ ਗਾਇਕੀ ਦੇ ਦੌਰ ਨਾਲ ਮੇਲਾ ਖਤਮ ਹੋਣ ਤੱਕ ਲਗਾਤਾਰ ਆਪਣੇ ਸਾਥੀਆਂ ਸਮੇਤ ਬੈਠੇ ਰਹੇ। ਮੇਲਾ ਸਵਰਗੀ ਮੇਜਰ ਸਿੰਘ ਮੌਜੀ ਨੂੰ ਸਮਰਪਿਤ ਸੀ। ਇਸ ਮੌਕੇ ਬੋਲਦਿਆਂ ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ ਦੇ ਪ੍ਰਧਾਨ ਸੋਖੀ ਸਿੰਘ ਨੇ ਨੌਜਵਾਨਾਂ ਨੂੰ ਨਸ਼ੇ ਛਡ ਕੇ ਖੇਡਾਂ ਨਾਲ ਜੁੜਨ ਦੀ ਅਪੀਲ ਕੀਤੀ।

ਇਸ ਟੂਰਨਾਮੈਂਟ ਵਿਚ ਚਾਰ ਮੈਚ ਓਪਨ ਕਬੱਡੀ ਦੇ, ਤਿੰਨ ਅੰਡਰ-21 ਦੇ ਹੋਏ। ਕੁਲ 7 ਟੀਮਾਂ ਦੇ ਭੇੜ ਹੋਏ ਜਿਨ੍ਹਾਂ ਵਿਚ ਖਾਲਸਾ ਕਬੱਡੀ ਕਲੱਬ-ਡੇਵਨਪੋਰਟ, ਅਕਾਲੀ ਦਲ-ਅਮਰੀਕਾ, ਸਪੋਰਟਸ ਕਲੱਬ ਕੈਲੀਫੋਰਨੀਆ ਅਤੇ ਟੋਰਾਂਟੋ (ਕੈਨੇਡਾ) ਦੀਆਂ ਟੀਮਾਂ ਓਪਨ ਕਬੱਡੀ ਖੇਡੀਆਂ ਜਦਕਿ ਅੰਡਰ-21 ਵਿਚ ਮੀਰੀ ਪੀਰੀ ਸਪੋਰਟਸ ਕਲੱਬ ਇੰਡੀਅਨਐਪੋਲਿਸ (ਇੰਡੀਆਨਾ), ਸਪੋਰਟਸ ਤੇ ਕਲਚਰਲ ਕਲੱਬ ਸਪਰਿੰਗਡੇਲ (ਕੈਨੇਡਾ) ਅਤੇ ਸਪੋਰਟਸ ਕਲੱਬ ਮਿਸ਼ੀਗਨ ਦੀਆਂ ਟੀਮਾਂ ਸ਼ਾਮਲ ਸਨ।

ਫਾਈਨਲ ਮੈਚ ਵਿਚ ਖਾਲਸਾ ਸਪੋਰਟਸ ਕੱਲਬ ਡੇਵਨਪੋਰਟ, ਆਇਓਵਾ ਦੀ ਟੀਮ ਨੇ 37 ਅੰਕ ਲਏ ਅਤੇ ਸ਼੍ਰੋਮਣੀ ਅਕਾਲੀ ਦਲ-ਅਮਰੀਕਾ ਦੀ ਟੀਮ ਨੇ ਸਾਢੇ 33 ਅੰਕ ਪ੍ਰਾਪਤ ਕੀਤੇ। ਜੇਤੂ ਖਾਲਸਾ ਸਪੋਰਟਸ ਕੱਲਬ ਡੇਵਨਪੋਰਟ, ਆਇਓਵਾ ਦੀ ਟੀਮ ਚਿੱਟੇ ਰੁਮਾਲ ਹੇਠ ਬੰਨੇ ਜੂੜੇ ਨਾਲ ਖੇਡੇ ਹਰਦੀਪ ਸਿੰਘ ਤਾਊ ਦੀ ਕਪਤਾਨੀ ਹੇਠ ਖੇਡੀ ਅਤੇ ਇਸ ਟੀਮ ਵਿਚ ਪੱਪੂ ਚੂਹੜਚੱਕ, ਭੂਰਾ ਅਤੇ ਔਜਲਾ ਨੇ ਚੰਗੀ ਖੇਡ ਦਿਖਾਈ। ਖਿਡਾਰੀਆਂ ਵਿਚੋਂ ਪਰਮ ਢੇਸੀ, ਫਤਿਹ, ਦੁੱਲੇ, ਕੁਲਦੀਪ ਕੀਪੇ, ਬਲਜਿੰਦਰ ਤੇ ਅਵਤਾਰ ਤਾਰੀ ਨੇ ਵੀ ਵਧੀਆ ਖੇਡ ਦਿਖਾ ਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ। ਜੂੜੇ ਨਾਲ ਸਜਿਆ ਰੇਡਰ ਵਿੱਕੀ ਵੀ ਆਪਣੇ ਧਾਵਿਆਂ ਨਾਲ ਦਰਸ਼ਕਾਂ ਵਿਚ ਚੰਗੀ ਭੱਲ ਬਣਾ ਗਿਆ ਅਤੇ ਉਸ ਨੂੰ ਜੱਫੇ ਵੀ ਸ਼ਾਇਦ ਇਕ-ਦੋ ਹੀ ਲੱਗੇ।

ਕਬੱਡੀ ਟੀਮਾਂ ਵਿਚ ਆਪਸੀ ਤਾਲਮੇਲ ਬਣਾਈ ਰੱਖਣ ਲਈ ਤਾਰੀ ਸੰਘ ਢੇਸੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ ਜਿਨ੍ਹਾਂ ਦਾ ਪੰਜਾਬ ਸਪੋਰਟਸ ਕਲੱਬ ਨੇ ਉਚੇਚਾ ਧੰਨਵਾਦ ਕੀਤਾ।

ਪੰਜਾਬ ਸਪੋਰਟਸ ਕਲੱਬ ਦੀ ਰੀੜ੍ਹ ਦੀ ਹੱਡੀ ਹੈਪੀ ਹੀਰ ਆਏ ਮਹਿਮਾਨਾਂ ਨੂੰ ਜੀ ਆਇਆਂ ਕਹਿ ਰਿਹਾ ਸੀ ਅਤੇ ਸਪਾਂਸਰਾਂ ਦਾ ਧੰਨਵਾਦ ਕਰ ਰਿਹਾ ਸੀ। ਵਿਚ ਵਿਚ ਟੋਟਕੇ ਛੱਡ ਕੇ ਦਰਸ਼ਕਾਂ ਦਾ ਮਨੋਰੰਜਨ ਵੀ ਕਰੀ ਜਾ ਰਿਹਾ ਸੀ। ਕੁਮੈਂਟੇਟਰ ਮੱਖਣ ਸਿੰਘ ਹਕੀਮਪੁਰੀ ਨੇ ਆਪਣੇ ਰਵਾਇਤੀ ਅੰਦਾਜ ਵਿਚ ਸ਼ਿਅਰਾਂ ਅਤੇ ਬੋਲੀਆਂ ਨਾਲ ਕੁਮੈਂਟਰੀ ਨੂੰ ਸ਼ਿੰਗਾਰ ਕੇ ਕਬੱਡੀ ਦੀ ਖੇਡ ਨੂੰ ਆਪਣਾ ਰੰਗ ਦਿੱਤਾ। ਕੁਝ ਬੋਲ ਸਨ, "ਜਦ ਪੈਰ ਪੁਟਣ ਗਭਰੂ, ਧਰਤੀ ਹਿਲਦੀ, ਧਰਤੀ ਹਿਲਦੀ, ਕੱਬਡੀ ਖੇਲ ਵੱਡੇ ਦਿਲ ਦੀ।" ਦਰਸ਼ਨ ਸਿੰਘ ਧਾਲੀਵਾਲ ਵੱਲ ਇਸ਼ਾਰਾ ਕਰਦਿਆਂ ਉਸ ਕਿਹਾ, "ਜਿੰਨੀਆਂ ਫੋਟੋਆਂ ਧਾਲੀਵਾਲ ਸਾਹਿਬ ਨੇ ਅੱਜ ਖਿਚਵਾਈਆਂ ਹੋਣਗੀਆਂ, ਏਨੀਆਂ ਤਾਂ ਉਨ੍ਹਾਂ ਆਪਣੇ ਵਿਆਹ ਵਿਚ ਵੀ ਨਹੀਂ ਖਿਚਵਾਈਆਂ ਹੋਣੀਆਂ।" ਸ. ਧਾਲੀਵਾਲ ਦੀ ਸਿਫਤ ਵਿਚ ਉਸ ਕਿਹਾ, "ਧਾਲੀਵਾਲ ਸਾਹਿਬ ਨੇ ਇਕ ਵਾਰੀ ਮੈਨੂੰ ਚੈਕ ਦਿੱਤਾ ਤੇ ਮੈਂ ਫਰੇਮ ਕਰਵਾ ਕੇ ਰਖਿਆ ਹੋਇਆ ਹੈ।"

ਜਦੋਂ ਇਕ ਖਿਡਾਰੀ ਪੁਆਇੰਟ ਲੈ ਕੇ ਆਇਆ ਤਾਂ ਹਕੀਮਪੁਰੀ ਦੇ ਬੋਲ ਸਨ, "ਬਈ ਇਸ ਤੋਂ ਵਡੀ ਮਾਣ ਦੀ ਗੱਲ ਕੀ ਹੋ ਸਕਦੀ ਹੈ ਕਿ ਧਾਲੀਵਾਲ ਸਾਹਿਬ ਨੇ ਤੇਰੇ ਲਈ ਪੂਰੇ ਪੰਜ ਸੈਕੰਡ ਤਾੜੀਆਂ ਵਜਾਈਆਂ ਹਨ।"

ਕਬੱਡੀ ਦੇ ਮੈਚ ਖਤਮ ਹੋਣ ਪਿਛੋਂ ਗਾਇਕੀ ਦਾ ਅਖਾੜਾ ਬੱਝਾ ਪਰ ਮਾੜੀ ਗੱਲ ਇਹ ਹੋਈ ਕਿ ਉਦੋਂ ਤੱਕ ਬਹੁਤੇ ਦਰਸ਼ਕ ਘਰਾਂ ਨੂੰ ਜਾ ਚੁਕੇ ਸਨ ਅਤੇ ਮਸੀਂ 250-300 ਦਰਸ਼ਕ ਹੀ ਸਬਰ ਦੇ ਇਮਤਿਹਾਨ 'ਤੇ ਪੂਰੇ ਉਤਰ ਸਕੇ। ਫਿਰ ਵੀ ਸੁਰਿੰਦਰ ਸ਼ਿੰਦੇ ਤੇ ਸੁਖਵੰਤ ਸੁਖੀ ਨੇ ਗਾਇਕੀ ਦਾ ਚੰਗਾ ਪਿੜ ਬੰਨ੍ਹਿਆ। ਤਾਰਾ ਮੁਲਤਾਨੀ ਨੇ ਵੀ ਚੰਗਾ ਰੰਗ ਬੰਨ੍ਹਿਆ। ਜਗਮੀਤ ਸਿੰਘ ਤੇ ਨਿੰਮੇ ਡੱਲੇਵਾਲਾ ਨੇ ਵੀ ਆਪਣੀ ਹਾਜ਼ਰੀ ਲੁਆਈ।

ਕੈਲੀਫੋਰਨੀਆ ਤੋਂ ਆਈ ਗਾਇਕਾ ਸੁਖਵੰਤ ਸੁਖੀ ਨੇ ਧਾਰਮਿਕ ਗੀਤ 'ਮੇਰੇ ਕਲਗੀਆਂ ਵਾਲੇ ਨੇ ਇਕ ਸੋਹਣਾ ਪੰਥ ਸਜਾ ਦਿੱਤਾ' ਤੋਂ ਸ਼ੁਰੂਆਤ ਕਰਕੇ 'ਵੇ ਸੋਹਣਿਆਂ, ਵੇ ਹਾਣੀਆਂ', 'ਜ਼ਿੰਦਗੀ ਵਿਚ ਕਿਸੇ ਨਾਲ ਵਿਗਾੜੋ ਨਾ' ਆਦਿ ਕਈ ਗੀਤ ਸਰੋਤਿਆਂ ਦੀ ਨਜ਼ਰ ਕੀਤੇ।

ਪ੍ਰੋਗਰਾਮ ਦੇ ਮੁੱਖ ਗਾਇਕ ਸੁਰਿੰਦਰ ਸ਼ਿੰਦੇ ਨੇ 'ਮਾਂ ਹੁੰਦੀ ਏ ਠੰਡੜੀ ਛਾਂ, ਮਾਂਵਾਂ ਨਾਲ ਹੀ ਵੱਸਦਾ ਜੱਗ ਲੋਕੋ' ਗੀਤ ਰਾਹੀਂ ਮਾਂ ਦੀ ਯਾਦ ਕਰਵਾ ਕੇ ਦਰਸ਼ਕਾਂ ਨੂੰ ਭਾਵੁਕ ਕਰ ਦਿੱਤਾ। 'ਜੱਗ ਵਿਚ ਪੰਜਾਬੀਆਂ ਦਾ ਟੌਹਰ ਵੱਖਰਾ', 'ਜਿਸ ਕੌਮ ਕੋਲ ਹੋਣ ਸ਼ਹੀਦ ਬੜੇ, ਉਥੇ ਗੱਦਾਰ ਵੀ ਹੋਇਆ ਕਰਦੇ ਨੇ' ਪਿਛੋਂ ਉਸ ਨੇ 'ਜਿਉਣਾ ਮੌੜ' ਦੀ ਗਾਥਾ ਗਾ ਕੇ ਦਰਸ਼ਕਾਂ ਨੂੰ ਆਪਣਾ ਵਿਰਸਾ ਚੇਤੇ ਕਰਾਇਆ। 'ਪੁੱਤ ਜੱਟਾਂ ਦੇ ਮਰਨ ਲੱਗੇ ਦੇਸ਼ ਲਈ, ਮੌਤ ਨੂੰ ਮਖੌਲ ਕਰਦੇ' ਅਤੇ 'ਪੁੱਤ ਜੱਟਾਂ ਦੇ ਬੁਲਾਉਂਦੇ ਬੱਕਰੇ' ਗਾ ਕੇ ਜੱਟਾਂ ਨੂੰ ਖੁਸ਼ ਕੀਤਾ। ਉਸ 'ਪ੍ਰਦੇਸ ਗਿਓਂ ਪ੍ਰਦੇਸੀ ਹੋਇਓਂ, ਤੇਰੀਆਂ ਨਿੱਤ ਵਤਨਾਂ ਨੂੰ ਲੋੜਾਂ' ਗੀਤ ਗਾ ਕੇ ਪਰਦੇਸੀ ਹੋਣ ਦਾ ਦੁੱਖ ਪਰਦੇਸੀਂ ਆ ਵੱਸੇ ਦਰਸ਼ਕਾਂ ਨਾਲ ਸਾਂਝਾ ਕੀਤਾ। ਕੁਝ ਕਲੀਆਂ ਪੇਸ਼ ਕਰ ਕੇ ਉਸ ਰਵਾਇਤੀ ਗਾਇਕੀ ਵੀ ਸਰੋਤਿਆਂ ਦੀ ਨਜ਼ਰ

(ਬਾਕੀ ਸਫਾ 11 'ਤੇ)



ਕਬੱਡੀ ਟੂਰਨਾਮੈਂਟ ਦਾ ਉਦਘਾਟਨ ਕਰਦੇ ਹੋਏ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਜਮੇਰ ਸਿੰਘ ਲੱਖੋਵਾਲ (ਸਫੈਦ ਕੱਪੜੇ, ਹਰੀ ਪੱਗ)

ਹੋਰ ਤਸਵੀਰਾਂ ਸਫਾ 20-21 'ਤੇ ਦੇਖੋ





ਸੁਰਿੰਦਰ ਸ਼ਿੰਦਾ



ਸੁਖਵੰਤ ਸੁੱਖੀ



ਜਗਮੀਤ (ਜੱਸੀ) ਸਿੰਘ



ਤਾਰਾ ਮੁਲਤਾਨੀ

## ਝਲਕੀਆਂ

ਖਿਡਾਰੀਆਂ ਉਤੇ ਦਰਸ਼ਕਾਂ ਨੇ ਡਾਲਰਾਂ ਦਾ ਮੀਂਹ ਵੀ ਚੰਗਾ ਵਰ੍ਹਾਇਆ। ਇਕੱਲੀ ਇਕੱਲੀ ਰੇਡ ਅਤੇ ਜੱਫੇ ਉਤੇ ਰੀਸੋ-ਰੀਸੀ ਇਕ ਦੂਜੇ ਤੋਂ ਉਪਰ ਚੜ੍ਹ ਕੇ ਡਾਲਰ ਸੁੱਟੇ ਜਾ ਰਹੇ ਸਨ। ਘੱਟ ਕੁਮੈਂਟੇਟਰ ਪ੍ਰੋ. ਮੱਖਣ ਸਿੰਘ ਵੀ ਨਹੀਂ ਰਿਹਾ। ਉਹ ਵੀ ਨਾਂ ਬੋਲੇ ਜਾਣ ਦੇ ਸ਼ੌਕੀਨਾਂ ਦੇ ਨਾਂ ਮੁੜ ਮੁੜ ਲਈ ਜਾ ਰਿਹਾ ਸੀ ਅਤੇ ਉਹ ਡਾਲਰਾਂ ਦੇ ਗੱਫੇ ਭੇਜੀ ਜਾ ਰਹੇ ਸਨ। ਇਕ ਦਰਸ਼ਕ ਨੇ ਟਿੱਪਣੀ ਕੀਤੀ, ਬਈ ਪ੍ਰੋਫੈਸਰ ਕੁਮੈਂਟਰੀ ਘੱਟ ਕਰ ਰਿਹੈ ਅਤੇ ਡਾਲਰ ਵਰ੍ਹਾਉਣ ਵਾਲਿਆਂ ਦੇ ਨਾਂ ਬਹੁਤੇ ਲੈ ਰਿਹੈ। ਉਂਜ ਡਾਲਰ ਉਸ ਨੂੰ ਬਣੇ ਵੀ ਬਥੇਰੇ।

---

ਬਿਜਨਸਮੈਨ ਅਤੇ ਪਹਿਲੇ ਇਨਾਮ ਦੇ ਸਪਾਂਸਰ ਦਰਸ਼ਨ ਸਿੰਘ ਧਾਲੀਵਾਲ ਦਾ ਨਾਂ ਮੁੜ ਮੁੜ ਸਟੇਜ ਅਤੇ ਕਬੱਡੀ ਦੇ ਮੈਦਾਨ ਵਿਚੋਂ ਲਿਆ ਜਾ ਰਿਹਾ ਸੀ। ਇਸ 'ਤੇ ਇਕ ਦਰਸ਼ਕ ਨੇ ਟਿੱਪਣੀ ਕੀਤੀ, "ਬਈ, ਜਿੰਨੀ ਵਾਰ ਧਾਲੀਵਾਲ ਸਾਹਿਬ ਦਾ ਨਾਂ ਲਿਆ ਗਿਐ, ਉਨੇ ਤਾਂ ਹਾਲ ਵਿਚ ਦਰਸ਼ਕ ਵੀ ਨਹੀਂ ਹੋਣੇ।" ਗਾਇਕ ਸੁਰਿੰਦਰ ਸ਼ਿੰਦੇ ਨੇ ਵੀ ਦਰਸ਼ਨ ਸਿੰਘ ਧਾਲੀਵਾਲ ਦੀ ਤਾਰੀਫ ਕਰਨ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੱਤਾ। ਉਹ ਵਾਰ ਵਾਰ ਕਹੀ ਜਾ ਰਿਹਾ ਸੀ, "ਮੈਨੂੰ ਸਟੇਟ ਐਵਾਰਡ ਇਨ੍ਹਾਂ ਨੇ ਹੀ ਦਿਵਾਇਆ।" ਉਸ ਨੇ ਪੰਜਾਬ ਵਿਚ ਹਾਲ ਹੀ ਵਿਚ ਹੋਈਆਂ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਵਿਚ ਅਕਾਲੀ ਦਲ ਦੀ ਜਿੱਤ ਦਾ ਵੀ ਪੂਰਾ ਜਾਪ ਕੀਤਾ।

---

ਪੰਜਾਬ ਸਪੋਰਟਸ ਕਲੱਬ ਦੇ ਰੂਹੇ ਰਵਾਂ ਹੈਪੀ ਹੀਰ ਦਰਸ਼ਕਾਂ ਦੀ ਆਓ ਭਗਤ ਵੀ ਕਰੀ ਜਾ ਰਿਹਾ ਸੀ ਅਤੇ ਮੇਲੇ ਦੇ ਸਪਾਂਸਰਾਂ ਦਾ ਨਾਂ ਲੈਂਦਿਆਂ ਉਨ੍ਹਾਂ ਦਾ ਧੰਨਵਾਦ ਵੀ ਕਰੀ ਜਾ ਰਿਹਾ ਸੀ। ਦਰਸ਼ਕਾਂ ਦਾ ਧੰਨਵਾਦ ਕਰਦਿਆਂ ਉਹ ਮੇਲਾ ਵੇਖਣ ਆਈਆਂ ਬੀਬੀਆਂ ਦਾ ਧੰਨਵਾਦ ਵੀ ਕਰਨਾ ਨਹੀਂ ਭੁੱਲਿਆ। ਉਸ ਦੇ ਲਫਜ਼ ਸਨ, "ਕੈਨੇਡਾ ਵਿਚ ਕਬੱਡੀ ਦਾ ਮੇਲਾ ਦੇਖਣ ਬੀਬੀਆਂ ਬਹੁਤ ਹੀ ਘੱਟ ਜਾਂ ਉਕਾ ਹੀ ਨਹੀਂ ਪਹੁੰਚਦੀਆਂ, ਇਥੇ ਹੁਮਹੁਮਾ ਕੇ ਪਹੁੰਚੀਆਂ ਮਾਈਆਂ ਤੇ ਭੈਣਾਂ-ਇਕ ਮੇਰੀ ਬੀਵੀ ਨੂੰ ਛੱਡ ਕੇ, ਦਾ ਬਹੁਤ ਬਹੁਤ ਧੰਨਵਾਦ।"

---

ਇੰਡੀਅਨਐਪੋਲਿਸ ਤੋਂ ਆਏ ਸ਼੍ਰੋਮਣੀ ਅਕਾਲੀ ਦਲ-ਅਮਰੀਕਾ ਦੇ ਆਗੂ ਬਲਦੇਵ ਸਿੰਘ ਸੱਲ੍ਹਾਂ ਨੇ ਸਟੇਜ ਤੋਂ ਦਰਸ਼ਕਾਂ ਨੂੰ ਸੰਬੋਧਨ ਕਰਦਿਆਂ ਬਾਦਲ ਸਰਕਾਰ ਦਾ ਪੂਰਾ ਗੁਣਗਾਨ ਕੀਤਾ। ਉਨ੍ਹਾਂ ਦੇ ਰਾਜ ਦੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਤੁਲਨਾ ਕਰਦਿਆਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਸਿੱਖਾਂ ਉਤੇ ਰਾਜ ਸਹੀ ਅਰਥਾਂ 'ਚ ਸ. ਪ੍ਰਕਾਸ਼ ਸਿੰਘ ਬਾਦਲ ਹੀ ਕਰ ਰਹੇ ਹਨ। ਅਕਾਲੀ ਸਰਕਾਰ ਦੀਆਂ ਤਾਰੀਫਾਂ ਦੇ ਪੁਲ ਬੰਨ੍ਹਦਿਆਂ ਉਹ ਇਥੋਂ ਤੱਕ ਕਹਿ ਗਏ ਕਿ ਸ. ਬਾਦਲ ਅਤੇ ਸੁਰਜੀਤ ਸਿੰਘ ਬਾਦਲ ਨੇ ਪੰਜਾਬ ਦੇ ਵਿਕਾਸ ਦੇ ਨਵੇਂ ਮਾਅਰਕੇ ਮਾਰੇ ਹਨ। ਜੋਸ਼ ਵਿਚ ਉਹ ਇਹ ਵੀ ਭੁਲ ਗਏ ਕਿ ਕਹਿਣਾ ਸੁਖਬੀਰ ਸਿੰਘ ਬਾਦਲ ਸੀ।

---

ਪੰਜਾਬ ਸਪੋਰਟਸ ਕਲੱਬ ਵਲੋਂ ਅਖਬਾਰਾਂ ਵਿਚ ਦਿੱਤੇ ਇਸ਼ਤਿਹਾਰਾਂ ਵਿਚ ਵਾਰ ਵਾਰ ਕਿਹਾ ਗਿਆ ਸੀ ਕਿ ਕੋਈ ਟਿਕਟ ਨਹੀਂ, ਪਾਰਕਿੰਗ ਮੁਫਤ ਅਤੇ ਖਾਣ-ਪੀਣ ਵੀ ਮੁਫਤ। ਦਰਸ਼ਕ ਇਸ ਤੋਂ ਪਹਿਲਾਂ ਸ਼ਿਕਾਗੋ 'ਚ ਹੋਏ ਖੇਡ ਮੇਲਿਆਂ ਵਿਚ ਮੁਰਗੇ ਅਤੇ ਗਰਮਾ ਗਰਮ ਜਲੇਬੀਆਂ ਦੇ ਗਿੱਝੇ ਹੋਏ ਸਨ। ਉਹ ਇਸ ਗੱਲੋਂ ਕੁਝ ਨਿਰਾਸ਼ ਹੋਏ ਕਿ ਉਥੇ ਚਾਹ-ਪਕੌੜਿਆਂ ਅਤੇ ਕੜ੍ਹੀ-ਚੌਲ ਤੋਂ ਵੱਧ ਕੁਝ ਨਹੀਂ ਸੀ। ਔਖਾ ਹੋਇਆ ਇਕ ਦਰਸ਼ਕ ਕਹਿ ਰਿਹਾ ਸੀ, "ਬਈ ਆਹ ਤਾਂ ਕੜ੍ਹੀ ਬਣਾਈ ਨਹੀਂ, ਕੜ੍ਹੀ ਘੋਲੀ ਹੈ।"

---

ਸਪੀਕਰਾਂ ਦੀ ਆਵਾਜ਼ ਇੰਨੀ ਉਚੀ ਸੀ ਕਿ ਕੰਨ ਪਾਟਣ ਨੂੰ ਆਏ ਹੋਏ ਸਨ। ਹੈਪੀ ਹੀਰ ਤਾਂ ਕੁਝ ਜ਼ਿਆਦਾ ਹੀ ਉਚੀ ਬੋਲ ਰਿਹਾ ਸੀ। ਇਕ ਦਰਸ਼ਕ ਕਹਿਣ ਲੱਗਾ, "ਅਗਲੀ ਵਾਰ ਇਨ੍ਹਾਂ ਨੂੰ ਕਹਿਣਾ ਪਊ ਕਿ ਲੰਗਰ-ਪਾਣੀ ਦੇ ਨਾਲ ਨਾਲ ਕੰਨਾਂ ਵਿਚ ਪਾਉਣ ਲਈ 'ਈਅਰ ਪਲੱਗ' ਵੀ ਦੇਣ, ਨਹੀਂ ਤਾਂ ਕੰਨਾਂ ਦੇ ਡਾਕਟਰ ਕੋਲ ਤਾਂ ਜਾਣਾ ਹੀ ਪਊ।" ਕੋਲੋਂ ਇਕ ਹੋਰ ਬੋਲਿਆ, "ਕੀ ਪਤਾ ਬਈ ਕੰਨਾਂ ਦੇ ਕੁਝ ਡਾਕਟਰ ਵੀ ਇਸ ਟੂਰਨਾਮੈਂਟ ਦੇ ਸਪਾਂਸਰ ਹੋਣ।"

---

ਇਹ ਸ਼ਿਕਾਗੋ ਹੀ ਨਹੀਂ, ਸ਼ਾਇਦ ਪੂਰੇ ਅਮਰੀਕਾ ਵਿਚ ਕਬੱਡੀ ਦਾ ਪਹਿਲਾ ਇਨਡੋਰ ਮੇਲਾ ਸੀ। ਦੋ ਗੱਭਰੂ ਮੇਲੇ ਵਾਲਾ ਪੂਰਾ ਟੌਹਰ ਕੱਢ ਕੇ ਅਤੇ ਪੋਚਵੀਆਂ ਪੱਗਾਂ ਬੰਨ੍ਹ ਮੇਲਾ ਵੇਖਣ ਪਹੁੰਚੇ ਪਰ ਹਾਲ ਵਿਚ 'ਮੇਲੇ ਵਾਲਾ ਕੋਈ ਚੱਜ' ਨਾ ਵੇਖ ਇਕ ਦੂਜੇ ਨੂੰ ਕਹਿਣ ਲੱਗਾ, "ਯਾਰ ਇਹ ਮੇਲਾ ਘੱਟ ਤੇ ਕਿਸੇ ਸ਼ਹਿਰ ਵਿਚ ਹੋਇਆ ਕੋਈ ਸੜਿਆ ਜਿਹਾ ਟੂਰਨਾਮੈਂਟ ਬਹੁਤਾ ਜਾਪਦਾ ਹੈ।" ਦੋ ਘੜੀਆਂ ਉਥੇ ਇਧਰ-ਉਧਰ ਘੁੰਮਣ ਪਿਛੋਂ ਇਕ ਦੂਜੇ ਨੂੰ ਕਹਿਣ ਲੱਗਾ, "ਚੱਲ ਯਾਰ ਚੱਲੀਏ ਆਪਾਂ ਬਾਹਰ ਹੀ ਚੱਲ ਕੇ ਮੇਲਾ ਲਾਉਨੇਂ ਆਂ।" ਤੇ ਫਿਰ ਦੋਵੇਂ ਕਾਰ ਵਿਚ ਜਾ ਬੈਠੇ ਮੇਲਾ ਲਾਉਣ। ਇਕ ਦਰਸ਼ਕ ਕਹਿ ਰਿਹਾ ਸੀ, "ਉਂਜ ਤੇ ਚੰਗਾ ਬਈ ਬਾਹਰ ਠੰਡ ਤੋਂ ਬਚਾ ਰਿਹਾ, ਇਹ ਟੂਰਨਾਮੈਂਟ ਤਾਂ ਬੇਸ਼ਕ ਹੋਵੇ ਪਰ ਮੇਲਾ ਬਿਲਕੁਲ ਹੀ ਨਹੀਂ ਸੀ।" ਤੇ ਜਿਹੜੇ ਲੋਕ ਤੁਰ ਫਿਰ ਕੇ ਮੇਲਾ ਵੇਖਣ ਦੇ ਸ਼ੌਕੀਨ ਸਨ, ਖਾਸ ਕਰ ਬੀਬੀਆਂ ਤੇ ਬੱਚੇ, ਖੇਡ ਮੈਦਾਨ ਦੇ ਦੋਨੀਂ ਪਾਸੀਂ ਲੱਗੇ ਬੈਂਚਾਂ 'ਤੇ ਕੈਦ ਭੁਗਤਦੇ ਨਜ਼ਰ ਆ ਰਹੇ ਸਨ।

---

ਮੇਲਾ ਵੇਖਣ ਆਏ ਕਈ ਲੋਕ ਹਾਲ ਅੰਦਰ ਚਾਹ ਪਾਣੀ ਮੁਫਤ ਮਿਲਣ ਦੀ ਥਾਂਵੇਂ ਬਹੁਤ ਮਹਿੰਗਾ ਮਿਲਣ ਉਤੇ ਬਹੁਤ ਖਫਾ ਨਜ਼ਰ ਆਏ। ਖਫਾ ਹੋਣਾ ਵਾਜਬ ਵੀ ਸੀ। ਜਿਹੜੀ ਚਾਹ ਮੁਫਤ ਮਿਲਣੀ ਸੀ, ਆਈ ਤਾਂ ਸਹੀ ਪਰ ਛੇਤੀ ਮੁੱਕ ਗਈ। ਚਾਹ ਦੇ ਸ਼ੌਕੀਨਾਂ ਨੂੰ ਹਾਲ ਅੰਦਰ ਲੱਗੀਆਂ ਦੁਕਾਨਾਂ 'ਤੇ ਜਾਣਾ ਪਿਆ ਜਿਥੇ ਚਾਹ ਸਾਢੇ ਤਿੰਨ ਡਾਲਰ ਦੀ, ਦੋ ਸਮੋਸੇ 5 ਡਾਲਰ ਦੇ, ਮੱਕਈ ਦੇ ਫੁੱਲੇ (ਪੌਪ ਕੌਰਨ) 4 ਡਾਲਰ ਦੇ ਅਤੇ ਕਾਫੀ ਦਾ ਕੱਪ ਪੌਣੇ ਤਿੰਨ ਡਾਲਰ ਦਾ ਮਿਲ ਰਿਹਾ ਸੀ। ਦਾਰੂ ਦਾ ਇਕ ਪੈਗ ਅਤੇ ਉਹ ਵੀ ਛੋਟਾ ਜਿਹਾ 6 ਡਾਲਰ ਦਾ ਸੀ। ਦਾਰੂ ਪੀਣ ਦੇ ਇਕ ਸ਼ੌਕੀਨ ਨੇ ਬਾਰ 'ਤੇ ਖੜ੍ਹੀ ਕੁੜੀ ਨੂੰ ਗਲਾਸ ਵਿਚ ਤੋਲਾ ਤੋਲਾ ਸ਼ਰਾਬ ਪਾਉਂਦੀ ਨੂੰ ਵੇਖ ਕਿਹਾ, "ਗਲਾਸ 'ਚ ਤਿੰਨ ਪੈਗ ਪਾ ਦੇ।" ਜਦੋਂ ਤਿੰਨ ਪੈਗ ਪੁਆ ਕੇ ਵੀ ਪੀਤੀ ਤਾਂ ਗੱਲ ਨਾ ਬਣੀ, ਉਹ ਆਪਣੇ ਸਾਥੀ ਨੂੰ ਕਹਿਣ ਲੱਗਾ, "ਯਾਰ ਅੱਗੇ ਤੋਂ ਜਿਸ ਮੇਲੇ 'ਚ ਇਦਾਂ ਬਾਰ ਤੋਂ ਸ਼ਰਾਬ ਮਿਲੇ, ਉਥੇ ਆਪਾਂ ਜਾਣਾ ਹੀ ਨਹੀਂ।" ਭਲਾ ਖੁੱਲ੍ਹੇ ਮੈਦਾਨ ਵਿਚ ਲੱਗੇ ਮੇਲੇ ਵਿਚ ਜਿਨ੍ਹਾਂ ਡਿੱਕੀਆਂ ਖੋਲ੍ਹ ਕੇ ਪੀਣੀ ਹੋਵੇ, ਉਨ੍ਹਾਂ ਦਾ ਇੰਨੀ ਕੁ ਨਾਲ ਕੀ ਬਣੇ? ਦਾਰੂ ਦੇ ਸ਼ੌਕੀਨਾਂ ਦਾ ਮੂੰਹ ਬਕਬਕਾ ਹੋਇਆ ਪਿਆ ਸੀ। ਕਾਰਾਂ ਵਾਲੀ ਸੇਵਾ ਹੋ ਤਾਂ ਰਹੀ ਸੀ ਪਰ ਸਕਿਉਰਿਟੀ ਵਾਲਿਆਂ ਤੋਂ ਡਰਦਿਆਂ ਬਹੁਤੀ ਨਹੀਂ।

# ਹਜ਼ੂਰਾ ਸਿੰਘ ਜੱਜ ਸੁਰਗਵਾਸ



ਸ. ਹਜ਼ੂਰਾ ਸਿੰਘ

**ਸ਼ਿਕਾਗੋ (ਬਿਊਰੋ):** ਸ. ਹਜ਼ੂਰਾ ਸਿੰਘ ਜੱਜ ਲੰਘੀ 8 ਜੂਨ ਨੂੰ ਇਸ ਫਾਨੀ ਸੰਸਾਰ ਨੂੰ ਹਮੇਸ਼ਾਂ ਲਈ ਅਲਵਿਦਾ ਕਹਿ ਗਏ। ਉਹ ਕਰੀਬ 85 ਸਾਲ ਦੇ ਸਨ ਅਤੇ ਪੰਜਾਬ ਦੇ ਜਿਲਾ ਹੁਸ਼ਿਆਰਪੁਰ ਦੇ ਪਿੰਡ ਮਰਨਾਈਆਂ ਖੁਰਦ ਤੋਂ ਸਨ। ਉਹ ਆਪਣੇ ਪਿਛੇ ਇਕ ਪੁਤਰ ਇਕਬਾਲ ਸਿੰਘ ਜੱਜ (ਸ਼ਿਕਾਗੋ) ਅਤੇ ਦੋ ਧੀਆਂ ਰਣਵੀਰ ਕੌਰ ਬੈਂਸ (ਇੰਡੀਆ) ਅਤੇ ਹਰਪਾਲ ਕੌਰ ਨਿੱਜਰ (ਕੈਲੀਫੋਰਨੀਆ) ਤੋਂ ਇਲਾਵਾ ਪੋਤਰਿਆਂ-ਦੋਹਤਰਿਆਂ ਦਾ ਭਰਿਆ ਪਰਿਵਾਰ ਛਡ ਗਏ ਹਨ। ਉਨ੍ਹਾਂ ਦੇ ਪੁੱਤਰ ਸ. ਇਕਬਾਲ ਸਿੰਘ ਜੱਜ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਬਲਵਿੰਦਰ (ਬਾਬ) ਸਿੰਘ ਸੰਧੂ ਦੇ ਬਹਿਨੋਈ ਹਨ।

ਸ. ਹਜ਼ੂਰਾ ਸਿੰਘ ਦਾ ਸਸਕਾਰ ਵੀਰਵਾਰ 13 ਜੂਨ ਨੂੰ ਡੇਵਨਪੋਰਟ ਫਿਊਨਰਲ ਹੋਮ (419 ਈਸਟ ਟੈਰਾ ਕੋਟਾ ਰੋਡ, ਕਰਿਸਟਲ ਲੇਕ, ਇਲੀਨਾਏ) ਵਿਚ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤਕ ਹੋਵੇਗਾ। ਉਨ੍ਹਾਂ ਨਮਿਤ ਅੰਤਿਮ ਅਰਦਾਸ ਗੁਰਦੁਆਰਾ ਗੁਰਜੋਤਿ ਪ੍ਰਕਾਸ਼, ਆਈਲੈਂਡ ਲੇਕ (217 ਵੈਸਟ ਸਟੇਟ ਰੋਡ, ਫੋਨ: 847-526-5633) ਵਿਖੇ ਉਸੇ ਦਿਨ ਬਾਅਦ ਦੁਪਹਿਰ 3 ਵਜੇ ਤੋਂ 6 ਵਜੇ ਤਕ ਹੋਵੇਗੀ। ਪਰਿਵਾਰ ਨਾਲ ਸੰਪਰਕ ਕਰਨ ਲਈ ਫੋਨ 847-767-8649 ਰਾਹੀਂ ਕੀਤਾ ਜਾ ਸਕਦਾ ਹੈ।

# ਵੀਹ ਮਿੰਟ ਯੋਗ ਕਰਕੇ ਦਿਮਾਗ ਕਰੋ ਤੇਜ਼

**ਵਾਸ਼ਿੰਗਟਨ:** ਰੋਜ਼ਾਨਾ ਵੀਹ ਮਿੰਟ ਤੱਕ ਯੋਗ ਕਰਨ ਨਾਲ ਦਿਮਾਗ ਦੀ ਕਾਰਜ ਸਮਰੱਥਾ ਵਧਦੀ ਹੈ। ਯੂਨੀਵਰਸਿਟੀ ਟਿਲੀਨੋਇਸ ਦੀ ਵਿਦਿਆਰਥਣ ਨੇਹਾ ਗੋਥੇ ਤੇ ਉਸ ਦੇ ਸਹਿਪਾਠੀਆਂ ਵੱਲੋਂ ਕੀਤੇ ਇਸ ਨਵੇਂ ਅਧਿਐਨ ਮੁਤਾਬਕ ਰੋਜ਼ਾਨਾ ਵੀਹ ਮਿੰਟ ਯੋਗ ਕਰਨ ਨਾਲ ਦਿਮਾਗ ਤੇਜ਼ ਹੁੰਦਾ ਹੈ ਤੇ ਯਾਦਦਾਸ਼ਤ ਵਧਦੀ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਧਿਆਨ ਕੇਂਦਰਤ ਕਰਨ ਵਿਚ ਵੀ ਕਿਸੇ ਤਰ੍ਹਾਂ ਦੀ ਮੁਸ਼ਕਲ ਨਹੀਂ ਆਉਂਦੀ।

ਜਿਨ੍ਹਾਂ 'ਤੇ ਇਹ ਅਧਿਐਨ ਕੀਤਾ ਗਿਆ ਸੀ ਉਨ੍ਹਾਂ ਨੇ ਦੱਸਿਆ ਕਿ ਆਧੁਨਿਕ ਸਮੇਂ ਦੀ ਐਕਰੋਬਿਕ ਕਸਰਤ ਕਰਨ ਦੇ ਮੁਕਾਬਲੇ ਯੋਗ ਨਾਲ ਜ਼ਿਆਦਾ ਲਾਭ ਹੋਇਆ ਹੈ। ਇਹ ਅਧਿਐਨ ਨੌਜਵਾਨਾਂ, ਔਰਤਾਂ ਤੇ ਅੰਡਰ ਗਰੈਜੂਏਟ ਵਿਦਿਆਰਥੀਆਂ 'ਤੇ ਕੀਤਾ ਗਿਆ। ਅਧਿਐਨ ਵਿਚ ਦੱਸਿਆ ਗਿਆ ਹੈ ਯੋਗ ਪੁਰਾਤਨ ਭਾਰਤੀ ਵਿਗਿਆਨ ਹੈ। ਇਸ ਨਾਲ ਨਾ ਸਿਰਫ਼ ਸਰੀਰਕ ਸਮਰੱਥਾ ਵਧਦੀ ਹੈ ਸਗੋਂ ਦਿਮਾਗ ਵੀ ਜ਼ਿਆਦਾ ਸਮਰੱਥ ਬਣਦਾ ਹੈ। ਅਧਿਐਨ ਵੇਲੇ ਯੋਗ ਕਰਨ ਵਾਲਿਆਂ ਨੇ ਵੀਹ ਮਿੰਟ ਤੱਕ ਪਦਮਆਸਨ ਕਰਨ ਤੋਂ ਇਲਾਵਾ ਹੋਰ ਯੋਗ ਕਿਰਿਆਵਾਂ ਕੀਤੀਆਂ।

## ਭੁੱਲ ਦੀ ਸੋਧ

**ਪੰਜਾਬ ਟਾਈਮਜ਼ ਦੇ 8 ਜੂਨ ਦੇ ਅੰਕ ਵਿਚ ਸਫਾ 8 ਉਤੇ 'ਡੇਰਾ ਮੁਖੀ ਨੂੰ ਬਲਾਤਕਾਰ ਦੇ ਦੋਸ਼ ਵਿਚ ਸਜ਼ਾ' ਸੁਰਖੀ ਹੇਠ ਛਪੀ ਖਬਰ ਵਿਚ ਗਲਤੀ ਨਾਲ ਤਸਵੀਰ ਡੇਰਾ ਸੱਚਾ ਸੌਦਾ, ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੀ ਛਪ ਗਈ ਹੈ। ਸਾਨੂੰ ਇਸ ਗਲਤੀ ਉਪਰ ਡੂੰਘਾ ਅਫਸੋਸ ਹੈ। ਉਮੀਦ ਹੈ ਪਾਠਕ ਸਾਡੀ ਇਸ ਗਲਤੀ ਨੂੰ ਮੁਆਫ ਕਰਨਗੇ। ਅੱਗੇ ਤੋਂ ਅਸੀਂ ਵਧੇਰੇ ਸਾਵਧਾਨ ਰਹਿਣ ਦੀ ਕੋਸ਼ਿਸ਼ ਕਰਾਂਗੇ। -ਸੰਪਾਦਕ**

# ਕਲੀਵਲੈਂਡ ਵਿਚ ਤੀਜਾ ਖੇਡ ਮੇਲਾ 22 ਨੂੰ

**ਕਲੀਵਲੈਂਡ, ਓਹਾਇਓ (ਬਿਊਰੋ):** ਪੰਜਾਬ ਸਪੋਰਟਸ ਕਲੱਬ ਕਲੀਵਲੈਂਡ ਵਲੋਂ ਆਪਣਾ ਤੀਜਾ ਪੰਜਾਬੀ ਖੇਡ ਅਤੇ ਸਭਿਆਚਾਰਕ ਮੇਲਾ ਆਉਂਦੀ 22 ਜੂਨ ਸਨਿਚਰਵਾਰ ਨੂੰ ਲੌਂਗਵੁਡ ਪਾਰਕ, ਮਾਰਸੀਡੋਨੀਆ ਵਿਚ ਸਵੇਰੇ 8.30 ਵਜੇ ਤੋਂ ਸ਼ਾਮ 8 ਵਜੇ ਤਕ ਕਰਵਾਇਆ ਜਾ ਰਿਹਾ ਹੈ। ਇਸ ਖੇਡ ਮੇਲੇ ਦੌਰਾਨ ਕਬੱਡੀ ਅੰਡਰ-18, ਕਬੱਡੀ ਅੰਡਰ-21 ਅਤੇ ਕਬੱਡੀ ਓਪਨ ਤੋਂ ਇਲਾਵਾ ਵਾਲੀਬਾਲ ਮੈਚ ਵੀ ਕਰਵਾਏ ਜਾਣਗੇ, ਬੱਚਿਆਂ ਦੀਆਂ ਦੌੜਾਂ ਤੇ ਹੋਰ ਖੇਡਾਂ ਅਤੇ ਬੀਬੀਆਂ ਦੀਆਂ ਦੌੜਾਂ ਕਰਵਾਈਆਂ ਜਾਣਗੀਆਂ।

ਕਲੱਬ ਦੇ ਇਕ ਨੁਮਾਇੰਦੇ ਇਕਬਾਲ ਸਿੰਘ ਬੋਪਾਰਾਏ ਨੇ ਦੱਸਿਆ ਕਿ ਇਸ ਖੇਡ ਮੇਲੇ ਦੌਰਾਨ 'ਪੰਜਾਬੀ ਮੁਟਿਆਰ' ਤੇ 'ਪੰਜਾਬੀ ਗੱਭਰੂ' ਸੁੰਦਰਤਾ ਮੁਕਾਬਲੇ ਕਰਵਾਏ ਜਾਣਗੇ। ਇਸ ਤੋਂ ਇਲਾਵਾ ਓਹਾਇਓ ਸਟੇਟ ਯੂਨੀਵਰਸਿਟੀ ਦੀ ਭੰਗੜਾ ਟੀਮ ਭੰਗੜੇ ਦੇ ਜੌਹਰ ਦਿਖਾਏਗੀ। ਲੋਕ ਗਾਇਕ ਬਲਜੀਤ ਮਾਲਵਾ ਅਤੇ ਨਿੰਮਾ ਡਲੇਵਾਲ ਆਏ ਦਰਸ਼ਕਾਂ ਦਾ ਗੀਤ-ਸੰਗੀਤ ਰਾਹੀਂ ਮਨੋਰੰਜਨ ਕਰਨਗੇ। ਮੇਲੇ ਲਈ ਕੋਈ ਟਿਕਟ ਨਹੀਂ। ਪਾਰਕਿੰਗ ਅਤੇ ਖਾਣਾ ਵੀ ਮੁਫਤ ਹੋਣਗੇ। ਹੋਰ ਜਾਣਕਾਰੀ ਲਈ ਹਰਜੀਤ ਸਿੰਘ ਢਿਲੋਂ ਫੋਨ 216-244-5727 ਨਾਲ ਸੰਪਰਕ ਕੀਤਾ ਜਾ ਸਕਦਾ ਹੈ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
United Airlines
British Airways

Jet Airways, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

Travel Mart International
We offer lowest fares to India, Pakistan, Africa, Middle East & worldwide.
Best rates available with confirmed seats.
You tried the rest now try the best
Ph:773-764-3700
Fax # 773 751 5531 e-mail: travelmartintl@gmail.com
2600 W. Peterson Ave., Suite 103, Chicago Il 60659

Freeway Travel Inc
ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ

Call Raju
Tel: 773-973-0200
Fax: 773-973-0557
2542 W Devon Ave. Chicago IL 60659

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

Sistar Mortgage
Minimizing Cost, Maximizing Investment
www.SistarMortgage.com
Balbir (Bill) Grewal, Loan Officer
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
*Refinance up to 125% value of the house.
Loans Available In Most States!

>100% FHA Financing >Residential (Purchase & *Refinance) >Self Employed >Cash Out Refinance >Investment Property Loans >Jumbo Loans >Commercial Property With Business or Business Only

Law Office of Navdeep S. Jhaj
Immigration Law Attorney
General Legal Practice
>Estate Planning >Personal Injury >Bankruptcy

Navdeep S. Jhaj
Member, American Immigration Lawyers Association
ਅਸੀਂ ਹੇਠ ਲਿਖੀਆਂ ਸੇਵਾਵਾਂ ਮੁਹੱਈਆ ਕਰਦੇ ਹਾਂ
■ਇਮੀਗਰੇਸ਼ਨ ■ਜਨਰਲ ਲਾਅ
■ਪਰਸਨਲ ਇੰਜਰੀ ■ਬੈਂਕਰਪਸੀ ■ਐਸਟੇਟ ਪਲਾਨਿੰਗ
1930 W Hubbard, 2nd Floor, Chicago, IL 60622
Voice: 312.404.8893, Fax: 312.243.2277
email: navjhaj@me.com

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਦਿੱਲੀ ਯਾਦਗਾਰ ਬਾਰੇ ਫਿਰ ਸਿੰਗ ਫਸੇ

*(ਸਫਾ ਇਕ ਦੀ ਬਾਕੀ)*

ਇਜਾਜ਼ਤ ਦੇ ਬਗੈਰ ਗੁਰਦੁਆਰਾ ਰਕਾਬ ਗੰਜ ਵਿਚ ਕਿਸੇ ਕਿਸਮ ਦੀ ਉਸਾਰੀ ਨਾ ਕਰਨ ਦਿੱਤੀ ਜਾਵੇ। ਦਿੱਲੀ ਪੁਲਿਸ ਦੇ ਅਧਿਕਾਰੀਆਂ ਨੇ ਸਰਕਾਰੀ ਵਿਭਾਗਾਂ ਤੋਂ ਇਜਾਜ਼ਤ ਲਏ ਬਿਨਾਂ ਇਹ ਉਸਾਰੀ ਕੀਤੇ ਜਾਣ ਕਾਰਨ ਕਮੇਟੀ ਦੇ ਪ੍ਰਬੰਧਕਾਂ ਨੂੰ ਚਿਤਾਵਨੀ ਦਿਤੀ ਹੈ ਕਿ ਜੇ ਬਿਨਾਂ ਇਜਾਜ਼ਤ ਕੋਈ ਉਸਾਰੀ ਕੀਤੀ ਗਈ ਤਾਂ ਉਨ੍ਹਾਂ ਨੂੰ ਪੰਜ ਹਜ਼ਾਰ ਰੁਪਏ ਜੁਰਮਾਨਾ ਜਾਂ ਛੇ ਮਹੀਨੇ ਦੀ ਕੈਦ ਜਾਂ ਦੋਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਨਵੀਂ ਦਿੱਲੀ ਨਗਰ ਨਿਗਮ (ਐਨ.ਡੀ.ਐਮ.ਸੀ.) ਨੇ ਵੀ ਸ਼ਹੀਦਾਂ ਦੀ ਯਾਦਗਾਰ ਦੀ ਉਸਾਰੀ 'ਤੇ ਇਤਰਾਜ਼ ਪ੍ਰਗਟਾਇਆ ਹੈ। ਨਿਗਮ ਨੇ ਸੰਸਦ ਸਾਹਮਣੇ ਗੁਰਦੁਆਰਾ ਰਕਾਬਗੰਜ ਦੇ ਗੇਟ 'ਤੇ ਯਾਦਗਾਰ ਦਾ ਨੀਂਹ-ਪੱਥਰ ਲਾਉਣ ਵਾਸਤੇ ਬਣਾਏ ਜਾਣ ਵਾਲੇ ਥੜ੍ਹੇ 'ਤੇ ਦਿੱਲੀ ਪੁਲਿਸ ਦੇ ਸਹਿਯੋਗ ਨਾਲ ਕਾਰਨ ਦੱਸੋ ਨੋਟਿਸ ਚਿਪਕਾ ਕੇ ਯਾਦਗਾਰ ਦੇ ਕੰਮ ਨੂੰ ਰੋਕਣ ਦਾ ਆਦੇਸ਼ ਦੇ ਦਿੱਤਾ।

ਇਸ ਬਾਰੇ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਦਾ ਕਹਿਣਾ ਹੈ ਕਿ ਗੁਰਦੁਆਰਾ ਕਮੇਟੀ ਕਿਸੇ ਇਮਾਰਤ ਦਾ ਨਿਰਮਾਣ ਨਹੀਂ ਕਰਵਾ ਰਹੀ ਜਿਸ ਲਈ ਉਸ ਨੂੰ ਸਰਕਾਰੀ ਵਿਭਾਗਾਂ ਕੋਲੋਂ ਅਗਾਊਂ ਇਜਾਜ਼ਤ ਲੈਣੀ ਪਵੇ। ਗੁਰਦੁਆਰਾ ਰਕਾਬ ਗੰਜ ਵਿਚ ਸਿਰਫ ਸਮਾਰਕ ਬਣਨਾ ਹੈ ਤੇ ਕਾਨੂੰਨ ਮੁਤਾਬਕ ਧਾਰਮਿਕ ਅਸਥਾਨਾਂ ਨੂੰ ਆਪਣੇ ਕੰਪਲੈਕਸਾਂ ਵਿਚ ਅਜਿਹੀ ਉਸਾਰੀ ਲਈ ਕਿਸੇ ਵਿਭਾਗ ਤੋਂ ਇਜਾਜ਼ਤ ਲੈਣ ਦੀ ਲੋੜ ਨਹੀਂ ਹੁੰਦੀ। ਜੇ ਫਿਰ ਵੀ ਕਿਸੇ ਦਬਾਅ ਹੇਠ ਦਿੱਲੀ ਪੁਲਿਸ ਕਮੇਟੀ ਪ੍ਰਬੰਧਕਾਂ ਖਿਲਾਫ ਕੋਈ ਕਾਰਵਾਈ ਕਰਦੀ ਹੈ ਤਾਂ ਉਹ ਉਸ ਦਾ ਸਾਹਮਣਾ ਕਰਨ ਤੋਂ ਪਿੱਛੇ ਨਹੀਂ ਹਟਣਗੇ ਪਰ ਯਾਦਗਾਰ ਦੀ ਉਸਾਰੀ ਨੂੰ ਰੁਕਣ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਦਾ ਕਹਿਣਾ ਹੈ ਕਿ ਪਿਛਲੇ ਸਾਲ ਵੀ ਪੰਜ ਨਵੰਬਰ ਨੂੰ ਪੰਜਾਬੀ ਬਾਗ 'ਤੇ ਬਣਨ ਵਾਲੇ 1984 ਸਿੱਖ ਮੈਮੋਰੀਅਲ ਪਾਰਕ ਦਾ ਉਦਘਾਟਨੀ ਪ੍ਰੋਗਰਾਮ ਦਿੱਲੀ ਨਗਰ ਨਿਗਮ ਵੱਲੋਂ ਮਨਜ਼ੂਰੀ ਮਿਲਣ ਦੇ ਬਾਵਜੂਦ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਦੇ ਹੁਕਮਾਂ ਤਹਿਤ ਦਿੱਲੀ ਪੁਲਿਸ ਦੀ ਮਦਦ ਨਾਲ ਰੁਕਵਾਇਆ ਗਿਆ ਸੀ ਤੇ ਹੁਣ ਇਕ ਵਾਰ ਫਿਰ ਦਿੱਲੀ ਸਰਕਾਰ ਦੀ ਸ਼ਹਿ 'ਤੇ ਨਵੀਂ ਦਿੱਲੀ ਨਗਰ ਨਿਗਮ ਨੇ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਵਿਚ ਬਣਨ ਵਾਲੀ ਯਾਦਗਾਰ ਨੂੰ ਰੁਕਵਾਉਣ ਵਾਸਤੇ ਅੜਿੱਕਾ ਪਾਇਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਦਿੱਲੀ ਦੀ ਕਾਂਗਰਸ ਸਰਕਾਰ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਆਖਿਆ ਕਿ ਇਕ ਪਾਸੇ ਤਾਂ ਸਿੱਖਾਂ ਨੂੰ ਮਾਰਿਆ ਗਿਆ ਹੈ ਤੇ ਦੂਜੇ ਪਾਸੇ ਅਫਸੋਸ ਕਰਨ ਦਾ ਹੱਕ ਵੀ ਖੋਹਿਆ ਜਾ ਰਿਹਾ ਹੈ। ਉਨ੍ਹਾਂ ਦਿੱਲੀ ਕਮੇਟੀ ਦੇ ਆਗੂਆਂ ਨੂੰ ਆਖਿਆ ਕਿ ਇਸ ਉਸਾਰੀ ਨੂੰ ਮੁਕੰਮਲ ਕਰਨ ਲਈ ਜੇ ਕਾਨੂੰਨੀ ਚਾਰਾਜੋਈ ਦੀ ਲੋੜ ਹੈ ਤਾਂ ਉਹ ਵੀ ਢੰਗ ਤਰੀਕਾ ਜ਼ਰੂਰ ਅਪਨਾਉਣਾ ਚਾਹੀਦਾ ਹੈ।

ਸ਼੍ਰੋਮਣੀ ਅਕਾਲੀ ਦਲ (ਬ) ਨੇ ਆਖਿਆ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਨੂੰ ਯਾਦਗਾਰ ਦਾ ਨੀਂਹ ਪੱਥਰ ਰੱਖਣ ਵਿਰੁੱਧ ਧਮਕੀ ਦਿੱਤੇ ਜਾਣ ਨਾਲ ਕਾਂਗਰਸ ਪਾਰਟੀ ਦਾ ਰੂਪ ਉਜਾਗਰ ਹੋ ਗਿਆ ਹੈ। ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੋਸ਼ ਲਾਇਆ ਕਿ ਇਸ ਕਾਰਵਾਈ ਪਿੱਛੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਦਾ ਹੱਥ ਹੈ। ਇਸ ਬੰਦੇ ਦੀ ਹਮੇਸ਼ਾ ਕਾਂਗਰਸ ਨਾਲ ਗੰਢਤੁਪ ਰਹੀ ਹੈ।

ਉਧਰ, ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਮੁਖੀ ਪਰਮਜੀਤ ਸਿੰਘ ਸਰਨਾ ਨੇ ਦੋਸ਼ ਲਾਇਆ ਕਿ ਬਾਦਲ ਦਲ ਦੇ ਆਗੂ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਸਿਆਸੀ ਲਾਹਾ ਖੱਟਣ ਲਈ ਗੁੰਮਰਾਹਕੁਨ ਢੰਗ ਨਾਲ ਲੋਕਾਂ ਦੀਆਂ ਭਾਵਨਾਵਾਂ ਭੜਕਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਪਿਛਲੇ ਲੰਮੇ ਸਮੇਂ ਤੋਂ ਬਾਦਲ ਸਰਕਾਰ ਸੱਤਾ ਵਿਚ ਹੈ ਪਰ ਬਾਦਲ ਦਲ ਦੇ ਆਗੂਆਂ ਨੇ ਕਤਲੇਆਮ ਪੀੜਤਾਂ ਦੀ ਮਦਦ ਲਈ ਕੁਝ ਵੀ ਨਹੀਂ ਕੀਤਾ। ਉਨ੍ਹਾਂ ਸਪਸ਼ਟ ਕੀਤਾ ਕਿ ਅਕਾਲੀ ਦਲ (ਦਿੱਲੀ) ਨੂੰ ਕਿਸੇ ਢੁਕਵੀਂ ਥਾਂ 'ਤੇ ਇਹ ਯਾਦਗਾਰ ਬਣਾਏ ਜਾਣ 'ਤੇ ਕੋਈ ਇਤਰਾਜ਼ ਨਹੀਂ।

# ਸਿੱਖ ਖਾੜਕੂਵਾਦ ਬਾਰੇ ਸ਼ਿੰਦੇ ਦੇ ਬਿਆਨ ਨਾਲ ਮੁੱਦਾ ਭਖਿਆ

*(ਸਫਾ ਇਕ ਦੀ ਬਾਕੀ)*

ਦਹਿਸ਼ਤਗਰਦੀ ਉਭਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਗੁਆਂਢੀ ਮੁਲਕ ਨੇ ਕਿਹਾ ਹੈ ਕਿ ਅਜਿਹੀ ਬਿਆਨਬਾਜ਼ੀ ਨਾਲ ਦੋਵੇਂ ਮੁਲਕਾਂ ਦੇ ਰਿਸ਼ਤੇ ਸੁਖਾਵੇਂ ਬਣਾਉਣ ਦੀਆਂ ਕੋਸ਼ਿਸ਼ਾਂ ਨੂੰ ਸੱਟ ਵੱਜ ਸਕਦੀ ਹੈ। ਇਸੇ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖਾਂ ਦੀਆਂ ਕਈ ਗਰਮ ਖਿਆਲ ਜਥੇਬੰਦੀਆਂ ਨੇ ਵੀ ਕੇਂਦਰ ਸਰਕਾਰ ਦੀ ਖਾੜਕੂਵਾਦ ਬਾਰੇ ਬਿਆਨਬਾਜ਼ੀ 'ਤੇ ਸਖ਼ਤ ਇਤਰਾਜ਼ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਸ੍ਰੀ ਸ਼ਿੰਦੇ ਦੇ ਬਿਆਨ ਨੂੰ ਤੱਥਾਂ ਤੋਂ ਰਹਿਤ ਦੱਸਦਿਆਂ ਕਿਹਾ ਕਿ ਪੰਜਾਬ ਵਿਚ ਇਸ ਵੇਲੇ ਸ਼ਾਂਤੀ ਹੈ। 1984 ਦੇ ਸਿੱਖ ਕਤਲੇਆਮ ਦੇ 29 ਸਾਲ ਬੀਤ ਜਾਣ 'ਤੇ ਵੀ ਇਨਸਾਫ ਨਾ ਮਿਲਣ ਕਾਰਨ ਸਿੱਖਾਂ ਵੱਲੋਂ ਕਾਂਗਰਸ ਪਾਰਟੀ ਦਾ ਵਿਰੋਧ ਕੀਤਾ ਜਾ ਰਿਹਾ ਹੈ। ਇਸੇ ਕਰ ਕੇ ਸ੍ਰੀ ਸ਼ਿੰਦੇ ਨੇ ਸਿੱਖਾਂ ਨੂੰ ਬਦਨਾਮ ਕਰਨ ਲਈ ਇਹ ਬਿਆਨ ਦਿੱਤਾ ਹੈ ਤਾਂ ਜੋ ਦਿੱਲੀ ਵਿਚ ਕਤਲ ਕੀਤੇ ਗਏ ਹਜ਼ਾਰਾਂ ਨਿਰਦੋਸ਼ ਸਿੱਖਾਂ ਦੀ ਯਾਦ ਵਿਚ ਬਣ ਰਹੀ ਯਾਦਗਾਰ ਨੂੰ ਰੋਕਿਆ ਜਾ ਸਕੇ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਵਿਚਲੀ ਕਾਂਗਰਸ ਸਰਕਾਰ ਹਮੇਸ਼ਾ ਹੀ ਪੰਜਾਬ ਨਾਲ ਵਿਤਕਰਾ ਕਰਦੀ ਆਈ ਹੈ ਤੇ ਸ੍ਰੀ ਸ਼ਿੰਦੇ ਦਾ ਬਿਆਨ ਸੋਚੀ ਸਮਝੀ ਸਿਆਸੀ ਸਾਜ਼ਿਸ਼ ਹੈ। ਅਕਾਲੀ ਦਲ ਦਿੱਲੀ ਦੇ ਮੁਖੀ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਅਤਿਵਾਦ ਬਹੁਤ ਸੰਵੇਦਨਸ਼ੀਲ ਮੁੱਦਾ ਹੈ ਤੇ ਗ੍ਰਹਿ ਮੰਤਰੀ ਨੂੰ ਬਿਨਾਂ ਸਬੂਤਾਂ ਦੇ ਅਜਿਹਾ ਬਿਆਨ ਨਹੀਂ ਦੇਣਾ ਚਾਹੀਦਾ ਤੇ ਜੇ ਅਜਿਹਾ ਹੈ ਤਾਂ ਪੁਖਤਾ ਸਬੂਤ ਜ਼ਰੂਰ ਦਿੱਤੇ ਜਾਣੇ ਚਾਹੀਦੇ ਹਨ। ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਕਿਹਾ ਕਿ ਪੰਜਾਬ ਵਿਚ ਮੁਕੰਮਲ ਸ਼ਾਂਤੀ ਵਾਲੇ ਮਾਹੌਲ ਦੇ ਚਲਦਿਆਂ ਕੇਂਦਰੀ ਗ੍ਰਹਿ ਮੰਤਰੀ ਦਾ ਅਜਿਹਾ ਬਿਆਨ ਕੋਰਾ ਸਿਆਸਤ ਤੋਂ ਪ੍ਰੇਰਿਤ ਨਜ਼ਰ ਆਉਂਦਾ ਹੈ। ਦਲ ਖਾਲਸਾ ਦੇ ਬੁਲਾਰੇ ਭਾਈ ਕੰਵਰਪਾਲ ਸਿੰਘ ਅਨੁਸਾਰ ਦੇਸ਼ ਵਿਚ ਜਦ ਵੀ ਅਤਿਵਾਦ ਬਾਰੇ ਗੱਲ ਹੋਈ ਹੈ ਤਾਂ ਇਹ ਨਿਸ਼ਚਿਤ ਕੀਤਾ ਗਿਆ ਹੈ ਕਿ ਅਤਿਵਾਦ ਦਾ ਕੋਈ ਧਰਮ ਨਹੀਂ, ਪਰ ਇਸ ਦੇ ਬਾਵਜੂਦ ਖੁਦ ਦੇਸ਼ ਦੇ ਗ੍ਰਹਿ ਮੰਤਰੀ ਵੱਲੋਂ ਕਿਸੇ ਵਿਸ਼ੇਸ਼ ਧਰਮ ਦਾ ਨਾਂ ਲੈਂਦਿਆਂ ਅਤਿਵਾਦ ਨਾਲ ਜੋੜਨਾ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਬਿਆਨ ਦਾ ਸਖ਼ਤ ਨੋਟਿਸ ਲਿਆ ਜਾਣਾ ਚਾਹੀਦਾ ਹੈ। ਸ਼੍ਰੋਮਣੀ ਅਕਾਲੀ ਦਲ (ਬ) ਨੇ ਇਸ ਬਾਰੇ ਟਿੱਪਣੀ ਕੀਤੀ ਹੈ ਕਿ ਕੇਂਦਰੀ ਮੰਤਰੀ ਦਾ ਅਜਿਹਾ ਬਿਆਨ ਸਿੱਖਾਂ ਦਾ ਗਲਤ ਅਕਸ ਪੈਦਾ ਕਰਨ ਲਈ ਕੀਤੀ ਜਾ ਰਹੀ ਰਾਜਨੀਤੀ ਤੋਂ ਪ੍ਰੇਰਿਤ ਹੈ ਜਦੋਂਕਿ ਪੰਜਾਬ ਦੇ ਗ੍ਰਹਿ ਮੰਤਰੀ ਤੇ ਪੁਲਿਸ ਮੁਖੀ ਪਹਿਲਾਂ ਹੀ ਅਜਿਹੀ ਕਿਸੇ ਹਿਲਜੁਲ ਨੂੰ ਨਕਾਰ ਚੁੱਕੇ ਹਨ। ਗੈਰ ਕਾਂਗਰਸੀ ਸਰਕਾਰਾਂ ਵਾਲੇ ਸੂਬਿਆਂ ਵਿਚ ਅਜਿਹਾ ਕਰ ਕੇ ਅਸਥਿਰਤਾ ਲਿਆਉਣੀ ਕਾਂਗਰਸ ਦਾ ਮੰਤਵ ਲੱਗ ਰਿਹਾ ਹੈ। ਪੰਜਾਬ ਵਿਚ ਅਕਾਲੀ ਦਲ ਦੀ ਭਾਈਵਾਲ ਭਾਜਪਾ ਦੇ ਸੁਬਾਈ ਮੀਤ ਪ੍ਰਧਾਨ ਰਜਿੰਦਰ ਮੋਹਨ ਸਿੰਘ ਛੀਨਾ ਨੇ ਕਿਹਾ ਕਿ ਸਿੱਖ ਅਮਨਪਸੰਦ ਕੌਮ ਹੈ ਜਿਸ ਵਿਚ ਅਤਿਵਾਦ ਨੂੰ ਹਮੇਸ਼ਾਂ ਹੀ ਨਫ਼ਰਤ ਦੀ ਨਿਗ੍ਹਾ ਨਾਲ ਵੇਖਿਆ ਜਾਂਦਾ ਹੈ। ਕਿਸੇ ਵੀ ਧਰਮ ਨੂੰ ਅਤਿਵਾਦ ਨਾਲ ਜੋੜਨਾ ਠੀਕ ਨਹੀਂ।

## ਪਾਕਿ ਸੁਪਰੀਮ ਕੋਰਟ ਨੂੰ ਗੁਰਧਾਮਾਂ ਬਾਰੇ ਅਪੀਲ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਪਾਕਿਸਤਾਨ ਦੀ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਹੈ ਕਿ ਉਥੇ ਗੁਰਧਾਮਾਂ ਦੀਆਂ ਜਾਇਦਾਦਾਂ ਨੂੰ ਖੁਰਦ ਬੁਰਦ ਕਰਾਉਣ ਦੇ ਮਾਮਲੇ ਦੀ ਜਾਂਚ ਕਰਾਈ ਜਾਵੇ। ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਪਾਕਿਸਤਾਨ ਦੀ ਸੁਪਰੀਮ ਕੋਰਟ ਵੱਲੋਂ ਔਕਾਫ ਬੋਰਡ ਦੇ ਚੇਅਰਮੈਨ ਖਿਲਾਫ ਦਿੱਤੇ ਫੈਸਲੇ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਆਖਿਆ ਕਿ ਔਕਾਫ ਬੋਰਡ ਦਾ ਇਹ ਚੇਅਰਮੈਨ ਸਈਅਦ ਆਸਿਫ ਹਾਸ਼ਮੀ ਗੈਰ ਸਿੱਖ ਵਿਅਕਤੀ ਸੀ ਜਿਸ ਦੀ ਨਿਯੁਕਤੀ ਸਮੇਂ ਵੀ ਸ਼੍ਰੋਮਣੀ ਕਮੇਟੀ ਨੇ ਇਤਰਾਜ਼ ਪ੍ਰਗਟਾਇਆ ਸੀ। ਇਸ ਨੇ ਔਕਾਫ ਬੋਰਡ ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਂਝੇ ਖਾਤੇ ਵਿਚੋਂ ਸੌ ਕਰੋੜ ਰੁਪਏ ਦੋ ਕੰਪਨੀਆਂ ਨੂੰ ਦਿੱਤੇ ਹਨ। ਉਨ੍ਹਾਂ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਹੈ ਕਿ ਗੁਰਧਾਮਾਂ ਦੀਆਂ ਜ਼ਮੀਨਾਂ ਬਾਰੇ ਮੁਕੰਮਲ ਜਾਂਚ ਕਰਵਾਈ ਜਾਵੇ।

# ਸ੍ਰੀਲੰਕਾ ਵਿਚ ਗੁਰਦੁਆਰਾ ਬਣਾਏਗੀ ਸ਼੍ਰੋਮਣੀ ਕਮੇਟੀ

**ਲੁਧਿਆਣਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਸ੍ਰੀਲੰਕਾ ਵਿਚ ਸ੍ਰੀ ਗੁਰੂ ਨਾਨਕ ਦੇਵ ਨਾਲ ਸਬੰਧਤ ਸਥਾਨ ਸੰਗਲਦੀਪ ਵਿਚ ਗੁਰਦੁਆਰਾ ਸਾਹਿਬ ਦਾ ਨਿਰਮਾਣ ਕਰਵਾਇਆ ਜਾਵੇਗਾ। ਇਤਿਹਾਸਕ ਤੱਥ ਅਨੁਸਾਰ ਇਸ ਸਥਾਨ ਉਤੇ ਸ੍ਰੀ ਗੁਰੂ ਨਾਨਕ ਦੇਵ ਦੀ ਰਾਜਾ ਸ਼ਿਵਨਾਥ ਨਾਲ ਮੁਲਾਕਾਤ ਹੋਈ ਸੀ। ਉਸ ਸਥਾਨ ਉੱਪਰ ਉਸ ਵੇਲੇ ਦਾ ਇਕ ਪੁਰਬ ਦਰਖਤ ਅੱਜ ਵੀ ਮੌਜੂਦ ਹੈ। ਇਸ ਬਾਰੇ ਖੋਜ ਸ੍ਰੀ ਅਸ਼ੋਕ ਕੈਂਥ ਵੱਲੋਂ ਕੀਤੀ ਗਈ ਹੈ।

ਜਥੇਦਾਰ ਮੱਕੜ ਨੇ ਕਿਹਾ ਕਿ ਸ੍ਰੀਲੰਕਾ ਵਿਚ ਸ੍ਰੀ ਗੁਰੂ ਨਾਨਕ ਦੇਵ ਦੇ ਚਰਨ-ਛੋਹ ਅਸਥਾਨ ਦੀ ਖੋਜ ਕਰਨ ਵਾਲੇ ਸ੍ਰੀ ਅਸ਼ੋਕ ਕੈਂਥ ਵੱਲੋਂ ਕੀਤੀ ਗਈ ਖੋਜ ਨੂੰ ਪ੍ਰਮਾਣਿਤ ਕਰਨ ਤੇ ਖੋਜ ਕਾਰਜ ਹੋਰ ਅੱਗੇ ਵਧਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਬਣਾਏ ਗਏ ਸਿੱਖ ਇਤਿਹਾਸ ਰਿਸਰਚ ਬੋਰਡ ਦੇ ਮੈਂਬਰਾਂ ਵੱਲੋਂ ਜਲਦੀ ਹੀ ਸ੍ਰੀ ਕੈਂਥ ਨਾਲ ਮੀਟਿੰਗ ਕੀਤੀ ਜਾਵੇਗੀ। ਜਥੇਦਾਰ ਮੱਕੜ ਨੇ ਕਿਹਾ ਕਿ ਸ੍ਰੀਲੰਕਾ ਦੀ ਸਰਕਾਰ ਵੱਲੋਂ ਇਸ ਇਤਿਹਾਸਕ ਸਥਾਨ ਦੇ ਦਰਸ਼ਨ ਕਰਨ ਲਈ ਉਨ੍ਹਾਂ ਨੂੰ ਪੱਤਰ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸਿੱਖ ਰਿਸਰਚ ਬੋਰਡ ਵੱਲੋਂ ਇਸ ਖੋਜ ਨੂੰ ਪ੍ਰਮਾਣਿਤ ਕਰਨ ਉਪਰੰਤ ਸ੍ਰੀਲੰਕਾ ਵਿਚ ਗੁਰਦੁਆਰਾ ਸਾਹਿਬ ਦਾ ਨਿਰਮਾਣ ਕਰਵਾਇਆ ਜਾਵੇਗਾ।

## ਹੇਮਕੁੰਟ ਸਾਹਿਬ ਤੋਂ ਪਰਤ ਰਹੇ ਚਾਰ ਸ਼ਰਧਾਲੂਆਂ ਦੀ ਮੌਤ

**ਗੋਪੇਸ਼ਵਰ:** ਪੰਜਾਬ ਤੋਂ ਹੇਮਕੁੰਟ ਸਾਹਿਬ ਗਏ ਚਾਰ ਸ਼ਰਧਾਲੂਆਂ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ। ਉਨ੍ਹਾਂ ਦੀ ਜੀਪ ਚਮੋਲੀ ਜ਼ਿਲ੍ਹੇ ਵਿਚ ਇਕ ਖੱਡ ਵਿਚ ਡਿੱਗ ਗਈ। ਇਸ ਹਾਦਸੇ ਵਿਚ ਪੰਜ ਹੋਰ ਵਿਅਕਤੀ ਜ਼ਖ਼ਮੀ ਹੋ ਗਏ। ਇਹ ਪਤਾ ਨਹੀਂ ਲੱਗ ਸਕਿਆ ਕਿ ਉਹ ਪੰਜਾਬ ਦੇ ਕਿਸ ਖੇਤਰ ਨਾਲ ਸਬੰਧਤ ਸਨ। ਹੇਮਕੁੰਟ ਸਾਹਿਬ ਤੋਂ ਪਰਤਦਿਆਂ ਮਾਰਵਾੜੀ ਤੇ ਜੋਸ਼ੀਮੱਠ ਦੇ ਵਿਚਾਲੇ ਇਹ ਹਾਦਸਾ ਵਾਪਰਿਆ। ਇਹ ਵਾਹਨ ਅਲਕਨੰਦਾ ਦਰਿਆ ਦੇ ਕੰਢੇ ਸੜਕ ਤੋਂ ਤਿਲਕ ਕੇ ਡੂੰਘੀ ਖੱਡ ਵਿਚ ਜਾ ਡਿੱਗਿਆ ਜਿਸ ਕਾਰਨ ਚਾਰ ਵਿਅਕਤੀਆਂ ਦੀ ਥਾਏਂ ਹੀ ਮੌਤ ਹੋ ਗਈ।

# ਭਾਰਤ ਨੂੰ ਇਰਾਨੀ ਤੇਲ ਬਾਰੇ ਪਾਬੰਦੀਆਂ ਤੋਂ ਛੋਟ

**ਵਾਸ਼ਿੰਗਟਨ:** ਅਮਰੀਕਾ ਨੇ ਭਾਰਤ ਸਮੇਤ ਇਰਾਨ ਤੋਂ ਤੇਲ ਖਰੀਦਣ ਵਾਲੇ ਨੌਂ ਮੁਲਕਾਂ ਨੂੰ ਛੇ ਮਹੀਨਿਆਂ ਲਈ ਮਾਲੀ ਪਾਬੰਦੀਆਂ ਤੋਂ ਛੋਟ ਦੇ ਦਿੱਤੀ ਹੈ। ਅਮਰੀਕਾ ਨੇ ਕਿਹਾ ਹੈ ਕਿ ਭਾਰਤ ਤੇ ਚੀਨ ਸਮੇਤ ਇਨ੍ਹਾਂ ਨੌਂ ਮੁਲਕਾਂ ਨੇ ਤੇਲ ਦੇ ਮਾਮਲੇ ਵਿਚ ਇਰਾਨ 'ਤੇ ਆਪਣੀ ਨਿਰਭਰਤਾ ਕਾਫੀ ਘਟਾ ਲਈ ਹੈ। ਅਮਰੀਕੀ ਵਿਦੇਸ਼ ਮੰਤਰੀ ਜੋਹਨ ਕੈਰੀ ਨੇ ਕਿਹਾ ਕਿ ਇਹ ਮੁਲਕ ਅਮਰੀਕਾ ਦੇ ਇਰਾਨ ਉਤੇ ਪਾਬੰਦੀਆਂ ਬਾਰੇ ਐਕਟ ਤਹਿਤ ਛੋਟ ਦੇ ਹੱਕਦਾਰ ਹਨ।

ਇਸ ਸੂਚੀ ਵਿਚਲੇ ਹੋਰ ਮੁਲਕਾਂ ਵਿਚ ਮਲੇਸ਼ੀਆ, ਦੱਖਣੀ ਕੋਰੀਆ, ਸਿੰਗਾਪੁਰ, ਦੱਖਣੀ ਅਫਰੀਕਾ, ਸ੍ਰੀਲੰਕਾ, ਤੁਰਕੀ ਤੇ ਤਾਇਵਾਨ ਸ਼ਾਮਲ ਹਨ। ਸ੍ਰੀ ਕੈਰੀ ਨੇ ਕਿਹਾ ਕਿ ਅਮਰੀਕਾ ਤੇ ਕੌਮਾਂਤਰੀ ਭਾਈਚਾਰਾ ਉਦੋਂ ਤੱਕ ਇਰਾਨ ਉਤੇ ਦਬਾਅ ਬਣਾਉਣ ਲਈ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ ਜਦੋਂ ਤੱਕ ਉਸ ਮੁਲਕ ਵੱਲੋਂ ਆਪਣੇ ਪਰਮਾਣੂ ਪ੍ਰੋਗਰਾਮ ਬਾਰੇ ਫਿਕਰਾਂ ਦਾ ਨਿਬੇੜਾ ਨਹੀਂ ਕੀਤਾ ਜਾਂਦਾ। ਇਸ ਛੋਟ ਦਾ ਮਤਲਬ ਹੈ ਕਿ ਇਨ੍ਹਾਂ ਮੁਲਕਾਂ ਦੇ ਮਾਲੀ ਅਦਾਰੇ ਛੇ ਮਹੀਨੇ ਹੋਰ ਅਮਰੀਕੀ ਮਾਲੀ ਪ੍ਰਬੰਧ ਦੀਆਂ ਰੋਕਾਂ ਤੋਂ ਬਚੇ ਰਹਿਣਗੇ।

ਜ਼ਿਕਰਯੋਗ ਹੈ ਕਿ ਭਾਰਤ ਨੇ 31 ਮਾਰਚ ਨੂੰ ਖਤਮ ਹੋਏ ਮਾਲੀ ਸਾਲ ਦੌਰਾਨ ਇਰਾਨ ਤੋਂ ਕੱਚੇ ਤੇਲ ਦੀ ਦਰਾਮਦ 26.5 ਫੀਸਦੀ ਘਟਾ ਦਿੱਤੀ ਸੀ ਕਿਉਂਕਿ ਅਮਰੀਕਾ ਤੇ ਯੂਰਪੀ ਯੂਨੀਅਨ ਦੇ ਮੁਲਕਾਂ ਨੇ ਫਾਰਸ ਦੀ ਖਾੜੀ ਦੇ ਇਲਾਕੇ ਵਿਚੋਂ ਤੇਲ ਦੀ ਢੋਆ-ਢੁਆਈ ਵਿਚ ਅੜਿੱਕੇ ਪੈਦਾ ਕਰ ਦਿੱਤੇ ਸਨ। ਭਾਰਤ ਨੇ 2012-13 ਵਿਚ ਇਰਾਨ ਤੋਂ ਤਕਰੀਬਨ 1.33 ਕਰੋੜ ਟਨ ਕੱਚਾ ਤੇਲ ਮੰਗਵਾਇਆ ਜੋ ਇਸ ਤੋਂ ਪਿਛਲੇ ਸਾਲ 1.81 ਕਰੋੜ ਟਨ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ

ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# Matrimonials

*ਕੰਨਿਆ ਦੀ ਲੋੜ ਹੈ*

ਜੱਟ ਸਿੱਖ ਇਲੈਕਟਰੀਕਲ ਇੰਜੀਨੀਅਰ, ਉਮਰ 26 ਸਾਲ, ਕੱਦ 5'-7" ਅਮਰੀਕੀ ਸਿਟੀਜ਼ਨ ਲੜਕੇ ਲਈ ਅਮਰੀਕਾ ਰਹਿੰਦੀ ਪ੍ਰੋਫੈਸ਼ਨਲ ਜੱਟ ਸਿੱਖ ਲੜਕੀ ਦੀ ਲੋੜ ਹੈ। ਸਟੱਡੀ ਵੀਜ਼ੇ 'ਤੇ ਆਈ ਲੜਕੀ 'ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ: 209-675-5441

*(22-4)*

ਜੱਟ ਸਿੱਖ ਅਮਰੀਕਾ ਵਿਚ ਜੰਮੇ-ਪਲੇ ਸੁਹਣੇ-ਸੁਣੱਖੇ ਉਮਰ 30 ਸਾਲ ਕੱਦ 6 ਫੁਟ, ਖੱਬੀ ਲੱਤ ਵਿਚ ਥੋੜੇ ਨੁਕਸ ਵਾਲੇ ਲੜਕੇ ਲਈ ਅਮਰੀਕਾ/ਕੈਨੇਡਾ ਜੰਮੀ/ਪਲੀ ਲੜਕੀ ਚਾਹੀਦੀ ਹੈ। ਸੰਪਰਕ ਕਰੋ: ਫੋਨ 925-778-0353

*(21-1)*

ਜੱਟ ਸਿੱਖ ਚੀਮਾ, ਅਮਰੀਕੀ ਗਰੀਨ ਕਾਰਡ ਹੋਲਡਰ, ਨਾਨ ਡਰਿੰਕਰ, 29 ਸਾਲ, ਕੱਦ 5'-10", ਡਿਪਲੋਮਾ ਇਲੈਕਟ੍ਰਿਕਲ ਇੰਜੀਨੀਅਰਿੰਗ ਲੜਕੇ ਲਈ ਲੜਕੀ ਦੀ ਲੋੜ ਹੈ। ਐਲ ਵੀ ਐਨ ਜਾਂ ਆਰ ਐਨ ਨੂੰ ਤਰਜ਼ੀਹ। ਸੰਪਰਕ ਕਰੋ: 559-719-8489

*(21-4)*

Suitable US/Canadian citizen or green card holder girls sought for 2 Sikh Tonk Kashtria brothers, elder 27, 5'6" B Sc computer app. working in Govt. job. The younger 26, 5'-8", degree in Automobile Engg. working as Senior service advisor with Hyundai India. Parents are well settled in Ludhiana and retired. Most of the relatives well settled in US, Canada & Australia. Contact: ijmukker@yahoo.com

*(21-4)*

# ਕੈਪਟਨ ਤੇ ਬਾਦਲ ਨੇ ਪਾਕਿਸਤਾਨ ਤੋਂ ਮਿਲੇ ਮਹਿੰਗੇ ਤੋਹਫੇ ਆਪ ਹੜੱਪੇ

## ਕਾਨੂੰਨ ਅਨੁਸਾਰ ਤੋਹਫੇ ਸਰਕਾਰੀ ਤੋਸ਼ੇਖਾਨਾ 'ਚ ਜਮ੍ਹਾਂ ਕਰਵਾਉਣੇ ਜ਼ਰੂਰੀ

**ਚੰਡੀਗੜ੍ਹ:** ਮੁੱਖ ਮੰਤਰੀ ਵਿਦੇਸ਼ਾਂ ਵਿਚੋਂ ਮਿਲਣ ਵਾਲੇ ਮਹਿੰਗੇ ਤੋਹਫ਼ੇ ਆਪਣੇ ਘਰਾਂ ਵਿਚ ਰੱਖ ਲੈਂਦੇ ਹਨ। ਕੇਂਦਰੀ ਗ੍ਰਹਿ ਮੰਤਰਾਲੇ ਨੂੰ ਇਸ ਦੀ ਕੋਈ ਸੂਚਨਾ ਨਹੀਂ ਦਿੱਤੀ ਜਾਂਦੀ। ਹਾਲਾਂਕਿ ਨਿਯਮਾਂ ਅਨੁਸਾਰ ਵਿਦੇਸ਼ ਯਾਤਰਾ ਦੌਰਾਨ ਮਿਲਣ ਵਾਲੇ ਹਰ ਤੋਹਫ਼ੇ ਦੀ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਸੂਚਨਾ ਦੇਣੀ ਲਾਜ਼ਮੀ ਹੁੰਦੀ ਹੈ। ਇਕੱਲੀ ਸੂਚਨਾ ਹੀ ਨਹੀਂ ਸਗੋਂ ਵਿਦੇਸ਼ੀ ਤੋਹਫ਼ੇ ਨੂੰ ਸਰਕਾਰੀ ਤੋਸ਼ਾਖਾਨਾ ਵਿਚ ਰੱਖਿਆ ਜਾਣਾ ਹੁੰਦਾ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਜੋ ਪਾਕਿਸਤਾਨ ਵਿਚੋਂ ਤੋਹਫ਼ੇ ਪ੍ਰਾਪਤ ਹੋਏ ਸਨ, ਉਨ੍ਹਾਂ ਦੀ ਸਰਕਾਰੀ ਰਿਕਾਰਡ ਵਿਚ ਕੋਈ ਸੂਚਨਾ ਨਹੀਂ। ਸਰਕਾਰੀ ਸੂਚਨਾ ਅਨੁਸਾਰ ਕਿਸੇ ਵੀ ਰਾਜ ਦੇ ਮੁੱਖ ਮੰਤਰੀ ਵੱਲੋਂ ਇਸ ਸਮੇਂ ਦੌਰਾਨ ਵਿਦੇਸ਼ਾਂ ਵਿਚੋਂ ਮਿਲਣ ਵਾਲਾ ਕੋਈ ਵੀ ਤੋਹਫ਼ਾ ਸਰਕਾਰੀ ਤੋਸ਼ਾਖਾਨਾ ਵਿਚ ਜਮ੍ਹਾਂ ਨਹੀਂ ਕਰਾਇਆ ਗਿਆ। ਜਦੋਂ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ 18-19 ਫਰਵਰੀ 1999 ਵਿਚ ਵਿਸ਼ੇਸ਼ ਬੱਸ ਰਾਹੀਂ ਪਾਕਿਸਤਾਨ ਗਏ ਸਨ ਤਾਂ ਉਦੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਉਨ੍ਹਾਂ ਦੇ ਵਫ਼ਦ ਨਾਲ ਪਾਕਿਸਤਾਨ ਗਏ ਸਨ। ਉਦੋਂ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਨੇ ਸ. ਬਾਦਲ ਨੂੰ ਦੋ ਭੇਡੂ ਤੋਹਫ਼ੇ ਵਿਚ ਦਿੱਤੇ ਸਨ। ਏਦਾਂ ਹੀ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 30 ਜਨਵਰੀ, 2004 ਤੋਂ ਇਕ ਫਰਵਰੀ, 2004 ਤੱਕ ਤੇ ਫਿਰ 14 ਮਾਰਚ, 2005 ਤੋਂ 17 ਮਾਰਚ, 2005 ਤੱਕ ਪਾਕਿਸਤਾਨ ਦਾ ਦੌਰਾ ਕੀਤਾ ਸੀ। ਪਾਕਿਸਤਾਨ ਦੌਰੇ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੂੰ ਇਕ ਘੋੜਾ ਤੋਹਫ਼ੇ ਵਿਚ ਦਿੱਤਾ ਗਿਆ ਸੀ। ਮੁੱਖ ਮੰਤਰੀ ਬਾਦਲ ਨੇ ਭੇਡੂ ਆਪਣੇ ਫਾਰਮ ਹਾਊਸ ਵਿਚ ਰੱਖੇ ਹੋਏ ਸਨ ਜਦੋਂਕਿ ਕੈਪਟਨ ਅਮਰਿੰਦਰ ਸਿੰਘ ਨੇ ਤੋਹਫ਼ੇ ਵਾਲਾ ਘੋੜਾ ਫਿਲੌਰ ਅਕੈਡਮੀ ਵਿਚ ਭੇਜ ਦਿੱਤਾ ਸੀ। ਜਦੋਂ 13 ਅਪਰੈਲ, 2012 ਨੂੰ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਅੰਮ੍ਰਿਤਸਰ ਜ਼ਿਲ੍ਹੇ ਵਿਚ ਆਏ ਸਨ ਤਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਉਨ੍ਹਾਂ ਤੋਂ ਭੇਡੂਆਂ ਦੇ ਇਕ ਹੋਰ ਜੋੜੇ ਦੀ ਮੰਗ ਕੀਤੀ ਸੀ।



ਪ੍ਰਕਾਸ਼ ਸਿੰਘ ਬਾਦਲ     ਕੈਪਟਨ ਅਮਰਿੰਦਰ ਸਿੰਘ

ਜ਼ਿਕਰਯੋਗ ਹੈ ਕਿ ਸ. ਬਾਦਲ ਜਾਨਵਰ ਪ੍ਰੇਮੀ ਹਨ ਤੇ ਜਾਨਵਰਾਂ ਨਾਲ ਉਨ੍ਹਾਂ ਦਾ ਕਾਫੀ ਲਗਾਓ ਹੈ। ਪੰਜਾਬ ਦੀ ਮੰਤਰੀ ਮੰਡਲ ਮਾਮਲੇ ਸ਼ਾਖਾ ਵੱਲੋਂ ਜੋ ਵੱਖਰੀ ਸੂਚਨਾ ਦਿੱਤੀ ਗਈ ਹੈ, ਉਸ ਅਨੁਸਾਰ ਪੰਜਾਬ ਦੇ ਮੁੱਖ ਮੰਤਰੀਆਂ ਨੂੰ ਪਾਕਿਸਤਾਨ ਵਿਚੋਂ ਜੋ ਤੋਹਫ਼ੇ ਮਿਲੇ ਹਨ, ਉਨ੍ਹਾਂ ਦਾ ਕੋਈ ਰਿਕਾਰਡ ਮੁਹੱਈਆ ਨਹੀਂ ਹੈ। ਇਹ ਸ਼ਾਖਾ ਤਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਕੋਈ ਪਾਕਿਸਤਾਨ ਦਾ ਦੌਰਾ ਕੀਤੇ ਜਾਣ ਤੋਂ ਵੀ ਮੁੱਕਰ ਗਈ ਹੈ।

ਸ਼ਾਖਾ ਨੇ ਲਿਖਤੀ ਸੂਚਨਾ ਦਿੱਤੀ ਹੈ ਕਿ ਇਕ ਅਪਰੈਲ 1997 ਤੋਂ ਸਾਲ 2012 ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਾਕਿਸਤਾਨ ਦਾ ਕੋਈ ਦੌਰਾ ਨਹੀਂ ਕੀਤਾ। ਜਦੋਂਕਿ ਉਹ ਪ੍ਰਧਾਨ ਮੰਤਰੀ ਦੇ ਵਫ਼ਦ ਨਾਲ ਪਾਕਿਸਤਾਨ ਜਾ ਚੁੱਕੇ ਹਨ। ਕੇਂਦਰੀ ਵਿਦੇਸ਼ ਮੰਤਰਾਲੇ ਕੋਲ ਵੀ ਇਨ੍ਹਾਂ ਦਾ ਕੋਈ ਰਿਕਾਰਡ ਮੌਜੂਦ ਨਹੀਂ ਹੈ। ਦੂਜੇ ਪਾਸੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਲੰਘੇ ਪੰਜ ਵਰ੍ਹਿਆਂ ਵਿਚ 223 ਵਿਦੇਸ਼ੀ ਤੋਹਫ਼ੇ ਮਿਲੇ ਹਨ। ਉਨ੍ਹਾਂ ਨੇ ਇਨ੍ਹਾਂ ਵਿਚੋਂ 54 ਤੋਹਫੇ ਆਪਣੇ ਕੋਲ ਰੱਖ ਲਏ ਹਨ ਜਦੋਂਕਿ ਬਾਕੀ 169 ਤੋਹਫ਼ੇ ਤੋਸ਼ਾਖਾਨਾ ਵਿਚ ਜਮ੍ਹਾਂ ਕਰਾ ਦਿੱਤੇ ਗਏ ਹਨ। ਵੀ.ਵੀ.ਆਈ.ਪੀਜ. ਨੂੰ ਵਿਦੇਸ਼ ਯਾਤਰਾ ਦੌਰਾਨ ਜੋ ਤੋਹਫ਼ੇ ਮਿਲਦੇ ਹਨ, ਉਨ੍ਹਾਂ ਦਾ ਹਿਸਾਬ-ਕਿਤਾਬ ਫੌਰਨ ਕੰਟਰੀਬਿਊਸ਼ਨ (ਅਸੈਪਟੇਸ਼ਨ ਐਂਡ ਰਿਟੈਂਨਸ ਆਫ ਗਿਫਟ ਐਂਡ ਪ੍ਰੈਜ਼ੇਟੇਸ਼ਨ) ਰੈਗੂਲੇਸ਼ਨਜ਼ 1978 ਤਹਿਤ ਰੱਖਿਆ ਜਾਂਦਾ ਹੈ। ਗ੍ਰਹਿ ਮੰਤਰਾਲੇ ਵੱਲੋਂ ਜੋ 22 ਜੂਨ, 1978 ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ, ਉਸ ਅਨੁਸਾਰ ਹਰ ਵੀ.ਵੀ.ਆਈ.ਪੀਜ. ਨੂੰ ਵਿਦੇਸ਼ ਯਾਤਰਾ ਦੌਰਾਨ ਮਿਲਣ ਵਾਲੇ ਤੋਹਫ਼ਿਆਂ ਦੀ ਸੂਚਨਾ 30 ਦਿਨਾਂ ਵਿੱਚ ਦੇਣੀ ਹੁੰਦੀ ਹੈ ਤੇ ਸੂਚਨਾ ਦੇਣ ਤੋਂ 30 ਦਿਨਾਂ ਦੇ ਅੰਦਰ ਅੰਦਰ ਮਿਲੇ ਵਿਦੇਸ਼ੀ ਤੋਹਫ਼ੇ ਨੂੰ ਸਰਕਾਰੀ ਤੋਸ਼ਾਖਾਨਾ ਵਿਚ ਜਮ੍ਹਾਂ ਕਰਾਇਆ ਜਾਣਾ ਹੁੰਦਾ ਹੈ।

ਵੀ.ਵੀ.ਆਈ.ਪੀਜ਼ ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਤੋਹਫਾ ਕਿਥੋਂ ਤੇ ਕਦੋਂ ਕਿਸ ਤਰਫੋਂ ਦਿੱਤਾ ਗਿਆ ਅਤੇ ਉਸ ਦੀ ਭਾਰਤੀ ਕਰੰਸੀ ਵਿਚ ਬਾਜ਼ਾਰੀ ਕੀਮਤ ਕਿੰਨੀ ਹੈ। ਮਗਰੋਂ ਗ੍ਰਹਿ ਮੰਤਰਾਲੇ ਨੇ 27 ਜਨਵਰੀ 1999 ਨੂੰ ਸੋਧ ਕੇ ਨਵਾਂ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜਿਸ ਅਨੁਸਾਰ ਜਿਸ ਵਿਦੇਸ਼ੀ ਤੋਹਫ਼ੇ ਦੀ ਕੀਮਤ ਪੰਜ ਹਜ਼ਾਰ ਤੋਂ ਘੱਟ ਹੈ, ਉਸ ਤੋਹਫ਼ੇ ਨੂੰ ਵੀ.ਵੀ.ਆਈ.ਪੀਜ਼. ਆਪਣੇ ਕੋਲ ਰੱਖ ਸਕਦੇ ਹਨ।

## ਸੁਰਿੰਦਰ ਕਾਲੜਾ ਦੇ ਪਿਤਾ ਸੁਰਗਵਾਸ

**ਸ਼ਿਕਾਗੋ (ਬਿਊਰੋ):** ਉਘੇ ਸ਼ੋਅ ਪ੍ਰਮੋਟਰ ਸੁਰਿੰਦਰ ਸਿੰਘ ਕਾਲੜਾ ਨੂੰ ਉਸ ਸਮੇਂ ਡੂੰਘਾ ਸਦਮਾ ਪਹੁੰਚਿਆ ਜਦੋਂ ਉਸ ਦੇ ਪਿਤਾ ਹਰਚਰਨ ਸਿੰਘ ਕਾਲੜਾ 11 ਜੂਨ ਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਹ 72 ਵਰ੍ਹਿਆਂ ਦੇ ਸਨ ਅਤੇ ਭਾਰਤੀ ਫੌਜ ਤੋਂ ਕਰਨਲ ਵਜੋਂ ਰਿਟਾਇਰ ਹੋਏ ਸਨ। ਕਰਨਲ ਕਾਲੜਾ ਆਪਣੇ ਪਿਛੇ ਆਪਣੀ ਪਤਨੀ ਤੋਂ ਇਲਾਵਾ ਇਕ ਪੁੱਤਰ ਸੁਰਿੰਦਰ ਕਾਲੜਾ ਅਤੇ ਇਕ ਧੀ ਛਡ ਗਏ ਹਨ।

ਉਨ੍ਹਾਂ ਦਾ ਅੰਤਿਮ ਸੰਸਕਾਰ 16 ਜੂਨ ਨੂੰ ਕੰਟਰੀਸਾਈਡ ਫਿਊਨਰਲ ਹੋਮ, ਬਾਰਟਲੈਟ ਵਿਚ ਸ਼ਾਮੀ 4 ਤੋਂ 6 ਵਜੇ ਤਕ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਪੈਲਾਟਾਈਨ ਵਿਖੇ ਸ਼ਾਮ 7 ਵਜੇ ਤੋਂ 8 ਵਜੇ ਤਕ ਹੋਵੇਗੀ।

# ਕੇਂਦਰੀ ਵਜ਼ਾਰਤ 'ਚ ਹੁਣ ਪੰਜਾਬੀਆਂ ਦਾ ਲੱਗੇਗਾ ਦਾਅ?

**ਚੰਡੀਗੜ੍ਹ:** ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਵੱਲੋਂ ਕੈਬਨਿਟ ਵਿਚ ਕੀਤੇ ਜਾਣ ਵਾਲੇ ਫੇਰਬਦਲ ਦੇ ਸੰਕੇਤਾਂ ਤੋਂ ਬਾਅਦ ਸਿਆਸੀ ਹਲਕਿਆਂ ਵਿਚ ਹਲਚਲ ਵਧ ਗਈ ਹੈ। ਸੂਤਰਾਂ ਅਨੁਸਾਰ ਇਸ ਵਾਰ ਦੇ ਫੇਰਬਦਲ ਵਿਚ ਪੰਜਾਬ ਦੇ ਸੰਸਦ ਮੈਂਬਰਾਂ ਵਿਚੋਂ ਕਿਸੇ ਨੂੰ ਵੀ ਕੈਬਨਿਟ ਵਿਚ ਸ਼ਾਮਲ ਕਰਨ ਦੀ ਉਮੀਦ ਹੈ। ਲੋਕ ਸਭਾ ਵਿਚ ਪੰਜਾਬ ਦੇ 13 ਮੈਂਬਰ ਵਿਚੋਂ ਕਾਂਗਰਸ ਦੇ ਅੱਠ ਮੈਂਬਰ ਹਨ ਜਿਨ੍ਹਾਂ ਵਿਚ ਅਨੰਦਪੁਰ ਸਾਹਿਬ ਤੋਂ ਰਵਨੀਤ ਸਿੰਘ ਬਿੱਟੂ, ਫਤਹਿਗੜ੍ਹ ਸਾਹਿਬ ਤੋਂ ਸੁਖਦੇਵ ਸਿੰਘ ਲਿਬੜਾ, ਗੁਰਦਾਸਪੁਰ ਤੋਂ ਪ੍ਰਤਾਪ ਸਿੰਘ ਬਾਜਵਾ, ਹੁਸ਼ਿਆਰਪੁਰ ਤੋਂ ਸੰਤੋਸ਼ ਚੌਧਰੀ, ਜਲੰਧਰ ਤੋਂ ਮਹਿੰਦਰ ਸਿੰਘ ਕੇ.ਪੀ., ਲੁਧਿਆਣਾ ਤੋਂ ਮੁਨੀਸ਼ ਤਿਵਾੜੀ, ਪਟਿਆਲਾ ਤੋਂ ਪ੍ਰਨੀਤ ਕੌਰ ਤੇ ਸੰਗਰੂਰ ਤੋਂ ਵਿਜੇ ਇੰਦਰ ਸਿੰਗਲਾ ਸ਼ਾਮਲ ਹਨ।

ਇਨ੍ਹਾਂ ਅੱਠ ਮੈਂਬਰਾਂ ਵਿਚੋਂ ਮੁਨੀਸ਼ ਤਿਵਾੜੀ ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰੀ ਹਨ ਤੇ ਪ੍ਰਨੀਤ ਕੌਰ ਕੇਂਦਰੀ ਵਿਦੇਸ਼ ਰਾਜ ਮੰਤਰੀ ਹਨ। ਇਨ੍ਹਾਂ ਤੋਂ ਇਲਾਵਾ ਰਾਜ ਸਭਾ ਵਿਚ ਪੰਜਾਬ ਦੇ ਕੁੱਲ ਸੱਤ ਮੈਂਬਰਾਂ ਵਿਚੋਂ ਕਾਂਗਰਸ ਦੇ ਤਿੰਨ ਮੈਂਬਰ ਹਨ ਜਿਨ੍ਹਾਂ ਵਿਚ ਅਸ਼ਵਨੀ ਕੁਮਾਰ, ਡਾ. ਮਨੋਹਰ ਸਿੰਘ ਗਿੱਲ ਤੇ ਅੰਬਿਕਾ ਸੋਨੀ ਸ਼ਾਮਲ ਹਨ। ਅਸ਼ਵਨੀ ਕੁਮਾਰ ਪਹਿਲਾਂ ਕਾਨੂੰਨ ਤੇ ਨਿਆਂ ਮੰਤਰੀ ਰਹਿ ਚੁੱਕੇ ਹਨ। ਪੰਜਾਬ ਦੇ ਗੁਰਦਾਸਪੁਰ ਨਾਲ ਸਬੰਧਤ ਅਸ਼ਵਨੀ ਕੁਮਾਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਕਰੀਬੀ ਮੰਨੇ ਜਾਂਦੇ ਹਨ।

ਅਸ਼ਵਨੀ ਕੁਮਾਰ ਨੂੰ 2011 ਵਿਚ ਥੋੜ੍ਹੇ ਸਮੇਂ ਲਈ ਸੰਸਦੀ ਮਾਮਲਿਆਂ ਬਾਰੇ ਰਾਜ ਮੰਤਰੀ ਬਣਾਇਆ ਗਿਆ ਸੀ। ਜੁਲਾਈ, 2011 ਵਿਚ ਯੋਜਨਾ ਮੰਤਰਾਲੇ, ਸਾਇੰਸ ਤੇ ਤਕਨੀਕ ਮੰਤਰਾਲੇ ਵਿਚ ਰਾਜ ਮੰਤਰੀ ਬਣਾਇਆ ਗਿਆ। ਅਕਤੂਬਰ 2012 ਵਿਚ ਸਲਮਾਨ ਖੁਰਸ਼ੀਦ ਦੇ ਵਿਦੇਸ਼ ਮੰਤਰਾਲਾ ਸੰਭਾਲਣ ਤੋਂ ਬਾਅਦ ਉਨ੍ਹਾਂ ਨੂੰ ਕਾਨੂੰਨ ਮੰਤਰੀ ਬਣਾਇਆ ਗਿਆ ਪਰ ਕੋਲਾ ਬਲਾਕਾਂ ਦੀ ਵੰਡ ਘੁਟਾਲੇ ਵਿਚ ਸੀ.ਬੀ.ਆਈ. ਦੇ ਕੰਮਕਾਜ ਵਿਚ ਦਖਲ ਦੇਣ ਦੇ ਕਥਿਤ ਇਲਜ਼ਾਮਾਂ ਤੋਂ ਬਾਅਦ ਉਨ੍ਹਾਂ ਨੂੰ ਮਈ, 2013 ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ।

ਵਿਵਾਦਾਂ ਕਾਰਨ ਅਸ਼ਵਨੀ ਕੁਮਾਰ ਦੀ ਮੁੜ-ਵਾਪਸੀ ਦੀ ਸੰਭਾਵਨਾ ਘੱਟ ਨਜ਼ਰ ਆਉਂਦੀ ਹੈ। ਹੁਣ ਬਾਕੀ ਦੇ ਮੰਤਰੀਆਂ ਵਿਚੋਂ ਕਿਨ੍ਹਾਂ ਦਾ ਨਾਂ ਇਸ ਫੇਰਬਦਲ ਵਿਚ ਸਾਹਮਣੇ ਆਵੇਗਾ, ਇਸ ਦੇ ਕਿਆਸ ਜਾਰੀ ਹਨ। ਫਿਲਹਾਲ ਕੈਬਨਿਟ ਫੇਰਬਦਲ ਲਈ ਕੋਈ ਤਾਰੀਖ ਤੈਅ ਨਹੀਂ ਕੀਤੀ ਗਈ ਪਰ ਹਲਕਿਆਂ ਮੁਤਾਬਕ ਪਹਿਲਾਂ 12 ਤੋਂ 15 ਜੂਨ ਦੇ ਵਿਚ ਹੋਣ ਵਾਲੀ ਬੈਠਕ ਹੁਣ ਜੂਨ ਦੇ ਅੰਤ ਜਾਂ ਜੁਲਾਈ ਦੇ ਸ਼ੁਰੂ ਵਿਚ ਹੋਣ ਦੀ ਆਸ ਹੈ ਤੇ ਬੈਠਕ ਵਿਚ ਪੰਜਾਬ ਦੀ ਘੱਟ ਪ੍ਰਤੀਨਿਧਤਾਵਾਂ ਨੂੰ ਵੇਖਦਿਆਂ ਪੰਜਾਬ ਵਿਚੋਂ ਕਿਸੇ ਦਲਿਤ ਮੈਂਬਰ ਦਾ ਨਾਂ ਸਾਹਮਣੇ ਆਉਣ ਦੀ ਪੂਰੀ ਉਮੀਦ ਹੈ।

## ਮਿਲਵਾਕੀ 'ਚ ਗੀਤਾ ਜੈਲਦਾਰ ਦਾ ਸ਼ੋਅ 21 ਨੂੰ

**ਮਿਲਵਾਕੀ (ਬਿਊਰੋ):** ਪੰਜਾਬੀ ਕਲਚਰਲ ਆਰਗੇਨਾਈਜੇਸ਼ਨ (ਪੀ ਸੀ ਓ) ਮਿਲਵਾਕੀ ਵਲੋਂ ਲੋਕ ਗਾਇਕ ਗੀਤਾ ਜੈਲਦਾਰ ਦਾ ਸ਼ੋਅ ਆਉਂਦੀ 21 ਜੂਨ ਸ਼ੁਕਰਵਾਰ ਨੂੰ ਵੋਕੇਸ਼ਾ ਐਕਸਪੋ ਸੈਂਟਰ, ਵੋਕੇਸ਼ਾ (1000 ਨਾਰਥ ਵਿਊ ਰੋਡ) ਵਿਚ ਸ਼ਾਮੀ 8 ਵਜੇ ਤੋਂ ਰਾਤ 11 ਵਜੇ ਤਕ ਕਰਵਾਇਆ ਜਾਵੇਗਾ। ਇਸ ਪ੍ਰੋਗਰਾਮ ਦੌਰਾਨ ਗੀਤਾ ਜੈਲਦਾਰ ਆਪਣੇ ਨਵੇਂ ਤੇ ਪੁਰਾਣੇ ਗੀਤਾਂ ਰਾਹੀਂ ਸਰੋਤਿਆਂ ਦਾ ਮਨੋਰੰਜਨ ਕਰੇਗਾ। ਪ੍ਰੋਗਰਾਮ ਲਈ ਟਿਕਟ ਪ੍ਰਤੀ ਟੇਬਲ ਵੀ ਵੀ ਆਈ ਪੀ 2000 ਡਾਲਰ, ਵੀ ਆਈ ਪੀ 1000 ਡਾਲਰ, ਰੈਗੂਲਰ 750 ਅਤੇ 500 ਡਾਲਰ ਹੋਵੇਗੀ। ਪ੍ਰਤੀ ਵਿਅਕਤੀ ਟਿਕਟ 75 ਤੇ 50 ਡਾਲਰ ਹੋਵੇਗੀ। ਪਾਰਕਿੰਗ ਅਤੇ ਖਾਣਾ ਮੁਫਤ ਹੋਵੇਗਾ।

ਇਸੇ ਦੌਰਾਨ ਸੰਸਥਾ ਦੇ ਇਕ ਮੈਂਬਰ ਲਾਲੀ ਸਿੱਧੂ ਨੇ ਦਸਿਆ ਕਿ ਪੀ ਸੀ ਓ ਵਲੋਂ ਕਬੱਡੀ ਅਤੇ ਵਾਲੀਬਾਲ ਟੂਰਨਾਮੈਂਟ 20 ਜੁਲਾਈ 2013 ਨੂੰ ਕਰਵਾਇਆ ਜਾਏਗਾ। ਓਪਨ ਕਬੱਡੀ ਲਈ ਪਹਿਲਾ ਇਨਾਮ 5100 ਡਾਲਰ ਅਤੇ ਦੂਜਾ 3100 ਡਾਲਰ ਦਾ ਹੋਵੇਗਾ ਜਦੋਂਕਿ ਵਾਲੀਬਾਲ ਲਈ ਪਹਿਲਾ ਇਨਾਮ 3100 ਡਾਲਰ ਅਤੇ ਦੂਜਾ 1500 ਡਾਲਰ ਦਾ ਹੋਵੇਗਾ। ਹੋਰ ਜਾਣਕਾਰੀ ਲਈ ਲਾਲੀ ਸਿੱਧੂ ਨਾਲ ਫੋਨ 414-788-9813 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਡਰੋਨ ਹਮਲੇ ਸਬੰਧੀ ਪਾਕਿਸਤਾਨ ਵੱਲੋਂ ਅਮਰੀਕੀ ਸਫ਼ੀਰ ਤਲਬ

**ਇਸਲਾਮਾਬਾਦ:** ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੀਆਂ ਹਦਾਇਤਾਂ ਉਤੇ ਵਿਦੇਸ਼ ਵਿਭਾਗ ਨੇ ਕਬਾਇਲੀ ਖੇਤਰ ਵਿਚ ਅਮਰੀਕੀ ਡਰੋਨ ਹਮਲੇ ਵਿਰੁੱਧ ਅਮਰੀਕੀ ਰਾਜਦੂਤ ਰਿਚਰਡ ਹੋਗਲੈਂਡ ਨੂੰ ਬੁਲਾ ਕੇ ਰੋਸ ਦਾ ਪ੍ਰਗਟਾਵਾ ਕੀਤਾ। ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਜਿਨ੍ਹਾਂ ਕੋਲ ਵਿਦੇਸ਼ ਵਿਭਾਗ ਦਾ ਚਾਰਜ ਵੀ ਹੈ, ਨੇ ਦੋ ਦਿਨ ਪਹਿਲਾਂ ਹੀ ਅਹੁਦਾ ਸੰਭਾਲਦਿਆਂ ਕਬਾਇਲੀ ਖੇਤਰ ਵਿਚ ਅਮਰੀਕੀ ਡਰੋਨ ਹਮਲਿਆਂ ਦੇ ਖਾਤਮੇ ਦਾ ਸੱਦਾ ਦਿੱਤਾ ਸੀ।

## ਫਾਂਸੀ ਬਾਰੇ ਅਕਾਲੀ ਦਲ ਦੀ ਦੋਗਲੀ ਨੀਤੀ

**ਜਲੰਧਰ:** ਸੋਸ਼ਲਿਸਟ ਪਾਰਟੀ ਭਾਰਤ ਦੇ ਕੌਮੀ ਉਪ ਪ੍ਰਧਾਨ ਬਲਵੰਤ ਸਿੰਘ ਖੇੜਾ ਨੇ ਫਾਂਸੀ ਦੀ ਸਜ਼ਾ ਖਤਮ ਕਰਨ ਦੇ ਮੁੱਦੇ 'ਤੇ ਸ਼੍ਰੋਮਣੀ ਅਕਾਲੀ ਦਲ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਦੋਗਲਾ ਕਿਰਦਾਰ ਨਿਭਾਉਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਜੇ ਸਰਕਾਰ ਸੰਜੀਦਾ ਹੈ ਤਾਂ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾ ਕੇ ਸੰਵਿਧਾਨ ਦੀ ਧਾਰਾ 254 (2) ਅਧੀਨ ਆਈ. ਪੀ. ਸੀ ਨੂੰ ਸੋਧਣ ਦਾ ਮਤਾ ਪਾਸ ਕਰ ਸਕਦੀ ਹੈ। ਇਹ ਮਤਾ ਪਾਸ ਹੋਣ 'ਤੇ ਪੰਜਾਬ ਫਾਂਸੀ ਦੀ ਸਜ਼ਾ ਖ਼ਤਮ ਕਰਨ ਵਾਲਾ ਪਹਿਲਾ ਸੂਬਾ ਬਣ ਸਕਦਾ ਹੈ।

ਸ. ਖੇੜਾ ਨੇ ਕਿਹਾ ਕਿ ਪ੍ਰੋ. ਭੁੱਲਰ ਤੇ ਭਾਈ ਰਾਜੋਆਣਾ ਦੀ ਮੌਤ ਦੀ ਸਜ਼ਾ ਮੁਆਫ ਕਰਵਾਉਣ ਲਈ ਅਕਾਲੀਆਂ ਦਾ ਰੌਲਾ ਆਮ ਸਿੱਖ ਲੋਕਾਂ ਦੀ ਹਮਦਰਦੀ ਹਾਸਲ ਕਰਨ ਦਾ ਹੀ ਯਤਨ ਸੀ।

**Desi Bazar**

916 E. Main Street #118, Greenwood, IN, 46143
**Tel: 317-888-2040, Fax: 317-887-6116**

*We specialize in all kind of Indian Groceries and Sweets*

• FRESH VEGETABLES EVERY THURSDAY
• FRESH GOAT MEAT

*10% off on all Gurudwara supplies and Religious programs!!*

We Are Open 7 Days a Week

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

**HJ Logistics Corp.**

*Hanover Park, IL*

ਓਨਰ ਅਪਰੇਟਰ ਚਾਹੀਦੇ ਹਨ

24/7 ਡਿਸਪੈਚ, ਡਾਇਰੈਕਸ਼ਨਾਂ ਲਈ ਮਦਦ

**Need Owner Operators**

50% Fuel Advance
24/7 Dispatch and help with Directions



**Contact: 630-504-8584**

# ਡੇਰਾ ਬਿਆਸ ਮੁਖੀ ਚੁੱਪ ਚੁਪੀਤੇ ਸਿਮਰਨਜੀਤ ਸਿੰਘ ਮਾਨ ਦੇ ਘਰ ਪਹੁੰਚੇ

## ਮਾਨ ਵੱਲੋਂ ਡੇਰਾ ਮੁਖੀ ਦੀ ਖੁੱਲ੍ਹ ਕੇ ਤਾਰੀਫ਼

**ਫਤਿਹਗੜ੍ਹ ਸਾਹਿਬ:** ਰਾਧਾ ਸੁਆਮੀ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਅਚਾਨਕ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਘਰ ਪਿੰਡ ਤਲਾਣੀਆਂ ਮੁਲਾਕਾਤ ਕਰਨ ਪਹੁੰਚ ਗਏ। ਸੂਤਰਾਂ ਅਨੁਸਾਰ ਸ. ਮਾਨ ਨੂੰ ਡੇਰਾ ਮੁਖੀ ਦੇ ਆਉਣ ਬਾਰੇ ਕੁਝ ਪਤਾ ਨਹੀਂ ਸੀ ਤੇ ਉਹ ਕਿਸੇ ਸਮਾਗਮ ਵਿਚ ਹਿੱਸਾ ਲੈਣ ਲਈ ਬਾਹਰ ਗਏ ਹੋਏ ਸਨ। ਇਸ ਮੌਕੇ ਸ. ਮਾਨ ਨੂੰ ਤੁਰੰਤ ਸੰਦੇਸ਼ ਭੇਜ ਕੇ ਬੁਲਾਇਆ ਗਿਆ। ਡੇਰਾ ਮੁਖੀ ਦੀ ਇਸ ਫੇਰੀ ਨਾਲ ਪੰਜਾਬ ਦੇ ਸਿਆਸੀ ਹਲਕਿਆ ਵਿਚ ਨਵੀਂ ਚਰਚਾ ਛਿੜ ਗਈ ਹੈ।

ਡੇਰਾ ਬਿਆਸ ਦੇ ਮੁਖੀ ਨੇ ਸਿਮਰਨਜੀਤ ਸਿੰਘ ਮਾਨ ਤੋਂ ਪਹਿਲਾਂ ਕਿਸੇ ਹੋਰ ਰਾਜਨੀਤਕ ਨੇਤਾ ਨਾਲ ਕਦੇ ਘਰ ਜਾ ਕੇ ਅਜਿਹੀ ਮਿਲਣੀ ਨਹੀਂ ਕੀਤੀ। ਜ਼ਿਕਰਯੋਗ ਹੈ ਕਿ ਅੰਮ੍ਰਿਤਸਰ ਦਰਬਾਰ ਸਾਹਿਬ ਵਿਖੇ ਘੱਲੂਘਾਰਾ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਉਤੇ ਸ. ਮਾਨ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਰਮਿਆਨ ਤਣਾਅ ਵਾਲਾ ਮਾਹੌਲ ਪੈਦਾ ਹੋਣਾ ਤੇ ਅਗਲੇ ਹੀ ਦਿਨ ਤੁਰੰਤ ਡੇਰਾ ਬਿਆਸ ਦੇ ਮੁਖੀ ਵੱਲੋਂ ਉਨ੍ਹਾਂ ਦੇ ਘਰ ਪੁੱਜਣਾ ਹੈਰਾਨੀਜਨਕ ਘਟਨਾਕ੍ਰਮ ਸਮਝਿਆ ਜਾ ਰਿਹਾ ਹੈ।



ਪੰਜਾਬ ਅੰਦਰ ਖਾੜਕੂਵਾਦ ਦੌਰਾਨ ਡੇਰਾ ਬਿਆਸ ਤੇ ਗਰਮ ਦਲੀਆਂ ਵਿਚਕਾਰ ਦੂਰੀ ਬਣੀ ਰਹੀ ਸੀ ਪਰ ਇਸ ਸਮੇਂ ਗਰਮ ਦਲੀਆਂ ਦੇ ਲੀਡਰ ਮੰਨੇ ਜਾਂਦੇ ਸ. ਮਾਨ ਦੇ ਘਰ ਡੇਰਾ ਮੁਖੀ ਦਾ ਆਉਣਾ ਚਰਚਾ ਦਾ ਵਿਸ਼ਾ ਹੈ। ਜਦੋਂ ਡੇਰਾ ਮੁਖੀ ਡੇਢ ਵਜੇ ਸ. ਮਾਨ ਦੇ ਘਰ ਪਹੁੰਚੇ ਤਾਂ ਇਸ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਗਿਆ। ਇਸ ਮੌਕੇ ਡੇਰਾ ਮੁਖੀ ਦੀ ਪਤਨੀ ਵੀ ਨਾਲ ਸਨ। ਮਿਲੀ ਜਾਣਕਾਰੀ ਮੁਤਾਬਤ ਡੇਰਾ ਮੁਖੀ ਤੇ ਸ. ਮਾਨ ਦਰਮਿਆਨ ਇਕ ਘੰਟੇ ਤੋਂ ਵੀ ਵੱਧ ਬੰਦ ਕਮਰੇ ਅੰਦਰ ਮੀਟਿੰਗ ਹੋਈ ਜਿਸ ਦੇ ਵੇਰਵੇ ਮੀਡੀਆ ਨੂੰ ਨਸ਼ਰ ਨਹੀਂ ਕੀਤੇ ਗਏ।

ਪਾਰਟੀ ਦੇ ਸਿਆਸੀ ਸਕੱਤਰ ਇਕਬਾਲ ਸਿੰਘ ਟਿਵਾਣਾ ਦੀ ਬੇਨਤੀ ਉੱਤੇ ਡੇਰਾ ਮੁਖੀ ਨੇ ਬਸੀ ਪਠਾਣਾਂ ਵਿਚ ਰਾਧਾ ਸੁਆਮੀ ਸਤਿਸੰਗ ਘਰ ਦਾ ਦੌਰਾ ਵੀ ਕੀਤਾ ਜਿਥੇ ਵੱਡੀ ਗਿਣਤੀ ਵਿਚ ਸੰਗਤਾਂ ਇਕੱਠੀਆਂ ਹੋ ਗਈਆਂ ਸਨ। ਇਸ ਮੌਕੇ ਸ. ਮਾਨ ਵੀ ਉਨ੍ਹਾਂ ਦੇ ਨਾਲ ਸਨ। ਪਹਿਲਾਂ ਤਾਂ ਕਿਸੇ ਨੂੰ ਵੀ ਇਹ ਭਿਣਕ ਨਹੀਂ ਪਈ ਕਿ ਡੇਰਾ ਮੁਖੀ ਇਥੇ ਆਏ ਹੋਏ ਹਨ ਪਰ ਇਕ-ਦੋ ਸੰਤਸੰਗੀ ਨੇ ਡੇਰਾ ਮੁਖੀ ਦੀ ਗੱਡੀ ਪਛਾਣ ਕੇ ਸ਼ਰਧਾਲੂਆਂ ਨੂੰ ਫੋਨ ਕਰ ਦਿੱਤੇ ਤਾਂ ਸ. ਮਾਨ ਦੇ ਘਰ ਨੇੜੇ ਸੰਗਤ ਜੁੜਨੀ ਇਕੱਠੀ ਹੋ ਗਈ। ਪੁਲਿਸ ਨੇ ਤੁਰੰਤ ਨਾਕਾ ਲਗਾ ਕੇ ਸ. ਮਾਨ ਦੇ ਘਰ ਨੂੰ ਜਾਂਦੇ ਰਸਤੇ 'ਤੇ ਰੋਕ ਲਾ ਦਿੱਤੀ।

ਵਾਪਸੀ ਉਤੇ ਉਹ ਸ. ਮਾਨ ਦੇ ਘਰ ਦੁਆਲੇ ਖੜ੍ਹੀ ਸੰਗਤ ਨੂੰ ਜੈਕਾਰਾ ਛੱਡ ਕੇ 'ਵਾਹਿਗੁਰੂ ਜੀ ਕਾ ਖਾਲਸਾ', 'ਵਾਹਿਗੁਰੂ ਜੀ ਕੀ ਫਤਹਿ' ਕਹਿ ਕੇ ਰਵਾਨਾ ਹੋ ਗਏ। ਡੇਰਾ ਮੁਖੀ ਦੇ ਜਾਣ ਤੋਂ ਬਾਅਦ ਸ. ਮਾਨ ਨੇ ਕਿਹਾ ਕਿ ਇਹ ਉਨ੍ਹਾਂ ਦਾ ਉਨ੍ਹਾਂ ਨਾਲ ਪਿਆਰ ਹੀ ਹੈ ਜੋ ਉਹ ਮਿਲਣ ਉਨ੍ਹਾਂ ਦੇ ਘਰ ਆਏ। ਉਨ੍ਹਾਂ ਕਿਹਾ ਕਿ ਡੇਰਾ ਬਿਆਸ ਵਾਲੇ ਬਾਬਾ ਗੁਰਿੰਦਰ ਸਿੰਘ ਢਿੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਦੇ ਹਨ, ਉਹ ਅੰਮ੍ਰਿਤਸਰ ਦਰਬਾਰ ਸਾਹਿਬ ਵਿਖੇ ਵੀ ਨਤਮਸਤਕ ਹੋ ਕੇ ਆਏ ਹਨ।

ਬਿਆਸ ਅੰਦਰ ਪਿੰਡ ਵੜੈਚ ਦੇ ਗੁਰਦੁਆਰੇ ਦਾ ਵਿਵਾਦ ਉਨ੍ਹਾਂ ਦੀ ਬੇਨਤੀ ਮੰਨ ਕੇ ਤੁਰੰਤ ਸੁਲਝਾ ਦਿੱਤਾ ਤੇ ਉਥੇ ਗੁਰਦੁਆਰਾ ਬਣਵਾ ਦਿੱਤਾ। ਉਨ੍ਹਾਂ ਇਥੋਂ ਤੱਕ ਕਹਿ ਦਿੱਤਾ ਕਿ ਡੇਰਾ ਬਿਆਸ ਦੇ ਮੁਖੀ ਸਿੱਖਾਂ ਲਈ ਗੁਰਦੁਆਰੇ ਬਣਾਉਂਦੇ ਹਨ ਜਦੋਂਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਨਵੇਂ ਗੁਰਦੁਆਰੇ ਬਣਾਉਣ ਦਾ ਵਿਰੋਧ ਕੀਤਾ ਸੀ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਉਹ ਡੇਰਾ ਬਿਆਸ ਜ਼ਰੂਰ ਜਾਣਗੇ।

# ਨਵਜੋਤ ਕੌਰ ਸਿੱਧੂ ਵੀ ਆਪਣੇ ਪਤੀ ਦੇ ਰਾਹ ਪਈ

**ਚੰਡੀਗੜ੍ਹ:** ਪੰਜਾਬ ਦੀ ਮੁੱਖ ਪਾਰਲੀਮਾਨੀ ਸਕੱਤਰ ਤੇ ਭਾਜਪਾ ਦੇ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਦਾ ਆਪਣੇ ਪਤੀ ਵਾਂਗ ਰਾਜਨੀਤੀ ਤੋਂ ਮੋਹ ਭੰਗ ਹੋ ਗਿਆ ਹੈ। ਉਨ੍ਹਾਂ ਨੇ ਸਕੱਤਰੇਤ ਵਿਚਲੇ ਆਪਣੇ ਦਫ਼ਤਰ ਵਿਚ ਵੀ ਹਾਜ਼ਰੀ ਘਟਾ ਦਿੱਤੀ ਹੈ। ਭਾਜਪਾ ਦੀ ਇਸ ਵਿਧਾਇਕਾ ਦੇ ਸਕੱਤਰੇਤ ਦੀ ਚੌਥੀ ਮੰਜ਼ਲ 'ਤੇ ਸਥਿਤ ਦਫ਼ਤਰ ਵਿਚ ਕਦੇ ਰੌਣਕਾਂ ਲੱਗੀਆਂ ਰਹਿੰਦੀਆਂ ਸਨ ਪਰ ਹੁਣ ਸਨਾਟਾ ਛਾਇਆ ਹੈ। ਉਨ੍ਹਾਂ ਦੇ ਦਫ਼ਤਰ ਦੀ ਬੱਤੀ ਅਕਸਰ ਗੁੱਲ ਰਹਿੰਦੀ ਹੈ।

ਦਫ਼ਤਰੀ ਕਮਰੇ ਦੇ ਬਾਹਰ ਬੈਠੇ ਦਰਜਾ ਚਾਰ ਕਰਮਚਾਰੀਆਂ ਦਾ ਇਕੋ ਜਵਾਬ ਹੁੰਦਾ ਹੈ ਕਿ ਮੈਡਮ ਦਫ਼ਤਰ ਨਹੀਂ ਆ ਰਹੇ। ਡਾ. ਨਵਜੋਤ ਕੌਰ ਨਾਲ ਤਾਇਨਾਤ ਅਮਲਾ ਵੀ ਹੁਣ ਵਿਹਲਾ ਹੀ ਬੈਠਾ ਹੈ। ਉਨ੍ਹਾਂ ਦੇ ਦਫ਼ਤਰ ਵਿਚ ਤਾਇਨਾਤ ਮੁਲਾਜ਼ਮਾਂ ਦਾ ਕਹਿਣਾ ਹੈ ਕਿ ਮੁੱਖ ਸੰਸਦੀ ਸਕੱਤਰ ਚੰਡੀਗੜ੍ਹ ਵਿਚ ਸਿਰਫ਼ ਉਸੇ ਦਿਨ ਹੀ ਆਉਂਦੇ ਹਨ ਜਿਸ ਦਿਨ ਪਾਰਟੀ ਦੇ ਰਾਜਧਾਨੀ

**ਸਿਆਸਤ ਤੋਂ ਮੋਹ ਭੰਗ**



ਵਿਚਲੇ ਦਫ਼ਤਰ ਵਿਚ ਹਾਜ਼ਰੀ ਭਰਨੀ ਹੁੰਦੀ ਹੈ। ਜ਼ਿਕਰਯੋਗ ਹੈ ਕਿ ਭਾਜਪਾ ਵੱਲੋਂ ਆਪਣੇ ਸਾਰੇ ਮੰਤਰੀਆਂ ਤੇ ਮੁੱਖ ਸੰਸਦੀ ਸਕੱਤਰਾਂ ਨੂੰ ਹਫ਼ਤੇ ਵਿਚ ਇਕ ਮਿਥੇ ਦਿਨ ਬੁੱਧਵਾਰ ਨੂੰ ਹਾਜ਼ਰ ਰਹਿਣ ਦੇ ਨਿਰਦੇਸ਼ ਦਿੱਤੇ ਹਨ ਜਦੋਂ ਪਾਰਟੀ ਵਰਕਰਾਂ ਦੇ ਦੁੱਖ ਦਰਦ ਸੁਣੇ ਜਾਂਦੇ ਹਨ।

ਸੂਤਰਾਂ ਅਨੁਸਾਰ ਮੁੱਖ ਪਾਰਲੀਮਾਨੀ ਸਕੱਤਰ ਕੋਲ ਕੋਈ ਕੰਮ ਨਾ ਹੋਣ ਕਾਰਨ ਉਨ੍ਹਾਂ ਦਫ਼ਤਰ ਆਉਣਾ ਘਟਾ ਦਿੱਤਾ ਹੈ। ਸਿਹਤ ਵਿਭਾਗ ਦੇ ਅਧਿਕਾਰੀਆਂ ਤੇ ਡਾਕਟਰਾਂ ਖਿਲਾਫ਼ ਜਿਹੜੀਆਂ ਸ਼ਿਕਾਇਤਾਂ ਆਉਂਦੀਆਂ ਹਨ, ਉਨ੍ਹਾਂ 'ਤੇ ਹੁਣ ਕੋਈ ਕਾਰਵਾਈ ਨਹੀਂ ਹੁੰਦੀ। ਡਾ. ਸਿੱਧੂ ਦੇ ਦਫ਼ਤਰੀ ਅਮਲੇ ਮੁਤਾਬਕ ਅਜਿਹੀਆਂ ਸ਼ਿਕਾਇਤਾਂ ਅਗਲੀ ਕਾਰਵਾਈ ਲਈ ਡਾਇਰੈਕਟੋਰੇਟ ਨੂੰ ਭੇਜ ਦਿੱਤੀਆਂ ਜਾਂਦੀਆਂ ਹਨ।

ਮੁੱਖ ਸੰਸਦੀ ਸਕੱਤਰ ਅਕਸਰ ਪੰਜਾਬ ਭਵਨ ਵਿਚ ਹੀ ਫਾਈਲਾਂ ਮੰਗਵਾ ਲੈਂਦੇ ਹਨ ਤੇ ਉਥੋਂ ਹੀ ਹਫ਼ਤੇ ਵਿਚ ਇਕ ਦਿਨ ਕੰਮ ਚਲਾ ਲੈਂਦੇ ਹਨ। ਡਾ. ਸਿੱਧੂ ਦੇ ਸਕੱਤਰੇਤ ਵਿਚੋਂ ਅਕਸਰ ਗੈਰਹਾਜ਼ਰ ਰਹਿਣ ਕਾਰਨ ਹੁਣ ਮਿਲਣ ਵਾਲੇ ਲੋਕਾਂ ਨੇ ਵੀ ਕਿਨਾਰਾ ਕਰ ਲਿਆ ਹੈ। ਇਸ ਬਾਰੇ ਨਵਜੋਤ ਕੌਰ ਸਿੱਧੂ ਦਾ ਕਹਿਣਾ ਹੈ ਕਿ ਅੰਮ੍ਰਿਤਸਰ ਵਿਧਾਨ ਸਭਾ ਹਲਕੇ ਦੇ ਲੋਕਾਂ ਨੇ ਉਨ੍ਹਾਂ ਨੂੰ ਵਿਧਾਇਕਾ ਚੁਣਿਆ ਹੈ ਤੇ ਉਹ ਹੁਣ ਆਪਣੇ ਹਲਕੇ ਵਿਚ ਹੀ ਰਹਿਣਾ ਪਸੰਦ ਕਰਦੀ ਹੈ। ਚੰਡੀਗੜ੍ਹ ਵਿਚ ਬੈਠਣਾ ਕੋਈ ਜ਼ਰੂਰੀ ਨਹੀਂ, ਹਲਕੇ ਦੇ ਲੋਕਾਂ ਦੇ ਕੰਮ ਕਰਨੇ ਜ਼ਿਆਦਾ ਜ਼ਰੂਰੀ ਹਨ।

# ਪੰਜਾਬ ਦੇ ਕਿਸਾਨਾਂ ਨੇ ਖੇਤੀਬਾੜੀ ਤੋਂ ਮੂੰਹ ਮੋੜਿਆ

**ਚੰਡੀਗੜ੍ਹ:** ਪੰਜਾਬ ਦੇ ਕਿਸਾਨ ਆਪਣੇ ਰਵਾਇਤੀ ਧੰਦੇ ਖੇਤੀਬਾੜੀ ਤੋਂ ਮੂੰਹ ਮੋੜ ਰਹੇ ਹਨ। ਇਹ ਤੱਥ ਸੂਬੇ ਦੀ ਮਰਦਮਸ਼ੁਮਾਰੀ ਤੇ ਤਾਜ਼ਾ ਅੰਕੜਿਆਂ ਦੌਰਾਨ ਸਾਹਮਣੇ ਆਏ ਹਨ। ਇਨ੍ਹਾਂ ਅੰਕੜਿਆਂ ਮੁਤਾਬਕ ਕਾਸ਼ਤਕਾਰ ਕਿਸਾਨਾਂ ਦੀ ਗਿਣਤੀ ਕੁੱਲ ਵਸੋਂ ਦਾ 19.5 ਫੀਸਦੀ ਰਹਿ ਗਈ ਹੈ ਜੋ 2001 ਦੀ ਮਰਦਮਸ਼ੁਮਾਰੀ ਵਿਚ 22.6 ਫੀਸਦੀ ਸੀ। ਕਾਸ਼ਤਕਾਰ ਕਿਸਾਨਾਂ ਦੇ ਨਾਲ ਨਾਲ ਖੇਤ ਮਜ਼ਦੂਰਾਂ ਦੀ ਗਿਣਤੀ ਵੀ ਘਟੀ ਹੈ। ਦਸ ਸਾਲ ਪਹਿਲਾਂ ਖੇਤ ਮਜ਼ਦੂਰਾਂ ਦੀ ਔਸਤ, ਵੱਸੋਂ ਦੇ ਹਿਸਾਬ ਨਾਲ 16.3 ਸੀ, ਜਿਹੜੀ ਹੁਣ 16 ਫੀਸਦੀ ਰਹਿ ਗਈ ਹੈ।

ਸੂਬੇ ਵਿਚ ਹੋਰ ਧੰਦਿਆਂ ਨਾਲ ਜੁੜੇ ਕਾਮਿਆਂ ਦੀ ਗਿਣਤੀ ਵਿਚ ਜ਼ਰੂਰ ਵਾਧਾ ਹੋਇਆ ਹੈ। ਜਨਗਣਨਾ ਦੇ ਤੱਥਾਂ ਮੁਤਾਬਕ 2001 ਦੌਰਾਨ ਹੋਰ ਕਾਮੇ 57.4 ਫੀਸਦੀ ਸਨ ਪਰ ਤਾਜ਼ਾ ਜਨਗਣਨਾ ਦੌਰਾਨ ਇਨ੍ਹਾਂ ਦੀ ਗਿਣਤੀ 60.5 ਫੀਸਦੀ ਦਰਜ ਕੀਤੀ ਗਈ ਹੈ। ਘਰੇਲੂ ਉਦਯੋਗਾਂ ਨਾਲ ਜੁੜੇ ਕਾਮਿਆਂ ਦੀ ਗਿਣਤੀ ਵਿਚ ਮਾਮੂਲੀ ਵਾਧਾ ਦਰਜ ਕੀਤਾ ਗਿਆ ਹੈ। ਇਨ੍ਹਾਂ ਦੀ ਗਿਣਤੀ 0.2 ਫੀਸਦੀ ਵਧੀ ਹੈ। ਇਸ ਸਰਹੱਦੀ ਸੂਬੇ ਵਿਚ ਕਾਸ਼ਤਕਾਰ ਕਿਸਾਨਾਂ ਦੀ ਗਿਣਤੀ ਘਟਣਾ ਖੇਤੀਬਾੜੀ ਲਈ ਸ਼ੁਭ ਸ਼ਗਨ ਨਹੀਂ ਕਿਹਾ ਜਾ ਸਕਦਾ ਕਿਉਂਕਿ ਦੇਸ਼ ਭਰ ਵਿਚ ਪੰਜਾਬ ਖੇਤੀ ਪ੍ਰਧਾਨ ਸੂਬਾ ਮੰਨਿਆ ਜਾਂਦਾ ਹੈ।

ਇਨ੍ਹਾਂ ਅੰਕੜਿਆਂ ਮੁਤਾਬਕ ਪੰਜਾਬ ਅਜਿਹਾ ਸੂਬਾ ਬਣ ਗਿਆ ਹੈ, ਜਿਥੇ ਅਨੁਸੂਚਿਤ ਜਾਤੀਆਂ ਦੀ ਗਿਣਤੀ ਹੋਰ ਸੂਬਿਆਂ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ। ਸੂਬੇ ਵਿਚ ਦਲਿਤਾਂ ਦੀ ਗਿਣਤੀ ਕੁੱਲ ਵਸੋਂ ਦਾ 31.9 ਫੀਸਦੀ ਹੈ, ਜਦੋਂਕਿ ਦੇਸ਼ ਵਿੱਚ ਅਨੁਸੂਚਿਤ ਜਾਤੀਆਂ ਦੀ ਗਿਣਤੀ 16.6 ਫੀਸਦੀ ਹੈ। ਪੰਜਾਬ ਵਿਚ ਪਿਛਲੇ ਇਕ ਦਹਾਕੇ ਤੋਂ ਵੀ ਜ਼ਿਆਦਾ ਸਮੇਂ ਤੋਂ ਮਰਦ ਤੇ ਔਰਤਾਂ ਦੀ ਗਿਣਤੀ ਦੇ ਵਿਗੜੇ ਅਨੁਪਾਤ ਦਾ ਮਾਮਲਾ ਚਰਚਾ ਦਾ ਵਿਸ਼ਾ ਰਿਹਾ ਹੈ।

ਜਨਗਣਨਾ ਦੇ ਤਾਜ਼ਾ ਤੱਥਾਂ ਮੁਤਾਬਕ ਇਸ ਅਨੁਪਾਤ ਵਿਚ ਸੁਧਾਰ ਦੇਖਣ ਨੂੰ ਮਿਲਿਆ ਹੈ। ਸਾਲ 2001 ਦੀ ਮਰਦਮਸ਼ੁਮਾਰੀ ਦੌਰਾਨ ਇਕ ਹਜ਼ਾਰ ਲੜਕਿਆਂ ਪਿੱਛੇ ਲੜਕੀਆਂ ਦੀ ਗਿਣਤੀ 876 ਸੀ ਜੋ ਹੁਣ 895 ਤਕ ਪਹੁੰਚ ਗਈ ਹੈ। ਹੁਸ਼ਿਆਰਪੁਰ ਵਿਚ ਇਹ ਅਨੁਪਾਤ ਸਭ ਤੋਂ ਜ਼ਿਆਦਾ ਭਾਵ 961 ਹੈ। ਬਠਿੰਡਾ ਵਿਚ ਇਹ ਅਨੁਪਾਤ ਪਹਿਲਾਂ ਨਾਲੋਂ ਵੀ ਘਟ ਗਿਆ ਹੈ।

# ਕਾਂਗਰਸ ਨਾਲ ਗਠਜੋੜ ਲਈ ਖੱਬੇ ਪੱਖੀ ਹੋਏ ਨਰਮ

**ਚੰਡੀਗੜ੍ਹ:** ਭਾਰਤੀ ਕਮਿਊਨਿਸਟ ਪਾਰਟੀ ਲੋਕ ਸਭਾ ਚੋਣਾਂ ਲਈ ਪਾਰਟੀ ਗਠਜੋੜਾਂ ਬਾਰੇ ਫੈਸਲੇ ਸਥਾਨਕ ਲੋੜਾਂ ਮੁਤਾਬਕ ਲਵੇਗੀ ਤੇ ਪਾਰਟੀ ਕੌਮੀ ਪੱਧਰ 'ਤੇ ਕਿਸੇ ਇਕ ਪਾਰਟੀ ਨੂੰ ਸਮਰਥਨ ਦੇਣ ਦਾ ਫੈਸਲਾ ਨਹੀਂ ਲਵੇਗੀ। ਇਸ ਬਾਰੇ ਪਾਰਟੀ ਦੀ ਰਾਸ਼ਟਰੀ ਕਾਰਜਕਾਰਨੀ ਦੇ ਮੈਂਬਰ ਡਾ. ਜੋਗਿੰਦਰ ਦਿਆਲ ਦਾ ਕਹਿਣਾ ਹੈ ਕਿ ਦਿੱਲੀ ਵਿਚ ਇਕ ਤੇ ਦੋ ਜੂਨ ਨੂੰ ਪਾਰਟੀ ਦੀ ਰਾਸ਼ਟਰੀ ਕਾਰਜਕਾਰਨੀ ਦੀ ਬੈਠਕ ਦੌਰਾਨ ਲਏ ਫੈਸਲੇ ਵਿਚ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਅਜਿਹਾ ਕੋਈ ਵੀ ਗਠਜੋੜ ਧਰਮ ਨਿਰਪੱਖ ਤੇ ਲੋਕਤੰਤਰੀ ਸ਼ਕਤੀਆਂ ਨਾਲ ਹੀ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਸੀ.ਪੀ.ਆਈ ਦਾ ਪੰਜਾਬ ਵਿਚ ਸਾਂਝੇ ਮੋਰਚੇ ਵਿਚ ਸ਼ਾਮਲ ਜਥੇਬੰਦੀਆਂ ਨਾਲ ਸਮਝੌਤਾ ਹੈ ਜਿਸ ਵਿਚ ਪੀ.ਪੀ.ਪੀ, ਸੀ.ਪੀ.ਆਈ.ਐਮ ਤੇ ਅਕਾਲੀ ਦਲ ਲੌਂਗੋਵਾਲ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਸੀ.ਪੀ.ਆਈ. ਕੌਮੀ ਪੱਧਰ 'ਤੇ ਖੱਬੇ ਪੱਖੀ ਸ਼ਕਤੀਆਂ ਨੂੰ ਮਜ਼ਬੂਤ ਦੇਖਣਾ ਚਾਹੁੰਦੀ ਹੈ ਪਰ ਦੇਸ਼ ਵਿਚ ਪਾਰਲੀਮਾਨੀ ਚੋਣਾਂ ਤੋਂ ਪਹਿਲਾਂ ਜਿਵੇਂ ਦੋ ਮੁੱਖ ਧਿਰਾਂ ਕਾਂਗਰਸ ਤੇ ਭਾਜਪਾ ਕੌਮੀ ਸਰਕਾਰ ਲਈ ਮੁੱਖ ਦਾਅਵੇਦਾਰ ਵਜੋਂ ਸਾਹਮਣੇ ਆ ਰਹੀਆਂ ਹਨ ਤੇ ਲੋਕ ਮਸਲਿਆਂ ਨੂੰ ਛੱਡ ਕੇ ਸਿਰਫ ਪ੍ਰਧਾਨ ਮੰਤਰੀ ਦੀ ਚੋਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਅਜਿਹੇ ਹਾਲਾਤ ਵਿਚ ਪਾਰਟੀ ਲੋਕਾਂ ਲਈ ਤੀਜਾ ਫਰੰਟ ਸਾਹਮਣੇ ਪੇਸ਼ ਕਰਨ ਦੀ ਕੋਸ਼ਿਸ਼ ਕਰੇਗੀ।

# ਸਿੱਖ ਨਸਲਕੁਸ਼ੀ ਮਾਮਲਾ: ਅਦਾਲਤ ਤੋਂ ਕਾਂਗਰਸ ਨੂੰ ਕੋਈ ਰਾਹਤ ਨਹੀਂ

**ਨਿਊ ਯਾਰਕ (ਬਿਊਰੋ):** ਅਮਰੀਕਾ ਦੀ ਸੰਘੀ ਅਦਾਲਤ ਵਿਚ ਕਾਂਗਰਸ ਪਾਰਟੀ ਖਿਲਾਫ 1984 ਦੀ ਸਿੱਖ ਨਸਲਕੁਸ਼ੀ ਦੇ ਕੇਸ ਵਿਚ ਕਾਂਗਰਸ ਨੂੰ ਕੋਈ ਰਾਹਤ ਨਹੀਂ ਮਿਲੀ। ਜੱਜ ਰੋਬਰਟ ਡਬਲਯੂ ਸਵੀਟ ਨੇ ਸਿੱਖਸ ਫਾਰ ਜਸਟਿਸ ਨੂੰ ਸਤੰਬਰ ਤੱਕ ਦਾ ਸਮਾਂ ਦਿੱਤਾ ਹੈ ਕਿ ਉਹ ਕਿਉਬਲ ਬਨਾਮ ਰਾਇਲ ਡੱਚ ਪੈਟਰੋਲੀਅਮ ਕੰਪਨੀ ਦੇ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਕਾਂਗਰਸ ਪਾਰਟੀ ਖਿਲਾਫ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਆਪਣੀ ਸ਼ਿਕਾਇਤ ਵਿਚ ਸੋਧ ਕਰ ਲਵੇ। ਕਿਉਬਲ ਕੇਸ ਵਿਚ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਸੀ ਕਿ ਕੇਵਲ ਸੀਮਤ ਹਾਲਾਤ ਵਿਚ ਵਿਦੇਸ਼ੀ ਸੰਗਠਨਾਂ ਖਿਲਾਫ ਅਮਰੀਕੀ ਅਦਾਲਤ ਵਿਚ ਮੁਕੱਦਮਾ ਚਲਾਇਆ ਜਾ ਸਕਦਾ ਹੈ, ਬੇਸ਼ਕ ਉਨ੍ਹਾਂ ਨੇ ਹੋਰਨਾਂ ਦੇਸ਼ਾਂ ਵਿਚ ਜਿਆਦਤੀਆਂ ਕੀਤੀਆਂ ਹੋਣ।

ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਕਿਉਬਲ ਕੇਸ ਵਿਚ ਦਿੱਤੇ ਗਏ ਫੈਸਲੇ ਅਨੁਸਾਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਆਪਣੀ ਸ਼ਿਕਾਇਤ ਵਿਚ ਸੋਧ ਕਰਕੇ ਇਸ ਵਿਚ ਦਸਤਾਵੇਜ਼ੀ ਸਬੂਤ ਸ਼ਾਮਿਲ ਕਰਨ ਦਾ ਫੈਸਲਾ ਕੀਤਾ ਹੈ ਤਾਂ ਜੋ ਇਹ ਸਾਬਤ ਹੋਵੇ ਕਿ ਭਾਰਤ ਦੀ ਕਾਂਗਰਸ ਪਾਰਟੀ ਦੇ ਅਮਰੀਕਾ ਸਥਿਤ ਇਸ ਦੀਆਂ ਸ਼ਾਖਾਵਾਂ ਨਾਲ ਸਬੰਧ ਹਨ।

ਜਥੇਬੰਦੀ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਅਨੁਸਾਰ ਸਮੇਂ ਸਮੇਂ ਦੀਆਂ ਭਾਰਤੀ ਸਰਕਾਰਾਂ ਵਲੋਂ ਨਵੰਬਰ 1984 ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਪ੍ਰਤੀ ਕੀਤੀ ਜਾ ਰਹੀ ਪੁਸ਼ਤਪਨਾਹੀ ਕਾਰਨ ਪੀੜਤਾਂ ਨੂੰ ਮਜ਼ਬੂਰ ਹੋ ਕੇ ਇਨਸਾਫ ਦੀ ਪ੍ਰਾਪਤੀ ਲਈ ਅਮਰੀਕੀ ਅਦਾਲਤ ਵਿਚ ਪਹੁੰਚ ਕਰਨੀ ਪੈ ਰਹੀ ਹੈ। ਉਨ੍ਹਾਂ ਕਿਹਾ ਕਿ 29 ਮਈ ਦੀ ਸੁਣਵਾਈ ਕਾਂਗਰਸ (ਆਈ) ਲਈ ਬੇਹੱਦ ਮੁਹੱਤਵਪੂਰਨ ਸੀ ਕਿਉਂਕਿ ਉਸ ਨੂੰ ਆਸ ਸੀ ਕਿ ਕਿਉਬਲ ਕੇਸ ਵਿਚ ਸੁਪਰੀਮ ਕੋਰਟ ਦੇ ਫੈਸਲੇ ਦੇ ਆਧਾਰ 'ਤੇ ਉਨ੍ਹਾਂ ਖਿਲਾਫ ਸਿੱਖ ਅਧਿਕਾਰ ਸੰਸਥਾ ਦੀ ਸ਼ਿਕਾਇਤ ਖਾਰਜ ਕਰ ਦਿੱਤੀ ਜਾਵੇਗੀ। ਕਾਂਗਰਸ (ਆਈ) ਉਤੇ ਨਵੰਬਰ 1984 ਦੌਰਾਨ ਭਾਰਤ ਦੀ ਸਿੱਖ ਅਬਾਦੀ 'ਤੇ ਹਮਲੇ ਕਰਵਾਉਣ, ਸਾਜਿਸ਼ ਰਚਣ, ਸ਼ਹਿ ਦੇਣ ਦੇ ਦੋਸ਼ ਲਾਏ ਗਏ ਹਨ।

ਜਦੋਂ ਜੱਜ ਸਵੀਟ ਬੰਦ ਕਮਰਾ ਸੁਣਵਾਈ ਕਰ ਰਹੀ ਸੀ ਤਾਂ ਸੈਂਕੜੇ ਦੀ ਗਿਣਤੀ ਵਿਚ ਸਿੱਖ ਮੈਨਹਟਨ ਦੀ ਸੰਘੀ ਅਦਾਲਤ ਦੇ ਬਾਹਰ ਇਕੱਠੇ ਹੋ ਕੇ ਪੀੜਤਾਂ ਨਾਲ ਇਕਜੁਟਤਾ ਦਾ ਪ੍ਰਗਟਾਵਾ ਕਰ ਰਹੇ ਸਨ। ਇਸ ਇਨਸਾਫ ਰੈਲੀ ਵਿਚ ਸ਼ਾਮਿਲ ਹੋਣ ਵਾਲੀਆਂ ਜਥੇਬੰਦੀਆਂ ਵਿਚ ਸਿੱਖ ਯੂਥ ਆਫ ਅਮਰੀਕਾ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਅਮਰੀਕਨ ਸਿੱਖ ਆਰਗੇਨਾਈਜੇਸ਼ਨ, ਬਾਬਾ ਬੰਦਾ ਸਿੰਘ ਬਹਾਦਰ ਸਿੱਖ ਸੁਸਾਇਟੀ, ਦਲ ਖਾਲਸਾ, ਪੰਥਕ ਸਿੱਖ ਸੁਸਾਇਟੀ ਅਤੇ ਏ ਜੀ ਪੀ ਸੀ ਸ਼ਾਮਿਲ ਸਨ।




ਸੰਘੀ ਅਦਾਲਤ ਦੇ ਬਾਹਰ ਮੁਜਾਹਰਾ ਕਰ ਰਹੇ ਸਿੱਖ

# ਸਰਕਾਰ ਤੇ ਸ਼੍ਰੋਮਣੀ ਕਮੇਟੀ ਨੇ ਗਰਮ ਖਿਆਲੀਆਂ 'ਤੇ ਵਰਤੀ ਸਖ਼ਤੀ

## ਸਿਮਰਨਜੀਤ ਸਿੰਘ ਮਾਨ ਨੂੰ ਅਕਾਲ ਤਖ਼ਤ ਉਤੇ ਜਾਣ ਤੋਂ ਰੋਕਿਆ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਾਕਾ ਨੀਲਾ ਤਾਰਾ ਦੌਰਾਨ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿਚ ਕਰਵਾਏ ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਨੇ ਗਰਮ ਖਿਆਲੀਆਂ ਨਾਲ ਪੂਰੀ ਸਖ਼ਤੀ ਵਰਤੀ ਤੇ ਕਿਸੇ ਨੂੰ ਵੀ ਤਕਰੀਰ ਨਾ ਕਰਨ ਦਿੱਤੀ ਗਈ। ਗਰਮ ਖਿਆਲੀ ਆਗੂਆਂ ਨੂੰ ਤਾਂ ਸ੍ਰੀ ਅਕਾਲ ਤਖ਼ਤ ਦੇ ਨੇੜੇ ਵੀ ਨਾ ਢੁਕਣ ਦਿੱਤਾ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ਼ਹੀਦੀ ਸਮਾਰਕ 'ਤੇ ਸ਼੍ਰੋਮਣੀ ਕਮੇਟੀ ਨੇ ਆਪਣੇ ਮੁਲਾਜ਼ਮਾਂ ਰਾਹੀਂ ਕਬਜ਼ਾ ਕਰਕੇ ਵੱਡੀ ਗਿਣਤੀ ਵਿਚ ਟਾਸਕ ਫੋਰਸ ਤਾਇਨਾਤ ਕਰ ਦਿੱਤੀ ਗਈ। ਇਸ ਕੰਮ ਲਈ ਪੰਜਾਬ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਵੱਲੋਂ ਵੀ ਵੱਡੀ ਗਿਣਤੀ ਵਿਚ ਪੁਲਿਸ ਕਰਮਚਾਰੀ, ਵੱਖ-ਵੱਖ ਥਾਣਿਆਂ ਦੇ ਮੁਖੀ ਸਿਵਲ ਵਰਦੀ ਵਿਚ ਤਾਇਨਾਤ ਕੀਤੇ ਸਨ।

ਸ਼ਹੀਦੀ ਯਾਦਗਾਰ 'ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਹੋਰ ਸ਼ਹੀਦਾਂ ਦੇ ਨਾਂ 'ਤੇ ਇਤਿਹਾਸ ਲਿਖੇ ਜਾਣ ਕਾਰਨ ਸ਼੍ਰੋਮਣੀ ਕਮੇਟੀ ਤੇ ਪੰਥਕ ਦਲਾਂ ਦਰਮਿਆਨ ਪਈ ਦਰਾੜ ਤੇ ਦੂਰੀਆਂ ਬਰਕਰਾਰ ਵਿਖਾਈ ਦਿੱਤੀਆਂ। ਇਥੇ ਉਸ ਵੇਲੇ ਮਾਹੌਲ ਤਣਾਅ ਵਾਲਾ ਬਣ ਗਿਆ ਜਦੋਂ ਸਿਮਰਨਜੀਤ ਸਿੰਘ ਮਾਨ ਤੇ ਉਨ੍ਹਾਂ ਦੇ ਸਮਰਥਕਾਂ ਨੂੰ ਟਾਸਕ ਫੋਰਸ ਨੇ ਅਕਾਲ ਤਖ਼ਤ ਸਾਹਿਬ 'ਤੇ ਜਾਣ ਤੋਂ ਰੋਕਿਆ। ਇਸ ਤਕਰਾਰ ਦੌਰਾਨ ਦੋਵਾਂ ਧਿਰਾਂ ਵਿਚਾਲੇ ਧੱਕਾ-ਮੁੱਕੀ ਵੀ ਹੋਈ। ਮਾਨ ਧੜੇ ਦੇ ਆਗੂਆਂ ਨੇ ਦਾਅਵਾ ਕੀਤਾ ਕਿ ਟਾਸਕ ਫੋਰਸ ਨੇ ਕਿਰਪਾਨਾਂ ਕੱਢ ਲਈਆਂ ਸਨ ਜਿਸ ਨਾਲ ਸਾਬਕਾ ਸੰਸਦ ਮੈਂਬਰ ਧਿਆਨ ਸਿੰਘ ਮੰਡ ਦੀ ਉਂਗਲ ਤੇ ਸੱਟ ਵੀ ਲੱਗੀ ਹੈ।

ਉਨ੍ਹਾਂ ਦੋਸ਼ ਲਾਇਆ ਕਿ ਟਾਸਕ ਫੋਰਸ ਨੇ ਮਗਰੋਂ ਸੁਖਜਿੰਦਰ ਸਿੰਘ ਨਾਂ ਦੇ ਪਾਰਟੀ ਵਰਕਰ ਦੀ ਮਾਰਕੁੱਟ ਕਰਦਿਆਂ ਉਸ ਦੀ ਦਸਤਾਰ ਵੀ ਉਤਾਰ ਦਿੱਤੀ। ਜਦੋਂ ਸ. ਮਾਨ ਤੇ ਉਨ੍ਹਾਂ ਦੇ ਸਮਰਥਕ ਸ਼ਹੀਦੀ ਯਾਦਗਾਰ ਵਿਖੇ ਮੱਥਾ ਟੇਕਣ ਲਈ ਗਏ ਤਾਂ ਉਨ੍ਹਾਂ ਉਥੇ ਸੰਤ ਭਿੰਡਰਾਂਵਾਲਿਆਂ ਦੇ ਨਾਂ ਵਾਲੀ ਗੋਲਕ ਜਿਸ ਨੂੰ ਸ਼੍ਰੋਮਣੀ ਕਮੇਟੀ ਨੇ ਉਲਟਾ ਕਰਕੇ ਰੱਖ ਦਿੱਤਾ ਸੀ, ਨੂੰ ਮੁੜ ਪਹਿਲਾਂ ਵਾਲੀ ਸਥਿਤੀ ਵਿਚ ਰੱਖ ਦਿੱਤਾ ਤੇ ਨਾਅਰੇਬਾਜ਼ੀ ਕਰਦੇ ਹੋਏ ਹੇਠਾਂ ਉਤਰ ਆਏ। ਤੁਰੰਤ ਬਾਅਦ ਹੀ ਸ਼੍ਰੋਮਣੀ ਕਮੇਟੀ ਦੇ ਕਾਰਕੁਨਾਂ ਨੇ ਇਸ ਗੋਲਕ ਨੂੰ ਮੁੜ ਉਲਟਾ ਕਰ ਦਿੱਤਾ।

ਇਸ ਮੌਕੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲੇ ਦੇ ਕਾਰਕੁਨਾਂ ਵੱਲੋਂ ਪ੍ਰਧਾਨ ਬਲਵੰਤ ਸਿੰਘ ਗੋਪਾਲਾ ਤੇ ਮੀਤ ਪ੍ਰਧਾਨ ਡਾ. ਗੁਰਜਿੰਦਰ ਸਿੰਘ ਦੀ ਅਗਵਾਈ ਹੇਠ ਨੰਗੀਆਂ ਕਿਰਪਾਨਾਂ ਨਾਲ ਸਲਾਮੀ ਦਿੱਤੀ ਗਈ। ਸਮਾਗਮ 'ਤੇ ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਦਾ ਪ੍ਰਛਾਵਾਂ ਵੀ ਦਿਖਾਈ ਦਿੱਤਾ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਸ਼ਹੀਦੀ ਯਾਦਗਾਰ ਅਤੇ ਇਸ ਦੇ ਵਿਵਾਦ ਬਾਰੇ ਕੋਈ ਸ਼ਬਦ ਨਹੀਂ ਆਖਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਵੀ ਮੀਡੀਆ ਤੋਂ ਬਚਦੇ ਹੋਏ ਜਲਦੀ ਨਿਕਲ ਗਏ।

ਸਮਾਗਮ ਦੌਰਾਨ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਅਕਾਲ ਤਖ਼ਤ ਸਾਹਿਬ ਵਿਖੇ ਬੈਠਣ ਦੀ ਥਾਂ ਹੇਠਾਂ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਆਮ ਸੰਗਤ ਵਿਚ ਬੈਠੇ ਸਨ। ਸਮਾਗਮ ਦੌਰਾਨ ਸਖ਼ਤ ਸੁਰੱਖਿਆ ਪ੍ਰਬੰਧਾਂ ਲਈ ਜਿਥੇ ਵੱਡੀ ਗਿਣਤੀ ਵਿਚ ਟਾਸਕ ਫੋਰਸ ਤਾਇਨਾਤ ਸੀ ਉਥੇ ਚਿੱਟ ਕੱਪੜੀਏ ਪੁਲੀਸ ਵਾਲੇ ਵੀ ਹਾਜ਼ਰ ਸਨ। ਸਮਾਗਮ ਦੇ ਸ਼ੁਰੂ ਵਿਚ ਹੀ ਸ਼੍ਰੋਮਣੀ ਕਮੇਟੀ ਦੇ ਕਰਮਚਾਰੀ ਵੱਡੀ ਗਿਣਤੀ ਵਿਚ ਸਮਾਗਮ ਵਾਲੀ ਥਾਂ 'ਤੇ ਬੈਠ ਗਏ ਜਿਸ ਕਾਰਨ ਆਮ ਸੰਗਤ ਤੇ ਹੋਰ ਅਕਾਲ ਤਖ਼ਤ ਸਾਹਿਬ ਉਪਰ ਨਹੀਂ ਬੈਠ ਸਕੇ।

ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅੰਦਰ ਆਪਣੇ ਮੁਲਾਜ਼ਮ ਵੱਡੀ ਗਿਣਤੀ ਵਿਚ ਬਿਠਾਏ ਜਾਣ ਤੇ ਪੌੜੀਆਂ ਵਿਚ ਟਾਸਕ ਫੋਰਸ ਤੇ ਬਾਂਸ ਲਾਉਣ ਕਾਰਨ ਪੰਥਕ ਦਲਾਂ ਦੇ ਆਗੂ ਸਮਾਗਮ ਵਾਲੀ ਥਾਂ ਪੁੱਜ ਨਾ ਸਕੇ ਜਿਸ ਕਾਰਨ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਬਾਹਰ ਹੀ ਬੈਠਣਾ ਪਿਆ ਜਦਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਸ਼੍ਰੋਮਣੀ ਕਮੇਟੀ ਮੈਂਬਰਾਂ ਤੇ ਹੋਰ ਆਗੂਆਂ ਲਈ ਪੁਖ਼ਤਾ ਪ੍ਰਬੰਧ ਕੀਤੇ ਹੋਏ ਸਨ ਜਿਸ ਦਾ ਸਿੱਖ ਸੰਗਤਾਂ ਵਿਚ ਭਾਰੀ ਰੋਸ ਵੇਖਿਆ ਗਿਆ।

ਇਸ ਕਰਕੇ ਦਮਦਮੀ ਟਕਸਾਲ ਮਹਿਤਾ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਖ਼ਾਲਸਾ, ਭਾਈ ਜਸਬੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਈਸ਼ਰ ਸਿੰਘ ਸਪੁੱਤਰ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ, ਹਰਪਾਲ ਸਿੰਘ ਚੀਮਾ ਪ੍ਰਧਾਨ ਪੰਥ ਪ੍ਰਧਾਨੀ, ਦਲ ਖ਼ਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ, ਬਾਬਾ ਮੇਜਰ ਸਿੰਘ ਵਾਂ, ਫੈਡਰੇਸ਼ਨ ਪ੍ਰਧਾਨ ਡਾ: ਮਨਜੀਤ ਸਿੰਘ ਭੋਮਾ ਨੂੰ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਬਾਹਰ ਹੀ ਬੈਠਣਾ ਪਿਆ।

# ਸਿੱਖੀ ਦਾ ਅਸਲ ਅਕਸ ਪ੍ਰਚਾਰਨ ਵਿਚ ਕਸਰ ਰਹਿ ਗਈ: ਸਿੰਘ ਸਾਹਿਬ

**ਅੰਮ੍ਰਿਤਸਰ:** ਸਾਕਾ ਨੀਲਾ ਤਾਰਾ ਦੌਰਾਨ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿਚ ਛੇ ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕਰਵਾਏ ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਕੌਮ ਦੇ ਨਾਂ ਜਾਰੀ ਸੰਦੇਸ਼ ਵਿਚ ਕਿਹਾ ਕਿ ਸਿੱਖੀ ਦਾ ਅਸਲ ਅਕਸ ਹੋਰ ਧਰਮਾਂ, ਦੂਸਰੇ ਰਾਜਾਂ ਤੇ ਵਿਦੇਸ਼ਾਂ ਵਿਚ ਵਸਦੇ ਲੋਕਾਂ ਤੱਕ ਸਹੀ ਢੰਗ ਨਾਲ ਪਹੁੰਚਾਉਣ ਵਿਚ ਹੁਣ ਤੱਕ ਸਫਲਤਾ ਨਹੀਂ ਮਿਲ ਸਕੀ ਜਿਸ ਲਈ ਜਿਥੇ ਸਰਕਾਰੀ ਤੰਤਰ ਤੇ ਸਰਕਾਰੀ ਮੀਡੀਆ ਦੀਆਂ ਕੋਝੀਆਂ ਚਾਲਾਂ ਜ਼ਿੰਮੇਵਾਰ ਹਨ, ਉਥੇ ਨਿੱਜੀ ਸਵਾਰਥਾਂ ਖਾਤਰ ਆਪਸੀ ਖਿਚੋਤਾਣ ਵਿਚ ਉਲਝਦਿਆਂ ਸਾਡੇ ਖੁਦ ਵੱਲੋਂ ਕੀਤੀਆਂ ਜਾ ਰਹੀਆਂ ਗਲਤੀਆਂ ਵੀ ਹਨ। ਉਨ੍ਹਾਂ ਕਿਹਾ ਕਿ 29 ਸਾਲ ਬਾਅਦ ਵੀ ਸਾਕਾ ਨੀਲਾ ਤਾਰਾ ਦੇ ਜ਼ਖ਼ਮ ਸਿੱਖ ਮਾਨਸਿਕਤਾ ਵਿਚ ਨਾ ਭੁੱਲਣ ਵਾਲੇ ਹਨ। ਉਨ੍ਹਾਂ ਕੌਮ ਨੂੰ ਇਕ ਪੰਥਕ ਸ਼ਕਤੀ ਦੇ ਰੂਪ ਵਿਚ ਏਕਤਾ ਨਾਲ ਹੰਭਲਾ ਮਾਰਨ ਦੀ ਤਾਕੀਦ ਕਰਦਿਆਂ ਕਿਹਾ ਆਪਸੀ ਵੰਡਾਂ ਦਰਮਿਆਨ ਸਿੱਖੀ ਦੇ ਦੁਸ਼ਮਣ ਲਾਹਾ ਲੈ ਕੇ ਮਰਿਆਦਾ ਤੇ ਸਿਧਾਂਤਾਂ ਨੂੰ ਢਾਹ ਲਾਉਂਦਿਆਂ ਦੂਜੇ ਧਰਮਾਂ ਤੇ ਵਿਚਾਰਧਾਰਾਵਾਂ ਦੇ ਲੋਕਾਂ ਵਿਚ ਸਿੱਖਾਂ ਦਾ ਗਲਤ ਅਕਸ ਪੇਸ਼ ਕਰ ਰਹੇ ਹਨ। ਚਉਨ੍ਹਾਂ ਇਸ ਮਾਰੂ ਪ੍ਰਚਲਣ ਨਾਲ ਨਜਿੱਠਣ ਲਈ ਸ਼੍ਰੋਮਣੀ ਕਮੇਟੀ ਰਾਹੀਂ ਸਿੱਖ ਵਿਦਵਾਨਾਂ, ਇਤਿਹਾਸਕਾਰਾਂ, ਪੰਥਕ ਪੱਤਰਕਾਰਾਂ, ਸੰਘਰਸ਼ ਦਾ ਹਿੱਸਾ ਰਹੇ ਗੁਰਸਿੱਖਾਂ ਨਾਲ ਵਿਚਾਰ ਵਟਾਂਦਰਾ ਕਰਕੇ ਸਿੱਖਾਂ ਦੇ ਮਾਣਮੱਤੇ ਇਤਿਹਾਸ ਤੇ ਸਮੇਂ-ਸਮੇਂ ਜ਼ਾਲਮ ਹਕੂਮਤਾਂ ਵੱਲੋਂ ਸਿੱਖਾਂ 'ਤੇ ਹੋਏ ਅੱਤਿਆਚਾਰਾਂ ਨੂੰ ਹਰੇਕ ਭਾਸ਼ਾ ਵਿਚ ਛਾਪ ਕੇ ਦੇਸ਼-ਵਿਦੇਸ਼ ਦੇ ਹਰੇਕ ਕੋਨੇ ਤੱਕ ਪਹੁੰਚਾਉਣ ਦੀ ਜ਼ਰੂਰਤ ਦੱਸੀ। ਉਨ੍ਹਾਂ ਕਿਹਾ ਕਿ ਅੱਜ ਵਿਸ਼ਵ ਭਰ ਵਿਚ ਸਿੱਖ ਜੂਨ 84 ਦੇ ਭਿਆਨਕ ਘੱਲੂਘਾਰੇ ਦੀ ਕੌੜੀ ਯਾਦ ਮਨਾ ਰਹੇ ਹਨ ਜਿਸ ਤਹਿਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਦਲ 'ਤੇ ਜੁੜ ਕੇ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰ ਰਹੇ ਹਨ ਜਿਨ੍ਹਾਂ ਨੇ ਧਾਰਮਿਕ ਮੁਕੱਦਸ ਅਸਥਾਨ 'ਤੇ ਹੋਏ ਹਕੂਮਤੀ ਫ਼ੌਜੀ ਹਮਲੇ ਦੌਰਾਨ ਸ਼ਹਾਦਤਾਂ ਦੇ ਜਾਮ ਪੀਤੇ ਸਨ।



# 'ਸ਼ਹੀਦੀ ਯਾਦਗਾਰ ਬਾਰੇ ਹੁਣ ਕੋਈ ਵਿਵਾਦ ਨਹੀਂ'

**ਚੌਕ ਮਹਿਤਾ:** ਦਮਦਮੀ ਟਕਸਾਲ ਦੇ ਹੈੱਡਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਚੌਕ ਮਹਿਤਾ ਵਿਖੇ ਜੂਨ 1984 ਦੇ ਦਰਬਾਰ ਸਾਹਿਬ ਉਪਰ ਹਮਲੇ ਵਿਚ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿਚ ਕਰਵਾਏ ਸਮਾਗਮ ਦੌਰਾਨ ਵੱਡੀ ਗਿਣਤੀ ਵਿਚ ਸੰਤ ਸਮਾਜ, ਸਾਧੂ ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਅਕਾਲੀ ਨੇਤਾ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਮੈਂਬਰ ਤੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਹੁੰਮ-ਹੁੰਮਾ ਕੇ ਪੁੱਜੀਆਂ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਬਣੀ ਸ਼ਹੀਦੀ ਯਾਦਗਾਰ ਬਾਰੇ ਕੋਈ ਵਾਦ-ਵਿਵਾਦ ਨਹੀਂ ਤੇ ਨਾ ਹੀ ਇਸ ਦੇ ਮੌਜੂਦਾ ਵਜੂਦ ਵਿਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਦੀ ਕੋਈ ਗੁੰਜਾਇਸ਼ ਹੈ।

## ਦਲ ਖਾਲਸਾ ਵੱਲੋਂ ਮਾਰਚ

**ਅੰਮ੍ਰਿਤਸਰ:** ਦਲ ਖ਼ਾਲਸਾ ਨੇ ਨੀਲਾ ਤਾਰਾ ਸਾਕੇ ਦੀ 29ਵੀਂ ਵਰ੍ਹੇਗੰਢ ਨੂੰ ਸਮਰਪਿਤ ਘੱਲੂਘਾਰਾ ਯਾਦਗਾਰੀ ਮਾਰਚ ਕੀਤਾ। ਮਾਰਚ ਦੌਰਾਨ ਭਾਵੇਂ ਖਾਲਿਸਤਾਨ ਦੇ ਨਾਅਰੇ ਨਹੀਂ ਮਾਰੇ ਗਏ ਪਰ ਪਾਰਟੀ ਪ੍ਰਧਾਨ ਧਾਮੀ ਨੇ ਅਰਦਾਸ ਵਿਚ ਕਿਹਾ, 'ਸਾਨੂੰ ਭਟਕਦਿਆਂ ਬਹੁਤ ਸਮਾਂ ਹੋ ਗਿਆ ਹੈ, ਹੁਣ ਸਿੱਖਾਂ ਦੀ ਗੁਲਾਮੀ ਖ਼ਤਮ ਕਰੋ ਤੇ ਸਿੱਖਾਂ ਨੂੰ ਖਾਲਿਸਤਾਨ ਦੇ ਦਿਉ।' ਮਾਰਚ ਵਿਚ ਨੌਜਵਾਨਾਂ ਨੇ ਖਾਲਸਾਈ ਝੰਡੇ ਫੜੇ ਹੋਏ ਸਨ।

## ਬਾਬਾ ਹਰਨਾਮ ਸਿੰਘ ਨੂੰ ਭਿੰਡਰਾਂਵਾਲਾ ਦੀ ਉਪਾਧੀ

ਸਮਾਗਮ ਵਿਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਭਾਈ ਮਨਜੀਤ ਸਿੰਘ ਭੋਮਾ ਵੱਲੋਂ ਦਮਦਮੀ ਟਕਸਾਲ ਦੀ ਰਵਾਇਤ ਤੇ ਵਿਰਾਸਤ ਨੂੰ ਅੱਗੇ ਤੋਰਨ ਲਈ ਬਾਬਾ ਹਰਨਾਮ ਸਿੰਘ ਦੇ ਨਾਂ ਨਾਲ ਭਿੰਡਰਾਂਵਾਲਾ ਲਾਏ ਜਾਣ ਦਾ ਮਤਾ ਪੇਸ਼ ਕੀਤਾ ਜੋ ਹਾਜ਼ਰ ਸੰਗਤ ਨੇ ਜੈਕਾਰਿਆਂ ਦੀ ਗੂੰਜ ਨਾਲ ਪ੍ਰਵਾਨ ਕਰ ਲਿਆ। ਹੁਣ ਅੱਗੇ ਤੋਂ ਬਾਬਾ ਹਰਨਾਮ ਸਿੰਘ ਭਿੰਡਰਾਂਵਾਲਿਆਂ ਦੇ ਨਾਂ ਨਾਲ ਜਾਣੇ ਜਾਣਗੇ। ਇਸ ਮੌਕੇ ਬਾਬਾ ਹਰਨਾਮ ਸਿੰਘ ਨੇ ਸਟੇਜ ਤੋਂ ਨਾ ਹੀ ਕੋਈ ਭਾਸ਼ਣ ਕੀਤਾ ਤੇ ਨਾ ਹੀ ਉਹ ਸਟੇਜ ਉਪਰ ਵੱਡੇ ਆਗੂਆਂ ਵਿਚ ਹੀ ਬੈਠੇ।

## ਸ਼ਹੀਦਾਂ ਦੇ ਵਾਰਸਾਂ ਦਾ ਸਨਮਾਨ

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸਪੁੱਤਰ ਭਾਈ ਈਸ਼ਰ ਸਿੰਘ, ਇੰਦਰਾ ਗਾਂਧੀ ਦੇ ਕਤਲ ਵਿਚ ਫਾਂਸੀ ਦਿੱਤੇ ਭਾਈ ਸਤਵੰਤ ਸਿੰਘ ਦੇ ਪਿਤਾ ਬਾਪੂ ਤਰਲੋਕ ਸਿੰਘ ਤੇ ਮਾਤਾ ਪਿਆਰ ਕੌਰ, ਕੇਹਰ ਸਿੰਘ ਦੇ ਪੁੱਤਰ ਸੁਖਵੰਤ ਸਿੰਘ, ਭਾਈ ਹਰਜਿੰਦਰ ਸਿੰਘ ਦੇ ਭਰਾ ਨੂੰ ਸਿਰੋਪੇ ਦੇ ਕੇ ਸਨਮਾਨਤ ਕੀਤਾ ਗਿਆ। ਅਮਰੀਕਾ ਤੋਂ ਡਿਪੋਰਟ ਹੋ ਕੇ ਰਿਹਾਅ ਹੋਏ ਰਣਜੀਤ ਸਿੰਘ ਗਿੱਲ ਕੁੱਕੀ ਨੂੰ ਵੀ ਸਿਰੋਪਾ ਭੇਟ ਕੀਤਾ ਗਿਆ। ਪੰਜਾਬੀ ਗਾਇਕ ਕੇ.ਐਸ. ਮੱਖਣ ਜੋ ਅੰਮ੍ਰਿਤਧਾਰੀ ਬਣ ਕੇ ਧਾਰਮਿਕ ਗੀਤ ਗਾਉਣ ਲਈ ਵਚਨਬੱਧ ਹੋਏ ਹਨ, ਦਾ ਵੀ ਸਨਮਾਨ ਕੀਤਾ।

## ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਗੂੰਜੇ

ਜੂਨ 1984 ਦੇ ਸ਼ਹੀਦਾਂ ਦੀ ਯਾਦ ਵਿਚ ਕਰਵਾਏ ਸਮਾਗਮ ਦੌਰਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਿਚ ਉਨ੍ਹਾਂ ਦੇ ਸਮਰਥਕਾਂ ਵੱਲੋਂ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਦੇ ਕੌਮ ਦੇ ਨਾਂ ਸੰਦੇਸ਼ ਦੀ ਸਮਾਪਤੀ ਤੋਂ ਬਾਅਦ ਅਚਾਨਕ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਮਾਰਨੇ ਸ਼ੁਰੂ ਕਰ ਦਿੱਤੇ। ਪੰਡਾਲ ਵਿਚ ਬੈਠੇ ਵੱਖ-ਵੱਖ ਖੇਤਰਾਂ ਤੋਂ ਆਏ ਗਰਮਦਲੀਆਂ ਵੱਲੋਂ ਉਨ੍ਹਾਂ ਦੇ ਨਾਅਰਿਆਂ ਸਬੰਧੀ ਪੂਰੀ ਗਰਮਜੋਸ਼ੀ ਵਿਖਾਈ ਦਿਖਾਈ ਗਈ। ਇਸ ਮੌਕੇ ਸ. ਮਾਨ ਨੇ ਕਿਹਾ ਕਿ 1984 ਵੇਲੇ ਦੀ ਕੇਂਦਰੀ ਸਰਕਾਰ ਵੱਲੋਂ ਸ. ਪ੍ਰਕਾਸ਼ ਸਿੰਘ ਬਾਦਲ, ਸੰਤ ਹਰਚੰਦ ਸਿੰਘ ਲੌਂਗੋਵਾਲ, ਸ. ਸੁਰਜੀਤ ਸਿੰਘ ਬਰਨਾਲਾ, ਸ. ਜਗਦੇਵ ਸਿੰਘ ਤਲਵੰਡੀ, ਜਥੇ ਗੁਰਚਰਨ ਸਿੰਘ ਟੌਹੜਾ ਆਦਿ ਨਾਲ ਵਿਚਾਰ ਕਰਕੇ ਹੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵਿਰੁੱਧ ਸਾਜਿਸ਼ ਤਹਿਤ ਸ੍ਰੀ ਹਰਿਮੰਦਰ ਸਾਹਿਬ 'ਤੇ ਫ਼ੌਜੀ ਹਮਲੇ ਲਈ ਹੁਕਮ ਦਿੱਤੇ ਸਨ।

## ਏਕੇ ਨਾਲ ਜੱਦੋ ਜਹਿਦ ਦਾ ਸੱਦਾ

ਜੂਨ 1984 ਦੇ ਸ਼ਹੀਦਾਂ ਦੀ ਯਾਦਗਾਰ ਦਾ ਨਿਰਮਾਣ ਕਰਵਾਉਣ ਵਾਲੇ ਦਮਦਮੀ ਟਕਸਾਲ (ਮਹਿਤਾ) ਦੇ ਮੁਖੀ ਬਾਬਾ ਹਰਨਾਮ ਸਿੰਘ ਨੇ ਹਿੰਦੋਸਤਾਨ ਦੀ ਹਕੂਮਤ ਵੱਲੋਂ ਸ੍ਰੀ ਹਰਿਮੰਦਰ ਸਾਹਿਬ 'ਤੇ ਫ਼ੌਜੀ ਹਮਲੇ ਨੂੰ ਬੁਜ਼ਦਿਲ ਕਾਰਵਾਈ ਕਰਾਰ ਦਿੰਦਿਆਂ ਕਿਹਾ ਕਿ ਦੇਸ਼ ਵਿਚ ਅੱਜ ਵੀ ਸਿੱਖਾਂ ਨਾਲ ਵਧੀਕੀਆਂ ਜਾਰੀ ਹਨ ਤੇ ਕਿਸੇ ਪਾਸੇ ਵੀ ਨਿਆਂ ਮਿਲਦਾ ਨਜ਼ਰ ਨਹੀਂ ਆਉਂਦਾ। ਉਨ੍ਹਾਂ ਕਿਹਾ ਕਿ ਕੌਮ ਨੂੰ ਏਕੇ ਦੀ ਲੜੀ ਵਿਚ ਬੱਝ ਕੇ ਆਪਣੇ ਹੱਕਾਂ ਲਈ ਜਦੋ-ਜਹਿਦ ਜਾਰੀ ਰੱਖਣੀ ਹੋਵੇਗੀ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਦੇਸ਼ ਵਿਚ ਦੁਸ਼ਮਣਾਂ ਜਾਂ ਦੂਸਰੇ ਦਰਜੇ ਦੇ ਸ਼ਹਿਰੀਆਂ ਵਾਲਾ ਸਲੂਕ ਝੱਲਣਾ ਪੈ ਰਿਹਾ ਹੈ ਪਰ ਏਕਤਾ ਨਾਲਆਪਣੀ ਹਸਤੀ ਮੁੜ ਸਥਾਪਿਤ ਕਰਨ ਦੇ ਯੋਗ ਹੋਇਆ ਜਾ ਸਕਦਾ ਹੈ।

## ਸੱਚ ਸਾਹਮਣੇ ਲਿਆਉਣ 'ਤੇ ਜ਼ੋਰ

ਸਾਕਾ ਨੀਲਾ ਤਾਰਾ ਦੀ 29ਵੀਂ ਵਰ੍ਹੇਗੰਢ ਮੌਕੇ ਖਾਲਸਾ ਐਕਸ਼ਨ ਕਮੇਟੀ ਦੇ ਕਨਵੀਨਰ ਭਾਈ ਮੋਹਕਮ ਸਿੰਘ ਨੇ ਮੰਗ ਕੀਤੀ ਹੈ ਕਿ ਨਿਰਪੱਖ ਕਮੇਟੀ ਕਾਇਮ ਕਰਕੇ ਇਹ ਜਾਂਚ ਕੀਤੀ ਜਾਵੇ ਕਿ ਸਾਕਾ ਨੀਲਾ ਤਾਰਾ ਫੌਜੀ ਕਾਰਵਾਈ ਕਰਾਉਣ ਵਿਚ ਕਾਂਗਰਸ ਵਿਚਲੇ ਸਿੱਖ ਆਗੂਆਂ ਤੇ ਅਕਾਲੀ ਆਗੂਆਂ ਦਾ ਕੀ ਰੋਲ ਸੀ।ਅਰਦਾਸ ਸਮਾਗਮ ਵਿਚ ਸ਼ਾਮਲ ਹੋਣ ਮਗਰੋਂ ਉਨ੍ਹਾਂ ਆਖਿਆ ਕਿ ਇਹ ਜਾਂਚ ਹੋਣ ਮਗਰੋਂ ਸਪੱਸ਼ਟ ਹੋ ਜਾਵੇਗਾ ਕਿ ਸਾਕਾ ਨੀਲਾ ਤਾਰਾ ਫੌਜੀ ਕਾਰਵਾਈ ਕਿਨ੍ਹਾਂ ਦੇ ਇਸ਼ਾਰਿਆਂ 'ਤੇ ਤੇ ਕਿਨ੍ਹਾਂ ਦੀ ਮਿਲੀਭੁਗਤ ਨਾਲ ਹੋਈ ਸੀ। ਉਨ੍ਹਾਂ ਆਖਿਆ ਕਿ 29 ਵਰ੍ਹੇ ਬੀਤ ਚੁੱਕੇ ਹਨ ਤੇ ਹਰ ਵਾਰ ਇਕ ਦੂਜੇ ਨੂੰ ਇਸ ਫੌਜੀ ਕਾਰਵਾਈ ਲਈ ਦੋਸ਼ੀ ਠਹਿਰਾਇਆ ਗਿਆ ਹੈ।

# ਸਿੱਖ ਸੰਘਰਸ਼ ਬਾਰੇ ਫਿਲਮ ਬਣੇਗੀ

**ਅੰਮ੍ਰਿਤਸਰ:** ਦਮਦਮੀ ਟਕਸਾਲ ਸੰਗਰਾਵਾਂ ਵੱਲੋਂ ਸਾਕਾ ਨੀਲਾ ਤਾਰਾ ਦੀ 29ਵੀਂ ਵਰ੍ਹੇਗੰਢ ਮੌਕੇ ਸੰਗਰਾਵਾਂ ਵਿਖੇ ਸ਼ਹੀਦੀ ਦਿਹਾੜਾ ਮਨਾਇਆ ਗਿਆ। ਜਥੇਬੰਦੀ ਵੱਲੋਂ 1978 ਤੋਂ ਲੈ ਕੇ ਹੁਣ ਤੱਕ ਦੇ ਸਿੱਖ ਸੰਘਰਸ਼ ਦੀ ਦਸਤਾਵੇਜ਼ੀ ਫਿਲਮ ਤਿਆਰ ਕਰਵਾਉਣ, ਖਾਲਸਾ ਪਬਲਿਕ ਸਕੂਲਾਂ ਦੀ ਲੜੀ ਸ਼ੁਰੂ ਕਰਨ ਤੇ ਸਿੱਖ ਧਰਮ ਦੇ ਪ੍ਰਚਾਰ ਤੇ ਪਸਾਰ ਲਈ ਸਿੱਖ ਰੀਲੀਜਸ ਐਜੂਕੇਸ਼ਨ ਟਰੱਸਟ ਸਥਾਪਤ ਕਰਨ ਦੇ ਫੈਸਲੇ ਲਏ ਗਏ। ਸੰਗਰਾਵਾਂ ਵਿਖੇ ਰੱਖੇ ਗਏ ਅਖੰਡ ਪਾਠ ਦੇ ਭੋਗ ਮੌਕੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਤੇ ਹੋਰ ਪਤਵੰਤੇ ਸ਼ਾਮਲ ਹੋਏ। ਜਥੇਬੰਦੀ ਦੇ ਮੁਖੀ ਬਾਬਾ ਰਾਮ ਸਿੰਘ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਦੋਸ਼ ਲਾਇਆ ਕਿ ਸਾਕਾ ਨੀਲਾ ਤਾਰਾ ਸਮੇਂ ਸ੍ਰੀ ਦਰਬਾਰ ਸਾਹਿਬ ਸਮੇਤ 37 ਹੋਰ ਗੁਰਧਾਮਾਂ 'ਤੇ ਕੀਤਾ ਗਿਆ ਹਮਲਾ ਸੋਚੀ ਸਮਝੀ ਸਾਜ਼ਿਸ਼ ਸੀ ਜਿਸ ਦਾ ਮੰਤਵ ਸਿੱਖ ਕੌਮ ਦੀ ਹੋਂਦ ਹਸਤੀ ਖ਼ਤਮ ਕਰਨਾ ਸੀ।

ਉਨ੍ਹਾਂ ਆਖਿਆ ਕਿ ਇਸ ਵੇਲੇ ਬਹੁਗਿਣਤੀ ਸਿੱਖ ਲੀਡਰਸ਼ਿਪ ਇਸ ਕੌਮੀ ਭਾਵਨਾ ਤੋਂ ਥਿੜਕ ਚੁੱਕੀ ਹੈ ਤੇ ਨਿੱਜੀ ਸਵਾਰਥਾਂ ਦੀ ਭੇਟ ਚੜ੍ਹ ਚੁੱਕੀ ਹੈ। ਇਸੇ ਲਈ ਜੇਲ੍ਹਾਂ ਵਿਚ ਬੰਦ ਸਿੱਖ ਨੌਜਵਾਨਾਂ ਨੂੰ ਰਿਹਾਅ ਕਰਾਉਣ ਲਈ ਕੋਈ ਯਤਨ ਨਹੀਂ ਹੋ ਰਿਹਾ। ਉਨ੍ਹਾਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਜੇਲ੍ਹਾਂ ਵਿਚ ਲੰਮੇ ਸਮੇਂ ਤੋਂ ਬੰਦ ਸਿੱਖਾਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ।

ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਨੂੰ ਅਧੂਰੀ ਯਾਦਗਾਰ ਕਰਾਰ ਦਿੰਦਿਆਂ ਉਨ੍ਹਾਂ ਆਖਿਆ ਕਿ ਇਥੇ 1978 ਤੋਂ ਲੈ ਕੇ ਹੁਣ ਤੱਕ ਦੇ ਸਿੱਖ ਸੰਘਰਸ਼ ਨੂੰ ਰੂਪਮਾਨ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਐਲਾਨ ਕੀਤਾ ਕਿ ਦਮਦਮੀ ਟਕਸਾਲ ਸੰਗਰਾਵਾਂ ਵੱਲੋਂ ਸਿੱਖ ਸੰਘਰਸ਼ ਦੀ ਦਸਤਾਵੇਜ਼ੀ ਫਿਲਮ ਤਿਆਰ ਕਰਵਾਈ ਜਾਵੇਗੀ ਤੇ ਇਸ ਬਾਰੇ ਵੱਖ-ਵੱਖ ਭਾਸ਼ਾਵਾਂ ਵਿਚ ਕਿਤਾਬਚੇ ਛਪਵਾ ਕੇ ਦੁਨੀਆ ਭਰ ਵਿਚ ਵੰਡੇ ਜਾਣਗੇ ਤਾਂ ਜੋ ਸਿੱਖਾਂ ਦਾ ਸਹੀ ਅਕਸ ਦੁਨੀਆਂ ਸਾਹਮਣੇ ਰੱਖਿਆ ਜਾ ਸਕੇ।

# ਪੰਜਾਬ ਦੀਆਂ ਸਨਅਤਾਂ ਹੁਣ ਗੋਡਿਆਂ ਪਰਨੇ ਹੋਈਆਂ

**ਚੰਡੀਗੜ੍ਹ:** ਅਕਾਲੀ ਭਾਜਪਾ ਸਰਕਾਰ ਨੇ ਬੇਸ਼ੱਕ ਨਵੀਂ ਸਨਅਤੀ ਨੀਤੀ ਦਾ ਐਲਾਨ ਕਰ ਦਿੱਤਾ ਹੈ ਪਰ ਉਸ ਨਾਲ ਸੂਬੇ ਦੇ ਸਨਅਤੀ ਖੇਤਰ ਨੂੰ ਹੁਲਾਰਾ ਮਿਲਣ ਦੀ ਕੋਈ ਉਮੀਦ ਨਹੀਂ। ਇਸ ਸਨਅਤੀ ਨੀਤੀ ਵਿਚ ਨਵੀਆਂ ਸਨਅਤਾਂ ਨੂੰ ਤਾਂ ਖੁੱਲ੍ਹੇ ਗੱਫੇ ਦੇਣ ਦੀ ਗੱਲ ਕੀਤੀ ਹੈ ਪਰ ਦਮ ਤੋੜ ਰਹੀਆਂ ਸਨਅਤਾਂ ਬਾਰੇ ਕੁਝ ਨਹੀਂ ਸੋਚਿਆ ਗਿਆ। ਪੰਜਾਬ ਦੇ 53 ਕਾਰਖ਼ਾਨਿਆਂ ਵਿਚੋਂ ਸਿਰਫ਼ 31 ਕੰਮ ਕਰਦੇ ਹਨ ਤੇ ਉਹ ਵੀ ਸਾਲ ਦਾ 1510 ਕਰੋੜ ਰੁਪਏ ਦਾ ਘਾਟਾ ਦਿਖਾ ਰਹੇ ਹਨ।

ਪੰਜਾਬ ਪ੍ਰਦੇਸ਼ ਵਪਾਰ ਮੰਡਲ ਵੱਲੋਂ ਸਨਅਤਾਂ ਤੇ ਵਪਾਰ ਦੀ ਹਾਲਤ ਬਾਰੇ ਜਾਰੀ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਕਈ ਜ਼ਿਲ੍ਹਿਆਂ ਵਿਚ ਸਨਅਤਾਂ ਬੇਹੱਦ ਪਛੜ ਗਈਆਂ ਹਨ। ਪੰਜਾਬ ਪ੍ਰਦੇਸ਼ ਵਪਾਰ ਮੰਡਲ ਅਨੁਸਾਰ ਇਕ ਪਾਸੇ ਵੈਟ ਵਸੂਲੀ ਦੇ ਟੀਚੇ ਵਧਾ ਕੇ ਵਪਾਰੀਆਂ 'ਤੇ ਭਾਰ ਪਾਇਆ ਜਾ ਰਿਹਾ ਹੈ ਪਰ ਦੂਜੇ ਪਾਸੇ ਇਸ ਤਰ੍ਹਾਂ ਦੇ ਘਾਟੇ ਵਾਲੇ ਯੂਨਿਟ ਵੀ ਚਲਾਏ ਜਾ ਰਹੇ ਹਨ ਜਦਕਿ ਸੂਬੇ ਦੇ ਕਈ ਸਨਅਤੀ ਯੂਨਿਟ ਲਗਾਤਾਰ ਬੰਦ ਹੋ ਰਹੇ ਹਨ।

## ਨਵੀਂ ਨੀਤੀ ਵਿਚ ਪੁਰਾਣੇ ਉਦਯੋਗ ਵਿਸਾਰੇ



ਅੰਮ੍ਰਿਤਸਰ ਦੇ ਸਕਰਿਊ ਸਿਕਸ ਬਣਾਉਣ ਵਾਲੇ 40 ਫ਼ੀਸਦੀ ਕਾਰਖ਼ਾਨੇ ਬੰਦ ਹੋ ਗਏ ਹਨ। ਪੱਖੇ ਬਣਾਉਣ ਵਾਲੇ 150 ਦੇ ਕਰੀਬ ਯੂਨਿਟ ਬੰਦ ਹੋ ਗਏ ਹਨ ਤੇ ਜਿਹੜੇ ਬਚੇ ਹਨ, ਉਹ ਵੀ ਚੀਨ ਤੋਂ ਪੁਰਜ਼ੇ ਮੰਗਵਾ ਕੇ ਸਾਮਾਨ ਤਿਆਰ ਕਰ ਰਹੇ ਹਨ। ਡਾਈ ਪੰਚ ਤਿਆਰ ਕਰਨ ਵਾਲੇ ਵੀ 40 ਫ਼ੀਸਦੀ ਦੇ ਕਰੀਬ ਕਾਰਖ਼ਾਨੇ ਬੰਦ ਹਨ। ਸਾਈਕਲ ਪੰਪ ਬਣਾਉਣ ਵਾਲੇ 70 ਕਾਰਖ਼ਾਨੇ ਬੰਦ ਹੋ ਗਏ ਹਨ। ਪ੍ਰਿੰਟਿੰਗ ਤੇ ਪ੍ਰੋਸੈਸਿੰਗ ਕੱਪੜੇ ਦੇ 70 ਕਾਰਖ਼ਾਨੇ ਬੰਦ ਹੋ ਗਏ ਹਨ।

ਸੂਤਰਾਂ ਅਨੁਸਾਰ ਨੌਂ ਹਜ਼ਾਰ ਕਰੋੜ ਦੇ ਨਿੱਟ ਫੈਬਰਿਕਸ ਗਾਰਮੈਂਟਸ ਵਿਚ 12 ਹਜ਼ਾਰ ਯੂਨਿਟ ਕੰਮ ਕਰ ਰਹੇ ਹਨ। ਉਨ੍ਹਾਂ ਵਿਚੋਂ ਤਿੰਨ ਸਾਲਾਂ ਵਿਚ ਕੋਈ ਵਾਧਾ ਨਹੀਂ ਹੋਇਆ। ਕੇਂਦਰ ਤੋਂ ਮਿਲਣ ਵਾਲੀ ਵਿੱਤੀ ਸਹਾਇਤਾ ਦੀ ਪੰਜਾਬ ਸਿਰਫ਼ 28.9 ਦੀ ਵਰਤੋਂ ਕਰ ਸਕਿਆ ਹੈ। ਸਰਹਿੰਦ ਦੀ ਟਰੱਕ ਬਾਡੀ ਦਾ ਕੰਮ ਜਿਹੜਾ ਕਿ ਜੰਮੂ, ਰਾਜਸਥਾਨ, ਹਿਮਾਚਲ ਪ੍ਰਦੇਸ਼ ਤੋਂ ਆਉਂਦਾ ਸੀ, ਹੁਣ ਪਿਛਲੇ ਅੱਠ ਮਹੀਨੇ ਤੋਂ ਬੰਦ ਹੈ। ਸਾਲਾਨਾ 10 ਹਜ਼ਾਰ ਕਰੋੜ ਦਾ ਕਾਰੋਬਾਰ ਕਰਨ ਵਾਲੀ ਮੰਡੀ ਗੋਬਿੰਦਗੜ੍ਹ ਦੀਆਂ ਤਕਰੀਬਨ 200 ਭੱਠੀਆਂ ਵਿਚੋਂ 30 ਯੂਨਿਟਾਂ ਨੇ ਬਿਜਲੀ ਕੁਨੈਕਸ਼ਨ ਸਿਰੰਡਰ ਕਰ ਦਿੱਤੇ ਹਨ। ਰੋਲਿੰਗ ਯੂਨਿਟਾਂ ਦੀ ਹਾਲਤ ਵੀ ਇਸੇ ਤਰ੍ਹਾਂ ਦੀ ਹੈ।

ਮਹਿੰਗੀ ਬਿਜਲੀ ਹੋਣ, ਛਾਪੇ ਮਾਰਨ ਕਰਕੇ ਗੁਜਰਾਤ ਤੇ ਦੂਸਰੇ ਰਾਜਾਂ ਤੋਂ ਭੱਠੀਆਂ ਦਾ ਮਾਲ ਰੀ ਰੋਲਿੰਗ ਦਾ ਸਰੀਆ ਸਸਤੇ ਵਿਚ ਪੰਜਾਬ ਵਿਚ ਵੇਚਿਆ ਜਾ ਰਿਹਾ ਹੈ। ਜਲੰਧਰ ਦੇ ਰਬੜ, ਖੇਡ ਉਦਯੋਗ, ਵਾਲਵ ਦੀ ਨਵੀਂ ਮਸ਼ੀਨਰੀ ਨਹੀਂ ਲੱਗ ਰਹੀ। ਫਗਵਾੜਾ ਦਾ ਆਟੋਮੋਬਾਈਲ, ਡੀਜ਼ਲ, ਟਰੈਕਟਰ, ਸਪੇਅਰ ਪਾਰਟਸ ਬਣਾਉਣ ਵਾਲੇ ਯੂਨਿਟ ਸਸਤੇ ਚੀਨ ਦੇ ਸਾਹਮਣੇ ਗੋਡੇ ਟੇਕ ਰਹੇ ਹਨ। ਬਟਾਲਾ ਦੀ ਫਾਉਂਡਰੀ ਦੇ 50 ਫ਼ੀਸਦੀ ਕਾਰਖ਼ਾਨੇ ਬੰਦ ਹੋ ਗਏ ਹਨ।

ਤਕਰੀਬਨ 300 ਕਾਰਖ਼ਾਨੇ ਹਿਮਾਚਲ ਪ੍ਰਦੇਸ਼ ਵਿਚ ਤਬਦੀਲ ਕਰ ਗਏ ਹਨ। ਪੰਜਾਬ ਵਿਚ ਮਜ਼ਦੂਰਾਂ ਦੀ ਭਾਰੀ ਘਾਟ ਹੈ। ਬਿਜਲੀ ਦੇ ਮੁੱਲ ਵਿਚ ਕਈ ਗੁਣਾ ਵਾਧਾ ਹੋ ਚੁੱਕਾ ਹੈ। ਸਬ ਸਟੇਸ਼ਨ ਤੋਂ ਉਦਯੋਗਿਕ ਯੂਨਿਟਾਂ ਤੱਕ ਲਾਈ ਜਾਣ ਵਾਲੀ ਬਿਜਲੀ ਦੀਆਂ ਤਾਰਾਂ ਦਾ ਖਰਚਾ 900 ਰੁਪਏ ਪ੍ਰਤੀ ਕੇਵੀ ਤੋਂ ਵਧ ਕੇ 2200 ਰੁਪਏ ਪ੍ਰਤੀ ਕੇ.ਵੀ ਹੋ ਗਈ ਹੈ। ਪੰਜਾਬ ਪ੍ਰਦੇਸ਼ ਵਪਾਰ ਮੰਡਲ ਅਨੁਸਾਰ ਜੇਕਰ ਵੈਟ ਵਾਧਾ 14000 ਕਰੋੜ ਹੋਇਆ ਹੈ ਤਾਂ ਇਹ ਨਵੀਆਂ ਸਨਅਤਾਂ ਕਰਕੇ ਨਹੀਂ ਹੋਇਆ ਸਗੋਂ ਪਿਛਲੇ ਸਮੇਂ ਤੋਂ ਵੈਟ ਕਈ ਗੁਣਾ ਵਧਾ ਦਿੱਤਾ ਗਿਆ ਹੈ। ਹੁਣ ਵੈਟ ਵਸੂਲੀ ਦੀ ਟੀਚੇ ਵਧਣ ਨਾਲ ਰਹਿੰਦੀ ਸਨਅਤ, ਵਪਾਰ 'ਤੇ ਇਸ ਦਾ ਅਸਰ ਪਵੇਗਾ। ਜੇਕਰ ਸਨਅਤ, ਵਪਾਰ ਨੂੰ ਅਣਗੌਲਿਆ ਕੀਤਾ ਜਾਂਦਾ ਰਿਹਾ ਹੈ ਤਾਂ ਸੂਬੇ ਤੋਂ ਰਹਿੰਦਾ ਕਾਰੋਬਾਰ ਵੀ ਖ਼ਤਮ ਹੋ ਜਾਵੇਗਾ।

# ਆਸਟਰੇਲੀਆ ਵਿਚ 80 ਭਾਰਤੀ ਠੱਗੀ ਦਾ ਸ਼ਿਕਾਰ

**ਮੈਲਬਰਨ:** ਭਾਰਤੀ ਏਜੰਟਾਂ ਵੱਲੋਂ ਆਸਟਰੇਲੀਆ ਵਿਚ ਵਰਕ ਵੀਜ਼ਾ ਦਿਵਾਉਣ ਲਈ 80 ਭਾਰਤੀਆਂ ਸਣੇ ਸੈਂਕੜੇ ਵਿਦੇਸ਼ੀਆਂ ਤੋਂ ਵਾਧੂ ਫੀਸਾਂ ਵਸੂਲ ਕੇ ਹਜ਼ਾਰਾਂ ਡਾਲਰਾਂ ਦੀ ਠੱਗੀ ਮਾਰੀ ਗਈ ਹੈ।

ਇਸ ਘਟਨਾ ਤੋਂ ਜ਼ਾਹਰ ਹੋ ਗਿਆ ਹੈ ਕਿ ਵਿਦੇਸ਼ੀਆਂ ਨੂੰ ਰੁਜ਼ਗਾਰ ਦੇਣ ਨਾਲ ਸਬੰਧਤ ਇਸ ਵੀਜ਼ਾ ਸਕੀਮ ਦੀ ਦੁਰਵਰਤੋਂ ਹੋ ਰਹੀ ਹੈ। ਇਸ ਠੱਗੀ ਦਾ ਸ਼ਿਕਾਰ ਹੋਏ ਵਿਦੇਸ਼ੀ ਕਾਮਿਆਂ ਤੇ ਵਿਦਿਆਰਥੀਆਂ ਨਾਲ ਲੰਬੇ ਸਮੇਂ ਲਈ ਕੰਮ ਦਿਵਾਉਣ ਜਾਂ ਪੱਕੀ ਠਾਹਰ ਦਿਵਾਉਣ ਦਾ ਵਾਅਦਾ ਕਰਕੇ ਉਨ੍ਹਾਂ ਤੋਂ ਚਾਰ ਤੋਂ ਪੰਜ ਹਜ਼ਾਰ ਆਸਟਰੇਲੀਅਨ ਡਾਲਰ ਵਸੂਲੇ ਗਏ।

ਇਸ ਦੇ ਬਾਵਜੂਦ ਉਨ੍ਹਾਂ ਨੂੰ ਜਾਂ ਤਾਂ ਬਹੁਤ ਥੋੜ੍ਹੇ ਸਮੇਂ ਲਈ ਕੰਮ ਮਿਲਿਆ ਜਾਂ ਕਈ ਮਾਮਲਿਆਂ ਵਿਚ ਉਜਰਤ ਨਹੀਂ ਦਿੱਤੀ ਗਈ। ਤਕਰੀਬਨ 80 ਭਾਰਤੀਆਂ ਕੋਲੋਂ ਸਫਾਈ ਦਾ ਇਕ ਕੋਰਸ ਕਰਵਾਉਣ ਲਈ ਚਾਰ ਹਜ਼ਾਰ ਡਾਲਰ ਵਸੂਲੇ ਗਏ ਜਦੋਂਕਿ ਮੈਲਬਰਨ ਵਿਚ ਕਰਵਾਏ ਗਏ ਇਸ ਕੋਰਸ ਦੀ ਅਸਲ ਫੀਸ ਮਹਿਜ਼ 1300 ਆਸਟਰੇਲੀਅਨ ਡਾਲਰ ਸੀ।

ਉਨ੍ਹਾਂ ਨੂੰ ਕਿਹਾ ਗਿਆ ਸੀ ਕਿ ਇਸ ਵਾਧੂ ਫੀਸ ਨਾਲ ਉਨ੍ਹਾਂ ਨੂੰ ਵਰਕ ਵੀਜ਼ਾ ਮਿਲ ਜਾਵੇਗਾ। ਇਹ ਰਿਪੋਰਟ 'ਦਿ ਏਜ' ਅਖਬਾਰ ਨੇ ਛਾਪੀ ਹੈ ਜਿਸ ਵਿਚ ਵੱਖ-ਵੱਖ ਵੀਜ਼ਾ ਸਕੀਮਾਂ ਦੀ ਭਾਰੀ ਦੁਰਵਰਤੋਂ ਹੋਣ ਦੀ ਗੱਲ ਕਹੀ ਗਈ ਹੈ।

# ਬਾਦਲਾਂ ਦੇ ਹਵਾਈ ਝੂਟਿਆਂ ਨੇ ਖਜ਼ਾਨਾ ਖਾਲੀ ਕੀਤਾ

**ਚੰਡੀਗੜ੍ਹ:** ਸਰਕਾਰੀ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਤੋਂ ਲਾਚਾਰ ਹੋਈ ਪੰਜਾਬ ਸਰਕਾਰ ਮੰਤਰੀਆਂ ਦੇ ਸੁੱਖ ਆਰਾਮ 'ਤੇ ਖ਼ਜਾਨਾ ਲੁਟਾ ਰਹੀ ਹੈ। ਪੰਜਾਬ ਸਰਕਾਰ ਦੇ ਖ਼ਜ਼ਾਨੇ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਹਵਾਈ ਸਫ਼ਰ ਦਾ ਖਰਚ ਪਹਿਲਾਂ ਨਾਲੋਂ ਕਈ ਗੁਣਾ ਵਧ ਗਿਆ ਹੈ। ਸਰਕਾਰ ਵੱਲੋਂ ਆਪਣਾ ਹੈਲੀਕਾਪਟਰ ਖਰੀਦਣ ਦੇ ਬਾਵਜੂਦ ਕਿਰਾਏ 'ਤੇ ਲਿਆ ਗਲੋਬਲ ਵੈਕਟਰਾ ਦਾ ਹੈਲੀਕਾਪਟਰ ਵੀ ਵਰਤਿਆ ਜਾ ਰਿਹਾ ਹੈ।

ਇਸ ਨਾਲ ਸਰਕਾਰ ਦੇ ਹਵਾਈ ਸਫ਼ਰ ਦਾ ਖਰਚ ਪਹਿਲਾਂ ਨਾਲੋਂ ਦੁਗਣਾ ਹੋ ਗਿਆ ਹੈ। ਸੂਤਰਾਂ ਮੁਤਾਬਕ ਮਈ ਮਹੀਨੇ ਦੌਰਾਨ ਦੋਵਾਂ ਹੈਲੀਕਾਪਟਰਾਂ ਦੀਆਂ ਉਡਾਣਾਂ 70 ਘੰਟਿਆਂ ਦੇ ਕਰੀਬ ਰਹੀਆਂ ਜੋ ਆਪਣੇ-ਆਪ ਵਿਚ ਰਿਕਾਰਡ ਹੈ। ਹੈਲੀਕਾਪਟਰ ਦੀ ਵਰਤੋਂ ਕਰਨ ਵਾਲਿਆਂ ਵਿਚ ਮੁੱਖ ਮੰਤਰੀ ਦੇ ਜਵਾਈ ਤੇ ਖ਼ੁਰਾਕ ਤੇ ਸਿਵਲ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਤੇ ਉਪ ਮੁੱਖ ਮੰਤਰੀ ਦੇ ਕਰੀਬੀ ਰਿਸ਼ਤੇਦਾਰ ਤੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਸ਼ਾਮਲ ਹਨ।

ਸਰਕਾਰ ਕੋਲ ਜਦੋਂ ਸਿਰਫ਼ ਕਿਰਾਏ ਵਾਲਾ ਹੈਲੀਕਾਪਟਰ ਸੀ ਤਾਂ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਉਸ ਵਿਚ ਉਡਾਣ ਭਰਦੇ ਸਨ ਪਰ ਜਦੋਂ ਤੋਂ ਦੋ ਹੈਲੀਕਾਪਟਰਾਂ ਦੀ ਸਹੂਲਤ ਮਿਲੀ ਹੈ, ਉਦੋਂ ਤੋਂ ਬਾਦਲ ਪਰਿਵਾਰ ਦੇ ਕਰੀਬੀ ਰਿਸ਼ਤੇਦਾਰਾਂ ਨੂੰ ਵੀ ਹੈਲੀਕਾਪਟਰ ਦੇ ਝੂਟੇ ਮਿਲਣ ਲੱਗੇ ਹਨ। ਪੰਜਾਬ ਦੇ ਕਿਸੇ ਵੀ ਹੋਰ ਮੰਤਰੀ ਨੂੰ ਹੈਲੀਕਾਪਟਰ ਦਾ ਸਫ਼ਰ ਘੱਟ ਹੀ ਨਸੀਬ ਹੋਇਆ ਹੈ।

## ਹੈਲੀਕਾਪਟਰ ਦਾ ਪ੍ਰਤੀ ਘੰਟਾ ਡੇਢ ਲੱਖ ਕਿਰਾਇਆ



ਪੰਜਾਬ ਸਰਕਾਰ ਵੱਲੋਂ ਅਮਰੀਕਨ ਕੰਪਨੀ ਬੈੱਲ ਦਾ ਜਿਹੜਾ ਹੈਲੀਕਾਪਟਰ ਖਰੀਦਿਆ ਗਿਆ ਹੈ, ਉਸ ਦੀ ਵਰਤੋਂ ਸਰਕਾਰ ਨੇ ਤਿੰਨ ਮਈ ਨੂੰ ਸ਼ੁਰੂ ਕਰ ਦਿੱਤੀ ਸੀ। ਲਗਦਾ ਸੀ ਕਿ ਸਰਕਾਰ ਵੱਲੋਂ ਆਪਣਾ ਹੈਲੀਕਾਪਟਰ ਖਰੀਦਣ ਤੋਂ ਬਾਅਦ ਕਿਰਾਏ ਵਾਲਾ ਹੈਲੀਕਾਪਟਰ ਵਾਪਸ ਭੇਜ ਦਿੱਤਾ ਜਾਵੇਗਾ। ਮਹੀਨਾ ਲੰਘਣ ਤੋਂ ਬਾਅਦ ਵੀ ਕਿਰਾਏ ਵਾਲਾ ਹੈਲੀਕਾਪਟਰ ਵਾਪਸ ਨਹੀਂ ਭੇਜਿਆ ਗਿਆ। ਕਿਰਾਏ ਵਾਲੇ ਹੈਲੀਕਾਪਟਰ ਦਾ ਕਿਰਾਇਆ ਪ੍ਰਤੀ ਘੰਟਾ ਇਕ ਲੱਖ 40 ਹਜ਼ਾਰ ਰੁਪਏ ਦੇ ਕਰੀਬ ਹੈ।

ਇਹ ਹੈਲੀਕਾਪਟਰ ਇਕ ਮਹੀਨੇ ਦੌਰਾਨ ਤਕਰੀਬਨ 35 ਘੰਟੇ ਚੱਲਦਾ ਹੈ। ਇਸੇ ਤਰ੍ਹਾਂ ਸਰਕਾਰ ਵੱਲੋਂ ਨਵਾਂ ਖਰੀਦਿਆ ਹੈਲੀਕਾਪਟਰ ਵੀ 35 ਘੰਟੇ ਚੱਲਿਆ ਹੈ। ਸਰਕਾਰ ਦੇ ਆਪਣੇ ਹੈਲੀਕਾਪਟਰ ਦਾ ਖਰਚ ਪ੍ਰਤੀ ਘੰਟਾ ਇਕ ਲੱਖ ਰੁਪਏ ਹੈ। ਇਸ ਤਰ੍ਹਾਂ ਮੁੱਖ ਮੰਤਰੀ, ਉਪ ਮੁੱਖ ਮੰਤਰੀ ਤੇ ਹੋਰਾਂ ਮੰਤਰੀਆਂ ਵੱਲੋਂ ਲਏ ਹੈਲੀਕਾਪਟਰ ਦੇ ਝੂਟੇ ਸਰਕਾਰੀ ਖਜ਼ਾਨੇ ਨੂੰ ਇਕ ਕਰੋੜ ਰੁਪਏ ਦੇ ਕਰੀਬ ਪਏ ਹਨ। ਖ਼ੁਰਾਕ ਤੇ ਸਿਵਲ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਇਕ ਮਹੀਨੇ ਦੌਰਾਨ 10 ਵਾਰੀ ਹੈਲੀਕਾਪਟਰ ਦੀ ਵਰਤੋਂ ਕੀਤੀ ਜਦੋਂਕਿ ਬਿਕਰਮ ਮਜੀਠੀਆ ਨੇ ਦੋ ਵਾਰੀ ਹੈਲੀਕਾਪਟਰ ਵਰਤਿਆ।

ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਨੇ ਹੈਲੀਕਾਪਟਰ ਦੀ ਜ਼ਿਆਦਾ ਵਰਤੋਂ ਕੀਤੀ ਹੈ। ਉਪ ਮੁੱਖ ਮੰਤਰੀ ਤਾਂ ਅਕਸਰ ਨਵੀਂ ਦਿੱਲੀ ਤੋਂ ਚੰਡੀਗੜ੍ਹ ਮੀਟਿੰਗਾਂ ਦੀ ਪ੍ਰਧਾਨਗੀ ਕਰਨ ਆਉਂਦੇ ਹਨ ਤੇ ਵਾਪਸ ਦਿੱਲੀ ਹੀ ਚਲੇ ਜਾਂਦੇ ਹਨ। ਪਿਛਲੇ ਮਹੀਨਿਆਂ ਦੌਰਾਨ ਵਿਭਾਗ ਨੂੰ ਦਿੱਲੀ ਤੋਂ ਕਈ ਵਾਰੀ ਹੰਗਾਮੀ ਹਾਲਤ ਵਿਚ ਵੀ ਹੈਲੀਕਾਪਟਰ ਮੰਗਵਾਉਣਾ ਪਿਆ। ਇਸ ਹਾਲਤ ਵਿਚ ਹੈਲੀਕਾਪਟਰ ਮੰਗਵਾਉਣਾ ਹੋਰ ਵੀ ਜ਼ਿਆਦਾ ਮਹਿੰਗਾ ਪੈਂਦਾ ਕਿਉਂਕਿ ਦਿੱਲੀ ਤੋਂ ਆਉਣ-ਜਾਣ ਦੇ ਤਿੰਨ ਘੰਟੇ ਲੱਗਦੇ ਹਨ ਤੇ ਤਿੰਨ ਘੰਟਿਆਂ ਦੇ ਪੰਜ ਲੱਖ ਰੁਪਏ ਪੈਂਦੇ ਹਨ।

ਸਰਕਾਰ ਵੱਲੋਂ ਮਈ ਮਹੀਨੇ ਦੌਰਾਨ ਜਿਸ ਤਰ੍ਹਾਂ ਦੋ ਹੈਲੀਕਾਪਟਰਾਂ ਦੀ ਵਰਤੋਂ 70 ਘੰਟੇ ਦੇ ਕਰੀਬ ਕੀਤੀ ਗਈ, ਉਸ ਬਾਰੇ ਕਿਹਾ ਜਾ ਰਿਹਾ ਹੈ ਕਿ ਕਿਸੇ ਵੀ ਰਾਜ ਸਰਕਾਰ ਵਿਚ ਇਹ ਵਰਤੋਂ ਬਹੁਤ ਜ਼ਿਆਦਾ ਹੈ। ਸ਼ਹਿਰੀ ਹਵਾਬਾਜ਼ੀ ਵਿਭਾਗ ਦੇ ਉੱਚ ਅਧਿਕਾਰੀਆਂ ਨੇ ਰਾਜ ਸਰਕਾਰ ਦੇ ਇਸ ਸ਼ਾਹੀ ਖਰਚ 'ਤੇ ਕੋਈ ਵੀ ਟਿੱਪਣੀ ਕਰਨ ਤੋਂ ਨਾਂਹ ਕਰ ਦਿੱਤੀ। ਰਾਜ ਸਰਕਾਰ ਨੂੰ ਗੰਭੀਰ ਮਾਲੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿੱਤ ਵਿਭਾਗ ਨੇ ਮੁਲਾਜ਼ਮਾਂ 'ਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ ਹੋਈਆਂ ਹਨ ਜਦੋਂਕਿ ਮੁੱਖ ਮੰਤਰੀ ਤੇ ਮੰਤਰੀਆਂ ਨੇ ਖਰਚਿਆਂ ਵਿਚ ਕੋਈ ਕਟੌਤੀ ਨਹੀਂ ਕੀਤੀ।

# ਬਾਦਲ ਵੱਲੋਂ ਆਪਣੀ ਬੱਲੇ-ਬੱਲੇ ਕਰਾਉਣ ਲਈ ਵੱਖਰਾ ਬਜਟ ਤਿਆਰ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਆਪਣੀ ਬੱਲੇ-ਬੱਲੇ ਕਰਾਉਣ ਲਈ ਵੱਖਰਾ ਬਜਟ ਬਣਾਇਆ ਗਿਆ ਹੈ ਤੇ 4000 ਕਰੋੜ ਰੁਪਏ ਦੇ ਫੰਡ ਆਪਣੀ ਜੇਬ ਵਿਚ ਰੱਖੇ ਹਨ। ਇਸ ਤਰ੍ਹਾਂ ਪੰਜਾਬ ਸਰਕਾਰ ਵੱਲੋਂ ਵਿਕਾਸ ਕਾਰਜਾਂ ਲਈ ਵੱਖਰੇ ਬਜਟ ਦਾ ਰੁਝਾਨ ਚਲਾਇਆ ਜਾ ਰਿਹਾ ਹੈ। ਸਰਕਾਰ ਵੱਲੋਂ ਕਾਇਮ ਕੀਤੇ ਵੱਖੋ ਵੱਖਰੇ ਫੰਡਾਂ ਰਾਹੀਂ ਸਾਲਾਨਾ 4000 ਕਰੋੜ ਰੁਪਏ ਦੇ ਕਰੀਬ ਰਕਮ ਜੁਟਾਈ ਜਾ ਰਹੀ ਹੈ। ਉੱਚ ਅਧਿਕਾਰੀ ਤੇ ਅਰਥ ਸ਼ਾਸਤਰੀ ਇਸ ਨੂੰ ਵਿੱਤੀ ਬੇਨਿਯਮੀ ਕਰਾਰ ਦੇ ਰਹੇ ਹਨ ਜਦੋਂਕਿ ਵਿੱਤ ਵਿਭਾਗ ਦੇ ਅਧਿਕਾਰੀਆਂ ਦਾ ਆਖਣਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਸਹੂਲਤ ਲਈ ਇਹ ਫੰਡ ਕਾਇਮ ਕੀਤੇ ਹਨ ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਖ਼ਜ਼ਾਨੇ ਵਿਚ ਗਏ ਪੈਸੇ ਕਢਵਾਉਣ ਵਿਚ ਦਿੱਕਤ ਹੁੰਦੀ ਹੈ।

ਵਿੱਤ ਵਿਭਾਗ ਮੁਤਾਬਕ ਮੁੱਖ ਮੰਤਰੀ ਨੇ ਜਿਨ੍ਹਾਂ ਫੰਡਾਂ ਦਾ ਕੰਮ ਸੰਭਾਲਿਆ ਹੋਇਆ ਹੈ, ਉਨ੍ਹਾਂ ਵਿਚ ਦਿਹਾਤੀ ਵਿਕਾਸ ਫੰਡ, ਪੀਆਈਡੀਬੀ ਫੰਡ, ਗਮਾਡਾ ਸਮੇਤ ਹੋਰ ਵਿਕਾਸ ਅਥਾਰਟੀਆਂ ਦਾ ਫੰਡ, ਦੋ ਨਵੇਂ ਕੈਂਸਰ ਰਾਹਤ ਫੰਡ ਤੇ ਸੱਭਿਆਚਾਰਕ ਫੰਡ ਸ਼ਾਮਲ ਹਨ। ਮਹੱਤਵਪੂਰਨ ਤੱਥ ਇਹ ਹੈ ਕਿ ਕੰਪਟਰੋਲਰ ਤੇ ਆਡੀਟਰ ਜਨਰਲ (ਕੈਗ) ਤੇ ਯੋਜਨਾ ਕਮਿਸ਼ਨ ਵੱਲੋਂ ਸਰਕਾਰ ਦੇ ਇਸ ਰੁਝਾਨ 'ਤੇ ਕਈ ਵਾਰੀ ਸਵਾਲ ਉਠਾਏ ਜਾ ਚੁੱਕੇ ਹਨ ਪਰ ਸਰਕਾਰ 'ਤੇ ਇਸ ਦਾ ਕੋਈ ਅਸਰ ਨਹੀਂ ਹੈ।

## 4000 ਕਰੋੜ ਰੁਪਏ ਦੇ ਫੰਡ ਆਪਣੀ ਜੇਬ ਵਿਚ ਰੱਖੇ



ਮੁੱਖ ਮੰਤਰੀ ਵੱਲੋਂ ਜਿਨ੍ਹਾਂ ਫੰਡਾਂ ਦੀ ਵੰਡ ਆਪਣੀ ਮਰਜ਼ੀ ਮੁਤਾਬਕ ਕੀਤੀ ਜਾਂਦੀ ਹੈ, ਉਨ੍ਹਾਂ ਦੀ ਕੋਈ ਆਡਿਟਿੰਗ ਨਹੀਂ ਹੁੰਦੀ ਕਿਉਂਕਿ ਇਹ ਪੈਸਾ ਸੂਬਾਈ ਬਜਟ ਦਾ ਹਿੱਸਾ ਹੀ ਨਹੀਂ ਹੈ। ਮੁੱਖ ਮੰਤਰੀ ਸੰਗਤ ਦਰਸ਼ਨਾਂ ਰਾਹੀਂ ਦਿਹਾਤੀ ਵਿਕਾਸ ਫੰਡ ਜਾਂ ਪੀਆਈਡੀਬੀ ਦੇ ਫੰਡ ਦੀ ਹੀ ਵਰਤੋਂ ਕਰਦੇ ਹਨ। ਵਿੱਤ ਵਿਭਾਗ ਮੁਤਾਬਕ ਇਨ੍ਹਾਂ ਫੰਡਾਂ ਰਾਹੀਂ ਸਾਲਾਨਾ 4000 ਕਰੋੜ ਰੁਪਏ ਦੇ ਕਰੀਬ ਪੂੰਜੀ ਜੁਟਾਈ ਜਾਂਦੀ ਹੈ। ਪੰਜਾਬ ਦੇ ਬਜਟ ਦਾ 90 ਫੀਸਦੀ ਦੇ ਕਰੀਬ ਹਿੱਸਾ ਬਝਵੇਂ ਖਰਚਿਆਂ 'ਤੇ ਹੀ ਖਰਚ ਹੋ ਰਿਹਾ ਹੈ।

ਇਨ੍ਹਾਂ ਖਰਚਿਆਂ ਵਿਚ ਤਨਖਾਹਾਂ ਤੇ ਪੈਨਸ਼ਨਾਂ ਦਾ ਸਾਲਾਨਾ ਤਕਰੀਬਨ 24 ਹਜ਼ਾਰ ਕਰੋੜ ਰੁਪਿਆ, ਕਰਜ਼ੇ ਦੀ ਕਿਸ਼ਤ ਤੇ ਵਿਆਜ 9500 ਕਰੋੜ ਦੇ ਕਰੀਬ ਤੇ 6000 ਕਰੋੜ ਰੁਪਏ ਦੇ ਕਰੀਬ ਸਬਸਿਡੀ ਦੀ ਰਾਸ਼ੀ ਸ਼ਾਮਲ ਹੈ। ਬਝਵੇਂ ਖਰਚੇ ਕਰਨ ਤੋਂ ਬਾਅਦ ਸਰਕਾਰ ਕੋਲ ਵਿਕਾਸ ਲਈ ਧੇਲਾ ਨਹੀਂ ਬਚਦਾ। ਵਿੱਤ ਵਿਭਾਗ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਨੇ ਵਾਧੂ ਫੰਡ ਵੀ ਇਸ ਕਰਕੇ ਕਾਇਮ ਕੀਤੇ ਹਨ ਤਾਂ ਜੋ ਬਜਟ ਵਿਚੋਂ ਪੈਸਾ ਜਾਰੀ ਕਰਵਾਉਣ ਦੇ ਝੰਜਟ ਤੋਂ ਬਚਿਆ ਜਾ ਸਕੇ। ਵਿਭਾਗ ਦਾ ਮੰਨਣਾ ਹੈ ਕਿ ਸਰਕਾਰ ਇਸ ਤਰ੍ਹਾਂ ਵਿੱਤੀ ਬੇਨਿਯਮੀਆਂ ਕਰ ਰਹੀ ਹੈ।

ਪੰਜਾਬ ਸਰਕਾਰ ਨੇ ਬੁਢਾਪਾ ਪੈਨਸ਼ਨਾਂ ਨਿਰਵਿਘਨ ਦੇਣ ਲਈ ਬਿਜਲੀ ਡਿਊਟੀ ਵਿਚ ਵਾਧਾ ਤੇ ਰਜਿਸਟਰੀਆਂ 'ਤੇ ਇਕ ਫੀਸਦੀ ਸੈੱਸ ਲਾਇਆ ਸੀ। ਇਸ ਤਰ੍ਹਾਂ ਸਿੱਖਿਆ ਲਈ ਪੈਸਾ ਜੁਟਾਉਣ ਖਾਤਰ ਸ਼ਰਾਬ 'ਤੇ ਸੈੱਸ ਲਾਇਆ ਸੀ। ਇਹ ਪੈਸਾ ਜਾਰੀ ਕਰਾਉਣ ਲਈ ਸਰਕਾਰ ਨੂੰ ਜਦੋਜਹਿਦ ਕਰਨੀ ਪੈਂਦੀ ਹੈ। ਸੂਤਰਾਂ ਮੁਤਾਬਕ ਕੇਂਦਰੀ ਯੋਜਨਾ ਕਮਿਸ਼ਨ ਨੇ ਮੁੱਖ ਮੰਤਰੀ ਤੇ ਵਿੱਤ ਮੰਤਰੀ ਨਾਲ ਹੁੰਦੀਆਂ ਮੀਟਿੰਗਾਂ ਦੌਰਾਨ ਇਹ ਮੁੱਦਾ ਉਠਾਉਂਦਿਆਂ ਵਾਧੂ ਕਾਇਮ ਕੀਤੇ ਫੰਡਾਂ ਨੂੰ ਬਜਟ ਦਾ ਹਿੱਸਾ ਬਣਾਉਣ ਲਈ ਕਿਹਾ ਹੈ।

ਸਰਕਾਰ ਨੇ ਯੋਜਨਾ ਕਮਿਸ਼ਨ ਦਾ ਸੁਝਾਅ ਨਹੀਂ ਮੰਨਿਆ। ਕੈਗ ਨੇ ਵੀ ਇਨ੍ਹਾਂ ਫੰਡਾਂ ਨੂੰ ਬਜਟ ਦਾ ਹਿੱਸਾ ਬਣਾਉਣ ਦੀ ਗੱਲ ਕਰਦਿਆਂ ਲੋਕਾਂ ਤੋਂ ਉਗਰਾਹੇ ਪੈਸੇ ਦੀ ਆਡਿਟਿੰਗ ਕਰਾਉਣ ਦੀ ਗੱਲ ਕਈ ਵਾਰੀ ਕਹੀ ਹੈ। ਕੈਗ ਦਾ ਇਹ ਵੀ ਕਹਿਣਾ ਹੈ ਕਿ ਸਰਕਾਰੀ ਪੈਸੇ ਦੀ ਆਡਿਟਿੰਗ ਨਾ ਹੋਣ ਕਾਰਨ ਘਪਲੇਬਾਜ਼ੀ ਦੀ ਸੰਭਾਵਨਾ ਬਣੀ ਰਹਿੰਦੀ ਹੈ। ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਦੀ ਅਗਵਾਈ ਵਾਲੇ ਫੰਡ ਜੇ ਬਜਟ ਦਾ ਹਿੱਸਾ ਬਣ ਜਾਣ ਤਾਂ ਸਰਕਾਰ ਖ਼ਜ਼ਾਨੇ ਦਾ ਘਾਟਾ ਘਟਾਉਣ ਵਿਚ ਕਾਮਯਾਬ ਹੋ ਸਕਦੀ ਹੈ ਤੇ ਸੂਬੇ ਦੀ ਆਰਥਿਕ ਦਸ਼ਾ ਵੀ ਸੁਧਰੇਗੀ।

# ਨੌਜਵਾਨਾਂ ਦੀਆਂ ਖੁਦਕੁਸ਼ੀਆਂ ਵੱਲ ਧਿਆਨ ਕਿਉਂ ਨਹੀਂ?

**ਇਹ ਆਮ ਕਿਹਾ ਜਾਂਦਾ ਹੈ ਕਿ ਭਾਰਤ ਉਤੇ ਪੱਛਮੀ ਸੱਭਿਅਤਾ ਦਾ ਪ੍ਰਛਾਵਾਂ ਬੜੀ ਤੇਜ਼ੀ ਨਾਲ ਪੈ ਰਿਹਾ ਹੈ ਪਰ ਅਸੀਂ ਪੱਛਮੀ ਦੇਸ਼ਾਂ ਦੇ ਬੱਚਿਆਂ ਵੱਲੋਂ ਇਸ ਤਰ੍ਹਾਂ ਇਮਤਿਹਾਨਾਂ ਦੇ ਦਿਨਾਂ ਵਿਚ ਧੜਾ-ਧੜ ਖੁਦਕੁਸ਼ੀਆਂ ਕਰਨ ਦੀਆਂ ਖਬਰਾਂ ਕਦੇ ਨਹੀਂ ਪੜ੍ਹੀਆਂ। ਉਨ੍ਹਾਂ ਦੇਸ਼ਾਂ ਦੇ ਵਿਦਿਅਕ ਅਦਾਰਿਆਂ ਵਿਚ ਕੌਂਸਲਿੰਗ ਦਾ ਪ੍ਰਬੰਧ ਹੁੰਦਾ ਹੈ, ਤਾਂ ਕਿ ਜਿਹੜੀ ਗੱਲ ਬੱਚੇ ਮਾਂ-ਬਾਪ ਨਾਲ ਕਰਨ ਤੋਂ ਵੀ ਝਿਜਕਦੇ ਹੋਣ, ਉਹ ਕਿਸੇ ਨਾਲ ਸਾਂਝੀ ਕਰ ਕੇ ਅਤੇ ਉਸ ਦੀ ਸਲਾਹ ਲੈ ਕੇ ਮਨ ਦਾ ਬੋਝ ਹਲਕਾ ਕਰ ਸਕਣ। ਇਸ ਤਰ੍ਹਾਂ ਦੀ ਸਲਾਹ ਮਾਨਸਿਕ ਗੁੰਝਲਾਂ ਖੋਲ੍ਹਣ ਤੇ ਜ਼ਿੰਦਗੀ ਦੀ ਅਵਾਜ਼ਾਰੀ ਨੂੰ ਮੌਤ ਤੱਕ ਜਾਣ ਵੱਲੋਂ ਮੋੜਨ ਦਾ ਚੰਗਾ ਢੰਗ ਹੁੰਦੀ ਹੈ, ਪਰ ਨੋਟਾਂ ਨੂੰ ਮਾਂਜਾ ਮਾਰਨ ਰੁੱਝੇ ਹੋਏ ਭਾਰਤ ਦੇ ਅਦਾਰਿਆਂ ਨੂੰ ਇਸ ਤਰ੍ਹਾਂ ਦੀ ਕਿਸੇ ਕੋਸ਼ਿਸ਼ ਦੀ ਲੋੜ ਨਹੀਂ ਜਾਪਦੀ ਤੇ ਜਿਨ੍ਹਾਂ ਨੇ ਇਹ ਪ੍ਰਬੰਧ ਕੀਤੇ ਵੀ ਹਨ, ਉਹ ਅਮਲ ਵਿਚ ਸਾਰਥਿਕ ਸਾਬਤ ਨਹੀਂ ਹੋ ਰਹੇ।**

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਕਈ ਮਹੀਨੇ ਪਹਿਲਾਂ ਅਸੀਂ ਇਸ ਕਾਲਮ ਦਾ ਅੰਤ ਇਸ ਗੱਲ ਨਾਲ ਕੀਤਾ ਸੀ ਕਿ ਨੌਕਰੀ ਲਈ ਇੰਟਰਵਿਊ ਦੇਣ ਗਏ ਇੱਕ ਮੁੰਡੇ ਨੇ ਦੇਸ਼ ਦੇ ਪ੍ਰਧਾਨ ਮੰਤਰੀ ਦਾ ਨਾਂ ਪੁੱਛੇ ਜਾਣ ਉਤੇ ਕਿਹਾ ਸੀ ਕਿ ਉਸ ਨੂੰ ਪਤਾ ਨਹੀਂ। ਉਸ ਦੀ ਇੰਟਰਵਿਊ ਲੈਣ ਵਾਲੇ ਨੇ ਹੈਰਾਨੀ ਜ਼ਾਹਰ ਕੀਤੀ ਸੀ ਕਿ ਤੈਨੂੰ ਦੇਸ਼ ਦੇ ਪ੍ਰਧਾਨ ਮੰਤਰੀ ਦਾ ਨਾਂ ਵੀ ਪਤਾ ਨਹੀਂ! ਮੁੰਡੇ ਨੇ ਮੋੜਵਾਂ ਸਵਾਲ ਕੀਤਾ ਸੀ ਕਿ ਕੀ ਪ੍ਰਧਾਨ ਮੰਤਰੀ ਨੂੰ ਪਤਾ ਹੈ ਕਿ ਮੈਂ ਇੰਟਰਵਿਊ ਦੇਣ ਲਈ ਏਥੇ ਆਉਣ ਵਾਸਤੇ ਕਿਰਾਇਆ ਵੀ ਕਿਸੇ ਤੋਂ ਮੰਗ ਕੇ ਲਿਆਇਆ ਹਾਂ? ਇੱਕ ਪੁਲਿਸ ਅਫਸਰ ਹੈ, ਗੁਰਪ੍ਰੀਤ ਸਿੰਘ ਤੂਰ। ਉਹ ਪੁਲਿਸ ਅਫਸਰ ਨਾਲੋਂ ਵੱਧ ਨੌਜਵਾਨਾਂ ਦਾ ਮਨੋ-ਵਿਗਿਆਨੀ ਜਾਪਦਾ ਹੈ। ਇਕ ਦਿਨ ਇਕ ਲੇਖ ਉਸ ਨੇ ਅਖਬਾਰ ਵਿਚ ਲਿਖਿਆ ਸੀ, ਜਿਸ ਵਿਚ ਪੁਲਿਸ ਮਹਿਕਮੇ ਵਿਚ ਕੁੜੀਆਂ ਦੀ ਭਰਤੀ ਦੀ ਕਹਾਣੀ ਪਾਈ ਗਈ ਸੀ। ਤੂਰ ਨੇ ਲਿਖਿਆ ਕਿ ਭਰਤੀ ਦੇ ਟਰਾਇਲ ਮੁੱਕਣ ਪਿੱਛੋਂ ਇਕ ਪਾਸੇ ਬੈਠ ਕੇ ਇਕ ਮਾਂ-ਧੀ ਨਵੇਂ ਬੂਟਾਂ ਨਾਲ ਲੱਗੀ ਮਿੱਟੀ ਰੁਮਾਲ ਨਾਲ ਪੂੰਝ ਰਹੀਆਂ ਸਨ। ਪੁੱਛਣ ਉਤੇ ਕੁੜੀ ਦੀ ਮਾਂ ਨੇ ਕਿਹਾ, 'ਕਿਸੇ ਦੁਕਾਨ ਤੋਂ ਇਹ ਬੂਟ ਲਿਆਂਦੇ ਸਨ। ਜੇ ਧੀ ਟੈਸਟ ਪਾਸ ਕਰ ਜਾਂਦੀ ਤਾਂ ਰੱਖ ਲੈਣੇ ਸਨ, ਹੁਣ ਪੈਸਿਆਂ ਦੀ ਲੋੜ ਹੈ, ਇਹ ਦੁਕਾਨਦਾਰ ਨੂੰ ਵਾਪਸ ਦੇ ਕੇ ਪੈਸੇ ਲੈ ਲਵਾਂਗੀਆਂ।' ਜਵਾਨੀ ਪੰਜਾਬ ਦੀ ਹੋਵੇ ਜਾਂ ਭਾਰਤ ਦੀ, ਇਸ ਵਕਤ ਆਪਣੀ ਹੋਂਦ ਦੇ ਅਹਿਸਾਸ ਵਿਚ ਏਦਾਂ ਉਲਝ ਗਈ ਹੈ ਕਿ ਭਵਿੱਖ ਜਦੋਂ ਧੁੰਦਲਾ ਨਜ਼ਰ ਆਵੇ ਤਾਂ ਅਨਰਥ ਵਾਪਰ ਜਾਂਦੇ ਹਨ।

ਇਸ ਹਫਤੇ ਮੈਨੂੰ ਇਕ ਵਿਦੇਸ਼ੀ ਰੇਡੀਓ ਚੈਨਲ ਤੋਂ ਇਹ ਸਵਾਲ ਪੁੱਛਿਆ ਗਿਆ ਕਿ ਮੁੰਬਈ ਸ਼ਹਿਰ ਵਿਚ ਜੀਆ ਖਾਨ ਨਾਂ ਦੀ ਇਕ ਐਕਟਰੈਸ ਨੇ ਖੁਦਕੁਸ਼ੀ ਕਰ ਲਈ ਹੈ, ਉਸ ਦੇ ਪਿੱਛੇ ਤੁਹਾਡੇ ਖਿਆਲ ਵਿਚ ਕੀ ਕਾਰਨ ਹੋ ਸਕਦਾ ਹੈ? ਮੈਂ ਮੋੜਵਾਂ ਸਵਾਲ ਕੀਤਾ, "ਪੰਜਾਬ ਦੇ ਇਕ ਅਖਬਾਰ ਵਿਚ ਖਬਰ ਛਪੀ ਹੈ, 'ਜਨਵਰੀ ਵਿਚ ਵਿਆਹ, ਅਪਰੈਲ ਵਿਚ ਤਲਾਕ, ਜੂਨ ਵਿਚ ਖੁਦਕੁਸ਼ੀ', ਤੁਸੀਂ ਮੈਨੂੰ ਉਸ ਖਬਰ ਬਾਰੇ ਕਿਉਂ ਨਹੀਂ ਪੁੱਛਦੇ?" ਇਸ ਸਵਾਲ ਦਾ ਜਵਾਬ ਉਨ੍ਹਾਂ ਕੋਲ ਨਹੀਂ ਸੀ ਤੇ ਜੋ ਕੁਝ ਪੰਜਾਬ ਦੀ ਖਬਰ ਦੱਸਦੀ ਸੀ, ਉਸ ਬਾਰੇ ਜਦੋਂ ਦੱਸਣਾ ਪਿਆ ਤਾਂ ਜ਼ਬਾਨ ਮੇਰੀ ਵੀ ਕੰਬ ਰਹੀ ਸੀ। ਉਸ ਕੁੜੀ ਦੀ ਅਤੇ ਜੀਆ ਖਾਨ ਦੀ ਖੁਦਕੁਸ਼ੀ ਦੋਵੇਂ ਹੀ ਹੁਣ ਜਵਾਨੀ ਦਾ ਨਸੀਬਾ ਜਾਪਣ ਲੱਗ ਪਈਆਂ ਹਨ।

ਮੈਂ ਨਹੀਂ ਸੀ ਜਾਣਦਾ ਕਿ ਜੀਆ ਖਾਨ ਕੌਣ ਸੀ? ਉਸ ਦੀ ਮੌਤ ਦੀ ਖਬਰ ਦੇ ਨਾਲ ਜਾਣਿਆ ਸੀ। ਫਿਲਮਾਂ ਵਿਚ ਕੋਈ ਦਿਲਚਸਪੀ ਨਾ ਹੋਣ ਦੇ ਬਾਵਜੂਦ ਪੱਤਰਕਾਰ ਹੋਣ ਦੇ ਨਾਤੇ ਉਸ ਦੀ ਜਾਣਕਾਰੀ ਰੱਖਣਾ ਮੇਰੀ ਡਿਊਟੀ ਸੀ। ਦੱਸਿਆ ਗਿਆ ਕਿ ਉਹ ਕੁੜੀ ਜਦੋਂ ਇਸ ਖੇਤਰ ਵਿਚ ਆਈ ਤਾਂ ਬੜੀ ਚੰਗੀ ਤੁਰ ਪਈ ਸੀ। ਉਸ ਨੂੰ ਅਮਿਤਾਭ ਬੱਚਨ ਵਰਗੇ ਹੀਰੋ ਨਾਲ ਕੰਮ ਕਰਨ ਦਾ ਮੌਕਾ ਵੀ ਮਿਲ ਗਿਆ, ਜਿਸ ਨਾਲ ਇੱਕ ਵਾਰ ਮਿਲਣਾ ਵੀ ਕਈ ਲੋਕਾਂ ਦੀ ਸਾਰੀ ਉਮਰ ਦੀ ਇੱਛਾ ਰਹਿੰਦੀ ਹੈ। ਮੌਕਾ ਮਿਲਣ ਦੇ ਬਾਅਦ ਕੁੜੀ ਨੂੰ ਭਵਿੱਖ ਸੁਨਹਿਰਾ ਨਜ਼ਰ ਆਉਣ ਲੱਗਾ। ਉਸ ਨੇ ਉਹ ਸਾਰੇ ਪ੍ਰਬੰਧ ਕਰ ਲਏ, ਜਿਹੜੇ ਕਿਸੇ ਸਫਲ ਹੀਰੋਇਨ ਨੂੰ ਕਰਨੇ ਬਣਦੇ ਸਨ। ਮੈਨੇਜਰ ਰੱਖ ਲਿਆ, ਨਿੱਜੀ ਸਹਾਇਕ ਤੇ ਨਿੱਜੀ ਬਿਊਟੀਸ਼ਨ ਰੱਖ ਲਏ ਤੇ ਇੱਕ ਡਰਾਈਵਰ ਵੀ, ਕਿਉਂਕਿ ਉਹ ਸਾਰੇ ਸਟੇਟਸ ਦੀ ਪਛਾਣ ਮੰਨੇ ਜਾਂਦੇ ਹਨ। ਮੁੜ ਕੇ ਫਿਲਮਾਂ ਨਹੀਂ ਮਿਲ ਸਕੀਆਂ ਤੇ ਹਰ ਮਹੀਨੇ ਦੇ ਇਸ ਸਟਾਫ਼ ਦੇ ਲੱਖਾਂ ਰੁਪਏ ਦੇ ਖਰਚੇ ਉਸ ਦੇ ਜੜ੍ਹੀਂ ਬੈਠ ਗਏ। ਨਤੀਜਾ ਇਹ ਨਿਕਲਿਆ ਕਿ ਇੱਕ ਦਿਨ ਉਹ ਖੁਦਕੁਸ਼ੀ ਕਰ ਗਈ। ਇਸ ਤੋਂ ਪਹਿਲਾਂ ਵੀ ਮੁੰਬਈ ਦੇ ਕੁਝ ਚਮਕਦੇ ਸਿਤਾਰਿਆਂ, ਕੁਝ ਕੁੜੀਆਂ ਤੇ ਕੁਝ ਮੁੰਡਿਆਂ ਨੇ ਇੰਜ ਹੀ ਖੁਦਕੁਸ਼ੀਆਂ ਕੀਤੀਆਂ ਸਨ।

ਪੰਜਾਬ ਦੀ ਖਬਰ ਉਸ ਤੋਂ ਦੋ ਦਿਨ ਬਾਅਦ ਦੀ ਹੈ। ਜਲੰਧਰ ਜ਼ਿਲੇ ਵਿਚ ਆਦਮਪੁਰ ਨੇੜਲੇ ਇੱਕ ਪਿੰਡ ਦੀ ਕੁੜੀ ਦਾ ਇਸੇ ਸਾਲ ਛੇ ਜਨਵਰੀ ਨੂੰ ਵਿਆਹ ਹੋਇਆ ਸੀ। ਮਾਮੂਲੀ ਗੱਲਾਂ ਤੋਂ ਉਨ੍ਹਾਂ ਪਤੀ-ਪਤਨੀ ਦਾ ਝਗੜਾ ਰਹਿਣ ਲੱਗ ਪਿਆ ਤੇ ਅਪਰੈਲ ਵਿਚ ਸਿਰਫ ਤਿੰਨ ਮਹੀਨੇ ਦੇ ਵਿਆਹੁਤਾ ਜੀਵਨ ਤੋਂ ਬਾਅਦ ਪੰਚਾਇਤੀ ਤੌਰ ਉਤੇ ਵੱਖੋ-ਵੱਖ ਹੋ ਗਏ ਜਾਂ ਕਰ ਦਿੱਤੇ ਗਏ। ਇਸ ਜੂਨ ਮਹੀਨੇ ਦੀ ਦੋ ਤਰੀਕ ਨੂੰ ਕੁੜੀ ਦਾ ਜਨਮ ਦਿਨ ਸੀ। ਮਾਪੇ ਆਪਣੀ ਧੀ ਦਾ ਜਨਮ ਦਿਨ ਮਨਾਉਣਾ ਨਹੀਂ ਛੱਡ ਸਕੇ। ਮਨਾਇਆ ਗਿਆ ਤੇ ਉਸ ਦੇ ਬਾਅਦ ਕੁੜੀ ਨੇ ਅੰਦਰ ਜਾ ਕੇ ਖੁਦਕੁਸ਼ੀ ਕਰ ਲਈ। ਕਾਰਨ ਸਾਫ ਹੈ ਕਿ ਉਸ ਨੂੰ ਭਵਿੱਖ ਵਿਚ ਕੋਈ ਆਸ ਦੀ ਕਿਰਨ ਨਹੀਂ ਸੀ ਦਿੱਸ ਰਹੀ।

ਇਸ ਦੇ ਬਾਅਦ ਫਗਵਾੜੇ ਦੀ ਖਬਰ ਆ ਗਈ। ਲੁਧਿਆਣੇ ਦੇ ਇੱਕ ਕਾਰਖਾਨੇਦਾਰ ਦੀ ਪਤਨੀ ਨੇ ਉਥੇ ਆਪਣੇ ਮਾਂ-ਬਾਪ ਦੇ ਘਰ ਆ ਕੇ ਖੁਦਕੁਸ਼ੀ ਕਰ ਲਈ ਹੈ। ਉਸ ਕੁੜੀ ਦਾ ਇਹ ਦੂਸਰਾ ਵਿਆਹ ਸੀ। ਪਹਿਲੇ ਪਤੀ ਨਾਲ ਨਿਭ ਨਹੀਂ ਸੀ ਸਕੀ ਤੇ ਜਿਸ ਦੂਸਰੇ ਲੁਧਿਆਣੇ ਵਾਲੇ ਨਾਲ ਵਿਆਹ ਕਰਵਾਇਆ, ਉਸ ਦੇ ਆਪਣੇ ਦੋ ਵਿਆਹ ਟੁੱਟ ਚੁੱਕੇ ਸਨ ਅਤੇ ਇਹ ਤੀਸਰਾ ਵਿਆਹ ਸੀ। ਪੰਜਾਬੀ ਸਮਾਜ ਦੇ ਉਲਝਦੇ ਜਾਂਦੇ ਤਾਣੇ-ਬਾਣੇ ਨੇ ਇਹੋ ਜਿਹੀਆਂ ਕਿੰਨੀਆਂ ਕੁੜੀਆਂ ਦੀ ਜਾਨ ਲੈ ਲਈ ਹੈ, ਇਸ ਦਾ ਹਿਸਾਬ ਰੱਖਣ ਦੀ ਵੀ ਕਿਸੇ ਨੂੰ ਲੋੜ ਨਹੀਂ ਜਾਪਦੀ। ਜਦੋਂ ਇਹ ਲੋੜ ਨਹੀਂ ਜਾਪਦੀ ਤਾਂ ਇਹ ਚਿੰਤਾ ਵੀ ਕੌਣ ਕਰੇਗਾ ਕਿ ਸਾਡੀ ਜਵਾਨ ਪੀੜ੍ਹੀ ਇਸ ਤਰ੍ਹਾਂ ਭਵਿੱਖ ਤੋਂ ਉਦਾਸ ਕਿਉਂ ਹੋਈ ਜਾਂਦੀ ਹੈ ਕਿ ਉਸ ਨੂੰ ਜਿਊਣਾ ਵੀ ਬੋਝ ਜਾਪਣ ਲੱਗ ਪਿਆ ਹੈ?

ਨਾ ਦੇਸ਼ ਦੇ ਕਿਸੇ ਆਗੂ ਨੇ ਇਹ ਚਿੰਤਾ ਕਦੇ ਕੀਤੀ ਹੈ ਤੇ ਨਾ ਪੰਜਾਬ ਵਾਲਿਆਂ ਕੋਲ ਇਹ ਸੋਚਣ ਦੀ ਵਿਹਲ ਹੈ ਕਿ ਜਿਸ ਦਿਨ ਕਿਸੇ ਵੀ ਜਮਾਤ ਦੇ ਇਮਤਿਹਾਨ ਦਾ ਨਤੀਜਾ ਆਉਂਦਾ ਹੈ, ਉਸ ਦਿਨ ਕਿੰਨੇ ਬੱਚੇ ਹਰ ਸਾਲ ਖੁਦਕੁਸ਼ੀਆਂ ਕਰ ਜਾਂਦੇ ਹਨ? ਅਸੀਂ ਸਿਰਫ ਇਹ ਵੇਖਦੇ ਹਾਂ ਕਿ ਫਲਾਣੇ ਸਕੂਲ ਜਾਂ ਕਾਲਜ ਦੇ ਐਨੇ ਬੱਚੇ ਮੈਰਿਟ ਵਿਚ ਆਏ ਤੇ ਉਨ੍ਹਾਂ ਦੇ ਸਕੂਲ ਮੁਖੀ ਨੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾ ਕੇ ਜਿਹੜੀ ਫੋਟੋ ਖਿਚਵਾਈ ਹੁੰਦੀ ਹੈ, ਉਸ ਨੂੰ ਅਖਬਾਰ ਵਿਚ ਵੇਖ ਲੈਂਦੇ ਹਾਂ। ਮਰ ਗਏ ਬੱਚਿਆਂ ਦੇ ਮਾਪੇ ਕੀ ਕਹਿੰਦੇ ਹਨ, ਇਹ ਗੱਲ ਕੋਈ ਖਾਸ ਧਿਆਨ ਦੇ ਯੋਗ ਨਹੀਂ ਸਮਝਦਾ, ਪਰ ਸਮਝਣੀ ਚਾਹੀਦੀ ਹੈ। ਇਮਤਿਹਾਨਾਂ ਦੇ ਨਤੀਜੇ ਅੱਜ ਕੱਲ੍ਹ ਇੰਟਰਨੈਟ ਉਤੇ ਆ ਜਾਂਦੇ ਹਨ ਤੇ ਬਹੁਤ ਸਾਰੇ ਬੱਚਿਆਂ ਨੂੰ ਮੋਬਾਈਲ ਫੋਨ ਉਤੇ ਇਸ ਦੀ ਸੂਚਨਾ ਮਿਲ ਜਾਂਦੀ ਹੈ। ਜੇ ਨਤੀਜਾ ਫੇਲ੍ਹ ਹੋਣ ਦਾ ਹੀ ਨਹੀ, ਆਸ ਤੋਂ ਘੱਟ ਨੰਬਰਾਂ ਵਾਲਾ ਵੀ ਆਵੇ ਤਾਂ ਬੱਚੇ ਆਪਣੇ ਘਰ ਜਾਣ ਦੀ ਥਾਂ ਦੁਨੀਆਂ ਛੱਡ ਜਾਣ ਦਾ ਰਾਹ ਚੁਣ ਲੈਂਦੇ ਹਨ। ਬੰਗਲੌਰ ਵਿਚ ਇੱਕ ਇਹੋ ਜਿਹੀ ਕੁੜੀ ਨੇ ਖੁਦਕੁਸ਼ੀ ਕਰ ਲਈ ਹੈ ਜਿਸ ਦੇ ਨੰਬਰ ਨੱਬੇ ਫੀਸਦੀ ਤੋਂ ਵੱਧ ਆਏ ਸਨ, ਪਰ ਜਿਵੇਂ ਉਹ ਹਰ ਵਾਰੀ ਪਹਿਲੇ ਦਸਾਂ ਵਿਚ ਹੁੰਦੀ ਸੀ, ਉਸ ਸਥਿਤੀ ਨੂੰ ਕਾਇਮ ਨਹੀਂ ਸੀ ਰੱਖ ਸਕੀ।

ਜਦੋਂ ਹਰ ਸਕੂਲ, ਕਾਲਜ ਅਤੇ ਹਰ ਸਿੱਖਿਆ ਸੰਸਥਾ ਵਿਚ ਇਹ ਦੌੜ ਲੱਗੀ ਹੋਈ ਹੈ ਕਿ ਮੁਕਾਬਲੇ ਵਿਚ ਬਾਕੀਆਂ ਤੋਂ ਅੱਗੇ ਨਿਕਲਣਾ ਹੈ ਤਾਂ ਇਸ ਦਾ ਬੱਚਿਆਂ ਦੇ ਮਨਾਂ ਉਤੇ ਇਹੋ ਜਿਹਾ ਬੋਝ ਪੈਣ ਲੱਗ ਪਿਆ ਹੈ ਕਿ ਉਹ ਕਿਸੇ ਕਿਸਮ ਦੀ ਕਮੀ ਵੇਖ ਕੇ ਉਸ ਨੂੰ ਦੂਰ ਕਰਨ ਦੀ ਥਾਂ ਮਰਨ ਦਾ ਰਾਹ ਚੁਣਨ ਲੱਗ ਪਏ ਹਨ। ਇਹ ਆਮ ਕਿਹਾ ਜਾਂਦਾ ਹੈ ਕਿ ਭਾਰਤ ਉਤੇ ਪੱਛਮੀ ਸੱਭਿਅਤਾ ਦਾ ਪ੍ਰਛਾਵਾਂ ਬੜੀ ਤੇਜ਼ੀ ਨਾਲ ਪੈ ਰਿਹਾ ਹੈ ਪਰ ਅਸੀਂ ਪੱਛਮੀ ਦੇਸ਼ਾਂ ਦੇ ਬੱਚਿਆਂ ਵੱਲੋਂ ਇਸ ਤਰ੍ਹਾਂ ਇਮਤਿਹਾਨਾਂ ਦੇ ਦਿਨਾਂ ਵਿਚ ਧੜਾ-ਧੜ ਖੁਦਕੁਸ਼ੀਆਂ ਕਰਨ ਦੀਆਂ ਖਬਰਾਂ ਕਦੇ ਨਹੀਂ ਪੜ੍ਹੀਆਂ। ਉਨ੍ਹਾਂ ਦੇਸ਼ਾਂ ਦੇ ਵਿਦਿਅਕ ਅਦਾਰਿਆਂ ਵਿਚ ਕੌਂਸਲਿੰਗ ਦਾ ਪ੍ਰਬੰਧ ਹੁੰਦਾ ਹੈ, ਤਾਂ ਕਿ ਜਿਹੜੀ ਗੱਲ ਬੱਚੇ ਮਾਂ-ਬਾਪ ਨਾਲ ਕਰਨ ਤੋਂ ਵੀ ਝਿਜਕਦੇ ਹੋਣ, ਉਹ ਕਿਸੇ ਨਾਲ ਸਾਂਝੀ ਕਰ ਕੇ ਅਤੇ ਉਸ ਦੀ ਸਲਾਹ ਲੈ ਕੇ ਮਨ ਦਾ ਬੋਝ ਹਲਕਾ ਕਰ ਸਕਣ। ਇਸ ਤਰ੍ਹਾਂ ਦੀ ਸਲਾਹ ਮਾਨਸਿਕ ਗੁੰਝਲਾਂ ਖੋਲ੍ਹਣ ਤੇ ਜ਼ਿੰਦਗੀ ਦੀ ਅਵਾਜ਼ਾਰੀ ਨੂੰ ਮੌਤ ਤੱਕ ਜਾਣ ਵੱਲੋਂ ਮੋੜਨ ਦਾ ਚੰਗਾ ਢੰਗ ਹੁੰਦੀ ਹੈ, ਪਰ ਨੋਟਾਂ ਨੂੰ ਮਾਂਜਾ ਮਾਰਨ ਰੁੱਝੇ ਹੋਏ ਭਾਰਤ ਦੇ ਅਦਾਰਿਆਂ ਨੂੰ ਇਸ ਤਰ੍ਹਾਂ ਦੀ ਕਿਸੇ ਕੋਸ਼ਿਸ਼ ਦੀ ਲੋੜ ਨਹੀਂ ਜਾਪਦੀ ਤੇ ਜਿਨ੍ਹਾਂ ਨੇ ਇਹ ਪ੍ਰਬੰਧ ਕੀਤੇ ਵੀ ਹਨ, ਉਹ ਅਮਲ ਵਿਚ ਸਾਰਥਿਕ ਸਾਬਤ ਨਹੀਂ ਹੋ ਰਹੇ।

ਇੱਕ ਗੱਲ ਇਹ ਅਸੀਂ ਆਮ ਸੁਣਦੇ ਹਾਂ ਕਿ ਲੀਡਰਾਂ ਦੇ ਬੱਚਿਆਂ ਨੂੰ ਇਸ ਕਿਸਮ ਦੀ ਮਾਨਸਿਕਤਾ ਦਾ ਕਦੀ ਸਾਹਮਣਾ ਨਹੀਂ ਕਰਨਾ ਪੈਂਦਾ। ਪਿਛਲੇ ਦਿਨੀਂ ਅਸੀਂ ਇੱਕ ਇਹੋ ਜਿਹੇ ਨੌਜਵਾਨ ਦੀ ਖੁਦਕੁਸ਼ੀ ਦੀ ਖਬਰ ਵੀ ਪੜ੍ਹੀ ਹੈ, ਜਿਸ ਦਾ ਬਾਪ ਭਾਰਤ ਦੇ ਇੱਕ ਵੱਡੇ ਰਾਜ ਦੀ ਵਿਧਾਨ ਸਭਾ ਵਿਚ ਵਿਰੋਧੀ ਧਿਰ ਦਾ ਆਗੂ ਹੈ ਤੇ ਇਹ ਆਸ ਰੱਖੀ ਬੈਠਾ ਹੈ ਕਿ ਅਗਲੀ ਵਾਰੀ ਉਸ ਦੀ ਪਾਰਟੀ ਦੀ ਸਰਕਾਰ ਬਣੀ ਤਾਂ ਮੁੱਖ ਮੰਤਰੀ ਜਾਂ ਦੂਸਰੇ ਨੰਬਰ ਦਾ ਮੰਤਰੀ ਬਣੇਗਾ। ਉਸ ਨੌਜਵਾਨ ਨੇ ਇੰਜੀਨੀਅਰਿੰਗ ਦੀ ਪੜ੍ਹਾਈ ਇਸ ਲਈ ਛੱਡ ਦਿੱਤੀ ਕਿ ਰਾਜਨੀਤੀ ਵਿਚ ਉਸ ਨੂੰ ਕਾਫੀ ਰੋਸ਼ਨ ਭਵਿੱਖ ਨਜ਼ਰ ਆਇਆ ਸੀ। ਬਾਪ ਨੇ ਨਗਰ ਕੌਂਸਲ ਦੀ ਚੋਣ ਵਿਚ ਟਿਕਟ ਦਿਵਾ ਦਿੱਤੀ ਤੇ ਨਾਲ ਇਹ ਆਖ ਦਿੱਤਾ ਕਿ ਇਹ ਛੋਟੀ ਜਿਹੀ ਨਗਰ ਕੌਂਸਲ ਦੀ ਚੋਣ ਇੱਕ ਪੜੁੱਲ ਸਮਝ ਕੇ ਲੜੀਂ, ਜਿੱਤ ਗਿਆ ਤਾਂ ਸ਼ਹਿਰ ਦਾ ਪ੍ਰਧਾਨ ਤੂੰ ਹੀ ਬਣੇਂਗਾ ਤੇ ਜੇ ਹਾਰ ਗਿਆ ਤਾਂ ਅੱਗੋਂ ਲਈ ਔਕੜਾਂ ਬਹੁਤ ਆਉਣਗੀਆਂ। ਬਾਪ ਤਾਂ ਵੋਟਾਂ ਪੈਣ ਪਿੱਛੋਂ ਕਿਸੇ ਕੰਮ ਲਈ ਰਾਜਧਾਨੀ ਨੂੰ ਚਲਾ ਗਿਆ ਤੇ ਜਿੱਤ ਦੀ ਪੱਕੀ ਆਸ ਲਾਈ ਬੈਠੇ ਪੁੱਤਰ ਨੇ ਜਦੋਂ ਇਹ ਵੇਖਿਆ ਕਿ ਸ਼ਹਿਰ ਦਾ ਪ੍ਰਧਾਨ ਬਣਾਉਣ ਵਾਲੀ ਇੱਕ ਵਾਰਡ ਦੀ ਚੋਣ ਵੀ ਉਸ ਤੋਂ ਜਿੱਤੀ ਨਹੀਂ ਗਈ ਤਾਂ ਅੱਧੀ ਰਾਤ ਨੂੰ ਉਸ ਨੇ ਖੁਦਕੁਸ਼ੀ ਕਰ ਲਈ। ਉਸ ਦੀ ਖੁਦਕੁਸ਼ੀ ਲਈ ਉਸ ਦਾ ਬਾਪ ਵੀ ਜ਼ਿਮੇਵਾਰ ਸੀ, ਉਸ ਦੇ ਯਾਰ-ਮਿੱਤਰ ਵੀ, ਜਿਹੜੇ ਉਸ ਨੂੰ ਇਹੋ ਸਿੱਖਾਈ ਗਏ ਸਨ ਕਿ ਆਹ ਇੱਕ ਸੀਟ ਜਿੱਤਣ ਦੀ ਦੇਰ ਹੈ, ਫਿਰ ਝੰਡੀ ਵਾਲੀ ਕਾਰ ਤੇਰੇ ਹੇਠ ਹੋਵੇਗੀ।

ਸਾਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਬੱਚਿਆਂ ਦੇ ਸਿਰ ਉਤੇ ਚੰਗੇ ਭਵਿੱਖ ਦੀ ਸਰਪਟ ਦੌੜ ਦੀ ਭਾਵਨਾ ਭਰੀ ਜਾ ਰਹੀ ਹੈ। ਇਹ ਭਾਵਨਾ ਭਰਨ ਵਿਚ ਕਾਰਪੋਰੇਟ ਘਰਾਣੇ ਵੀ ਬਹੁਤ ਭੈੜੀ ਭੂਮਿਕਾ ਅਦਾ ਕਰ ਰਹੇ ਹਨ। ਉਹ ਕਿਸੇ ਦਿਨ ਮੀਡੀਏ ਨੂੰ ਇਹ ਦੱਸਦੇ ਹਨ ਕਿ ਫਲਾਣੇ ਅਦਾਰੇ ਦੇ ਚਾਰ ਬੱਚਿਆਂ ਨੂੰ ਅਸੀਂ ਉਨ੍ਹਾਂ ਦੀ ਯੋਗਤਾ ਵੇਖ ਕੇ ਤਿੰਨ ਲੱਖ ਰੁਪਏ ਮਹੀਨੇ ਦੇ ਪੈਕੇਜ ਉਤੇ ਸਿਲੈਕਟ ਕਰ ਲਿਆ ਹੈ। ਇਹ ਖੁਸ਼ੀ ਦੀ ਖਬਰ ਜਦੋਂ ਬਾਹਰ ਆਉਂਦੀ ਹੈ, ਉਦੋਂ ਇਹ ਗੱਲ ਲੁਕੀ ਰਹਿ ਜਾਂਦੀ ਹੈ ਕਿ ਉਸੇ ਅਦਾਰੇ ਦੀ ਉਸੇ ਕਲਾਸ ਵਿਚ ਉਨ੍ਹਾਂ ਦੋਂਹ ਦੇ ਨਾਲ ਛੱਤੀ ਹੋਰ ਬੱਚਿਆਂ ਨੇ ਵੀ ਆਪਣੇ ਮਾਂ-ਬਾਪ ਤੋਂ ਲਿਆ ਕੇ ਉਨਾ ਹੀ ਪੈਸਾ ਖਰਚ ਕੀਤਾ ਸੀ, ਪਰ ਉਨ੍ਹਾਂ ਨੂੰ ਕਿਸੇ ਨੇ ਚਪੜਾਸੀ ਲਾਉਣ ਲਈ ਵੀ ਨਹੀਂ ਚੁਣਿਆ। ਜਦੋਂ ਉਹ ਚਾਰ ਬੱਚੇ ਕੋਈ ਕਾਰਪੋਰੇਟ ਘਰਾਣਾ ਚੁਣਦਾ ਹੈ, ਉਦੋਂ ਉਨ੍ਹਾਂ ਦੀ ਮਸ਼ਹੂਰੀ ਏਦਾਂ ਕੀਤੀ ਜਾਂਦੀ ਹੈ, ਜਿਵੇਂ ਅਮਿਤਾਭ ਬੱਚਨ ਦੇ ਨਾਲ ਕੰਮ ਕਰਨ ਲਈ ਚੁਣੀ ਗਈ ਜੀਆ ਖਾਨ ਵਾਸਤੇ ਕੀਤੀ ਗਈ ਸੀ, ਪਰ ਅਗਲੇ ਸਾਲ ਜਦੋਂ 'ਪਰਫਾਰਮੈਂਸ' ਪੂਰੀ ਨਾ ਦੇ ਸਕਣ ਦੇ ਬਹਾਨੇ ਹੇਠ ਉਹ ਬੱਚੇ ਕੱਢ ਦਿੱਤੇ ਜਾਂਦੇ ਹਨ, ਉਨ੍ਹਾਂ ਦੀ ਖਬਰ ਮੀਡੀਏ ਦੀ ਕਿਸੇ ਨੁੱਕਰ ਵਿਚ ਨਹੀਂ ਲੱਭਦੀ। ਖਬਰ ਉਦੋਂ ਬਣਦੀ ਹੈ, ਜਦੋਂ ਤਿੰਨ ਲੱਖ ਰੁਪਏ ਮਹੀਨੇ ਦੇ ਪੈਕੇਜ ਵਾਲਾ ਬੱਚਾ ਨੌਕਰੀ ਤੋਂ ਕੱਢੇ ਜਾਣ ਤੋਂ ਨਿਰਾਸ਼ ਹੋ ਕੇ ਖੁਦਕੁਸ਼ੀ ਕਰ ਜਾਂਦਾ ਹੈ। ਉਦੋਂ ਕਾਰਪੋਰੇਟ ਘਰਾਣਾ ਨਵਾਂ 'ਟੇਲੈਂਟ' ਤਲਾਸ਼ ਕਰਨ ਦੀ ਫੋਟੋ ਛਪਵਾਉਣ ਲਈ ਟੀ ਵੀ ਕੈਮਰਿਆਂ ਵਾਲਿਆਂ ਨੂੰ ਸੁਨੇਹੇ ਭੇਜਣ ਅਤੇ ਪ੍ਰੈਸ ਨੋਟ ਤਿਆਰ ਕਰਨ ਦੇ ਕੰਮ ਵਿਚ ਰੁੱਝ ਜਾਂਦਾ ਹੈ ਤੇ ਪਹਿਲੇ ਦਾ ਰੋਣਾ ਰੋਣ ਲਈ ਉਸ ਦੇ ਮਾਂ-ਬਾਪ ਇਕੱਲੇ ਰਹਿ ਜਾਂਦੇ ਹਨ।

ਜੀਆ ਖਾਨ ਹੋਵੇ ਜਾਂ ਜਨਵਰੀ ਵਿਚ ਵਿਆਹੀ ਤੇ ਜੂਨ ਵਿਚ ਖੁਦਕੁਸ਼ੀ ਕਰ ਗਈ ਕੁੜੀ, ਦੋਵਾਂ ਦੇ ਦੁਖਾਂਤ 'ਚ ਕੋਈ ਨਾ ਕੋਈ ਸੰਬੰਧ ਤਾਂ ਜਾਪਦਾ ਹੈ।

# ਪੰਜਾਬ ਸਪੋਰਟਸ ਕਲੱਬ ਦੀ ਓਪਨ ਕਬੱਡੀ 'ਚ ਜੇਤੂ ਰਿਹਾ ਖਾਲਸਾ ਕਲੱਬ

*(ਸਫਾ 4 ਦੀ ਬਾਕੀ)*

ਕੀਤੀ।

ਸੁਰਿੰਦਰ ਸ਼ਿੰਦੇ ਦੇ ਲੜਕੇ ਮਨਇੰਦਰ ਸਿੰਘ ਨੇ ਵੀ ਕੁਝ ਗੀਤ ਗਾ ਕੇ ਆਪਣੇ ਪਿਓ ਦੇ ਪਾਏ ਪੂਰਨਿਆਂ 'ਤੇ ਚੱਲਣ ਦੀ ਗਵਾਹੀ ਦਿੱਤੀ। ਇਕ ਗੀਤ ਦੇ ਬੋਲ ਸਨ, 'ਪਿਆਰ ਪਿਆਰ ਕਹਿਣ ਨਾਲ ਬਹੁਤਾ ਪਿਆਰ ਨਹੀਂ ਹੁੰਦਾ, ਹਰ ਹੱਥ ਮਿਲਾਉਣ ਵਾਲਾ ਯਾਰ ਨਹੀਂ ਹੁੰਦਾ।'

ਸੁਰਿੰਦਰ ਸ਼ਿੰਦੇ ਅਤੇ ਸੁਖਵੰਤ ਸੁੱਖੀ ਨੇ ਕੁਝ ਦੋਗਾਣੇ ਵੀ ਪੇਸ਼ ਕੀਤੇ। ਇਕ ਗੀਤ ਦੇ ਬੋਲ ਸਨ, 'ਨਿੱਕੀ ਨਿੱਕੀ ਪੈਂਦੀ ਨੀ ਕਣੀ, ਮੈਂ ਯਾ ਮੇਰਾ ਰੱਬ ਜਾਣਦਾ ਕਿਵੇਂ ਜਾਨ 'ਤੇ ਬਣੀ।' ਮੇਲੇ ਦੇ ਆਖੀਰ 'ਤੇ ਉਨ੍ਹਾਂ ਕੁਝ ਬੋਲੀਆਂ ਵੀ ਪਾਈਆਂ। ਇਕ ਬੋਲੀ ਦਾ ਤੋੜਾ ਸੀ, 'ਬਹੁਤਾ ਹੱਸਣਾ ਵੀ ਮਾੜਾ ਤੇ ਫੂਕ ਵਿਚ ਆ ਕੇ ਪੈਗ ਚੱਕਣਾ ਵੀ ਮਾੜਾ।' ਬੋਲੀਆਂ ਪੈਂਦੀਆਂ ਹੋਣ ਤਾਂ ਪੰਜਾਬੀ ਭੰਗੜਾ ਨਾ ਪਾਉਣ, ਇਹ ਅੱਲੋਕਾਰੀ ਗੱਲ ਹੋਵੇਗੀ। ਲੋਰ ਵਿਚ ਆਏ ਦਰਸ਼ਨ ਸਿੰਘ ਧਾਲੀਵਾਲ ਤੇ ਬਲਦੇਵ ਸਿੰਘ ਸੱਲ੍ਹਾਂ ਨੇ ਵੀ ਸ਼ਿੰਦੇ ਦੇ ਗੀਤਾਂ 'ਤੇ ਭੰਗੜਾ ਪਾਇਆ। ਵਿਚ ਵਿਚਾਲੇ ਗਾਇਕ ਤੇ ਗੀਤਕਾਰ ਨਿੰਮਾ ਡੱਲੇਵਾਲ ਦੀ ਪਹਿਲੀ ਪੁਸਤਕ 'ਇਕ ਸੁਨੇਹਾ' ਦਰਸ਼ਨ ਸਿੰਘ ਧਾਲੀਵਾਲ ਨੇ ਰਿਲੀਜ਼ ਕੀਤੀ।

ਮੇਲਾ ਵੇਖਣ ਲਈ ਸ਼ਿਕਾਗੋ ਤੋਂ ਇਲਾਵਾ ਮਿਲਵਾਕੀ, ਇੰਡੀਆਨਾ, ਮਿਸ਼ੀਗਨ, ਆਇਓਆ ਅਤੇ ਓਹਾਇਓ ਤੋਂ ਵੀ ਦਰਸ਼ਕ ਪਹੁੰਚੇ ਹੋਏ ਸਨ।

ਇਨਡੋਰ ਸਟੇਡੀਅਮ ਵਿਚ ਕਬੱਡੀ ਮੈਚ ਕਰਵਾਉਣ ਦਾ ਤਜ਼ਰਬਾ ਕੋਈ ਬਹੁਤਾ ਸਫਲ ਹੋਇਆ ਨਹੀਂ ਸੀ ਜਾਪਦਾ। ਘਾਹ ਦੇ ਮੈਦਾਨ ਦੀ ਥਾਂ ਕਾਰਪੈਟ ਵਾਲੇ ਸੌਕਰ ਮੈਦਾਨ ਵਿਚ ਕੋਈ ਵੀ ਮੈਚ ਫਸਵਾਂ ਨਹੀਂ ਸੀ ਹੋ ਸਕਿਆ। ਬਹੁਤੇ ਖਿਡਾਰੀ ਸੱਟ-ਫੇਟ ਲੱਗਣ ਦੇ ਡਰੋਂ ਝਿਜਕ ਨਾਲ ਖੇਡ ਰਹੇ ਸਨ। ਨਾ ਕੋਈ ਪੂਰੇ ਦਿਲ ਨਾਲ ਰੇਡ ਪਾ ਰਿਹਾ ਸੀ ਅਤੇ ਨਾ ਹੀ ਜੂਝ ਮਰਨ ਦੀ ਭਾਵਨਾ ਨਾਲ ਜੱਫਾ ਹੀ ਲਾ ਰਿਹਾ ਸੀ। ਸਿਰਫ ਫਾਈਨਲ ਮੈਚ ਵਿਚ ਹੀ ਕੁਝ ਚੰਗੀਆਂ ਰੇਡਾਂ ਤੇ ਜੱਫੇ ਦੇਖਣ ਨੂੰ ਮਿਲੇ। ਕੁਮੈਂਟੇਟਰ ਨੂੰ ਵੀ ਇਹ ਕਹਿਣਾ ਪਿਆ ਕਿ ਖਿਡਾਰੀ ਇਸ ਸਿਨਥੈਟਿਕ ਗਰਾਊਂਡ ਵਿਚ ਖੇਡਦਿਆਂ ਝਕਦਾ ਹੈ ਕਿਉਂਕਿ ਥਲੇ ਗੱਦੇ ਨਹੀਂ ਹਨ। ਹਾਜਰੀ ਪੱਖੋਂ ਵੀ ਉਨੇ ਦਰਸ਼ਕ ਵੀ ਮੈਦਾਨ ਵਿਚ ਨਹੀਂ ਸਨ ਜਿੰਨੇ ਖੁਲ੍ਹੇ-ਡੁਲ੍ਹੇ ਪਾਰਕ ਵਿਚ ਪਹੁੰਚਦੇ ਹਨ। ਖੁੱਲ੍ਹੇ ਮੈਦਾਨ ਵਿਚ ਜਿਵੇਂ ਮੈਚ ਦੇਖਣ ਲਈ ਸ਼ੌਕੀਨ ਉਲਰ ਉਲਰ ਪੈਂਦੇ ਹਨ, ਉਹ ਮਾਹੌਲ ਇਸ ਇਨਡੋਰ ਸਟੇਡੀਅਮ ਵਿਚ ਕਿਧਰੇ ਨਜ਼ਰ ਨਹੀਂ ਆਇਆ। ਇਸ ਸਭ ਦੇ ਬਾਵਜੂਦ ਪ੍ਰਬੰਧਕਾਂ ਨੇ ਅਗਲਾ ਮੇਲਾ ਇਸੇ ਥਾਂ 25 ਮਈ 2014 ਨੂੰ ਕਰਵਾਉਣ ਦਾ ਐਲਾਨ ਕਰ ਦਿੱਤਾ।

ਇਸ ਕਬੱਡੀ ਟੂਰਨਾਮੈਂਟ ਨੂੰ ਕਾਮਯਾਬ ਕਰਨ ਲਈ ਪੰਜਾਬ ਸਪੋਰਟਸ ਕਲੱਬ ਦੇ ਚੇਅਰਮੈਨ ਦਲਜੀਤ ਸਿੰਘ ਰਾਜਪੁਰਾ, ਪ੍ਰਧਾਨ ਅਜਮੇਰ ਸਿੰਘ ਪੰਨੂ, ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਘੋਤੜਾ, ਸੰਤੋਖ ਸਿੰਘ ਡੀ ਸੀ, ਨਰਿੰਦਰ ਸਿੰਘ ਸਰਾਂ, ਜਸਕਰਨ ਧਾਲੀਵਾਲ, ਹੈਪੀ ਹੀਰ, ਅਜੈਬ ਸਿੰਘ ਲੱਖਣ, ਲੱਕੀ ਸਹੋਤਾ, ਅਮਰੀਕ ਸਿੰਘ, ਲਵਦੀਪ ਸਿੰਘ ਦੁਲਤ, ਬਲਦੇਵ ਸਿੰਘ ਗਿੱਲ, ਗੁਰਪ੍ਰੀਤ ਗਿੱਲ, ਗਿਆਨ ਸਿੰਘ ਸੀਹਰਾ, ਗੁਰਮੀਤ ਸਿੰਘ ਭੋਲਾ ਤੋਂ ਇਲਾਵਾ ਲਖਵਿੰਦਰ ਸਿੰਘ ਲੱਖਾ (ਇੰਡੀਆਨਾ), ਹਰਦੀਪ ਸਿੰਘ ਤਾਊ, ਲਾਲੀ ਸਿੱਧੂ (ਮਿਲਵਾਕੀ), ਸਰੂਪ ਢਿਲੋਂ, ਗੁਰਿੰਦਰ ਢਿਲੋਂ (ਸਿਨਸਿਨੈਟੀ, ਓਹਾਇਓ), ਰਾਜਿੰਦਰ ਦਿਆਲ, ਜੁਝਾਰ ਸਿੰਘ ਕੰਗ, ਹਰਿੰਦਰ ਸਿੰਘ ਸਰਾਂ, ਪਰਮਿੰਦਰ ਸਿੰਘ ਕਾਹਲੋਂ, ਅਜਮੇਰ ਸਿੰਘ ਲੱਖਣ, ਮਹਿੰਦਰ ਸਿੰਘ ਰਕਾਲਾ, ਦਰਸ਼ਨ ਡਿਡਰਾਲ, ਰੁਪਿੰਦਰ ਸਿੰਘ ਕੰਗ, ਰਘਬੀਰ ਸਿੰਘ ਕੰਗ, ਰਾਣਾ ਭੰਡਾਲ, ਗੁਰਦੀਪ ਸਿੰਘ ਢਿੱਲੋਂ, ਡਾ. ਸ਼ਰਨਜੀਤ ਸਿੰਘ ਰੰਧਾਵਾ, ਜਗਮੋਹਨ ਸਿੰਘ ਅੰਤਾਲ ਅਤੇ ਆਗਿਆਪਾਲ ਸਿੰਘ ਚਾਹਲ ਨੇ ਵਿਸ਼ੇਸ਼ ਯੋਗਦਾਨ ਪਾਇਆ।

#

**OKKJI Transfer LLC.**

**15238 Radiance Dr., Noblesville, IN, 46060**

**ਓਨਰ ਅਪਰੇਟਰ ਚਾਹੀਦੇ ਹਨ**

*ਲੋਕਲ ਤੇ ਲੌਂਗ ਰੂਟ

*ਡਰਾਈ ਅਤੇ ਰੀਫਰ ਲੋਡ

ਕਾਗਜ਼ ਦਿਓ ਤੇ ਪੈਸੇ ਲਓ



**ਟਰੱਕ ਪਾਰਕਿੰਗ ਮਾਸਿਕ ਰੈਂਟ 'ਤੇ ਉਪਲਬਧ ਹੈ**

**ਸੰਪਰਕ ਕਰੋ:**

**Toll Free: 1-855-966-5554**

Manny Sandhu: 317-603-1000, Sam Bhullar: 732-486-9045

Fax: 317-774-9665

# ਪੰਜਾਬ ਟਾਈਮਜ਼

*ਸਨਿਚਰਵਾਰ, 15 ਜੂਨ 2013*

## ਯਾਦਗਾਰਾਂ ਬਨਾਮ ਸਿੱਖੀ ਦਾ ਬੁਰਜ

ਅਕਾਲ ਤਖਤ ਉਤੇ ਹਮਲੇ ਵਾਲੀ ਸ਼ਹੀਦੀ ਯਾਦਗਾਰ ਤੋਂ ਬਾਅਦ ਨਵੰਬਰ 1984 ਦੌਰਾਨ ਦਿੱਲੀ 'ਚ ਹੋਏ ਕਤਲੇਆਮ ਵਾਲੀ ਯਾਦਗਾਰ ਬਾਰੇ ਵੀ ਝੇੜੇ ਪੈਦਾ ਹੋ ਗਏ ਹਨ। ਇਨ੍ਹਾਂ ਝੇੜਿਆਂ ਨਾਲ ਬਹੁਤ ਸਾਰੇ ਹੋਰ ਸਵਾਲ ਵੀ ਉਠ ਖੜ੍ਹੇ ਹੋਏ ਹਨ। ਸਿੱਖ ਭਾਈਚਾਰੇ ਲਈ 1984 ਦਾ ਸੱਲ ਬਹੁਤ ਡੂੰਘਾ ਹੈ। ਇਸ ਸੱਲ ਦੀਆਂ ਅਨਗਿਣਤ ਪਰਤਾਂ ਹਨ ਅਤੇ ਸਿੱਖੀ ਨਾਲ ਵਾਬਸਤਾ ਹਰ ਸ਼ਖਸ ਪਿਛਲੇ ਤਿੰਨ ਦਹਾਕਿਆਂ ਤੋਂ ਆਪੋ-ਆਪਣੇ ਦਰਦ ਨਾਲ ਇਨ੍ਹਾਂ ਪਰਤਾਂ ਨਾਲ ਦੋ-ਚਾਰ ਹੋ ਰਿਹਾ ਹੈ। ਦਰਦ ਦੀਆਂ ਇਹ ਪਰਤਾਂ ਜਦੋਂ ਖੁੱਲ੍ਹਦੀਆਂ ਹਨ ਤਾਂ ਚੀਸਾਂ ਦੇ ਹੜ੍ਹ ਆ ਜਾਂਦੇ ਹਨ। ਉਂਜ ਪਿਛਲੇ ਕੁਝ ਸਮੇਂ ਤੋਂ ਇਹ ਵਰਤਾਰਾ ਦੇਖਣ ਵਿਚ ਆ ਰਿਹਾ ਹੈ ਕਿ ਸਾਰਾ ਕੁਝ ਯਾਦਗਾਰਾਂ ਵਿਚ ਵਟਦਾ ਪ੍ਰਤੀਤ ਹੁੰਦਾ ਲਗਦਾ ਹੈ। ਸਮੇਂ ਮੁਤਾਬਕ ਅਜਿਹੀਆਂ ਯਾਦਗਾਰਾਂ ਦਾ ਆਪਣਾ ਮਹੱਤਵ ਹੁੰਦਾ ਹੈ ਅਤੇ ਇਨ੍ਹਾਂ ਦੀ ਉਸਾਰੀ ਬਾਰੇ ਵੀ ਕੋਈ ਦੋ ਰਾਵਾਂ ਨਹੀਂ ਹਨ, ਪਰ ਜਿਸ ਤਰ੍ਹਾਂ ਸਾਰੀ ਦੀ ਸਾਰੀ ਊਰਜਾ ਇਸ ਪਾਸੇ ਲਾਉਣ ਜਾਂ ਲੁਆਉਣ ਦਾ ਯਤਨ ਕੀਤਾ ਜਾ ਰਿਹਾ ਹੈ, ਜਾਂ ਇਸ ਮੁੱਦੇ ਉਤੇ ਜਿਸ ਤਰ੍ਹਾਂ ਸਿਆਸਤ ਦੀਆਂ ਗੀਟੀਆਂ ਸੁੱਟੀਆਂ ਜਾ ਰਹੀਆਂ ਹਨ, ਉਹ ਗੱਲਾਂ ਬੇਚੈਨ ਕਰਨ ਵਾਲੀਆਂ ਹਨ। ਅਕਾਲ ਤਖਤ ਵਾਲੀ ਯਾਦਗਾਰ ਦੀ ਉਸਾਰੀ ਦਾ ਜ਼ਿੰਮਾ ਸਿੱਖਾਂ ਦੀ ਸ਼੍ਰੋਮਣੀ ਸੰਸਥਾ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸੀ। ਇਸ ਬਾਰੇ ਕਿਸੇ ਨੂੰ ਕੋਈ ਸ਼ੱਕ ਨਹੀਂ ਕਿ ਇਸ ਕਮੇਟੀ ਦਾ ਸਮੁੱਚਾ ਕੰਮ-ਕਾਜ ਅੱਜਕੱਲ੍ਹ ਪੰਜਾਬ ਦੀ ਸੱਤਾਧਾਰੀ ਧਿਰ-ਸ਼੍ਰੋਮਣੀ ਅਕਾਲੀ ਦਲ, ਵੱਲੋਂ ਚਲਾਇਆ ਜਾ ਰਿਹਾ ਹੈ। ਦਿੱਲੀ ਵਾਲੀ ਯਾਦਗਾਰ ਦਾ ਕੰਮ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਰੰਭ ਕੀਤਾ ਹੈ। ਦਿੱਲੀ ਗੁਰਦੁਆਰਾ ਕਮੇਟੀ ਦੀ ਕਮਾਨ ਵੀ ਅੱਜਕੱਲ੍ਹ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਧਿਰ ਦੇ ਹੱਥ ਵਿਚ ਹੈ। ਇਸ ਧਿਰ ਨਾਲ ਸਬੰਧਤ ਇਕ ਆਗੂ, ਇਸ ਯਾਦਗਾਰ ਬਾਰੇ ਇਹ ਬਿਆਨ ਬੜੇ ਜ਼ੋਰ-ਸ਼ੋਰ ਨਾਲ ਦੇ ਰਿਹਾ ਹੈ ਕਿ ਇਸ ਯਾਦਗਾਰ ਦਾ ਬੁਰਜ ਇੰਨਾ ਕੁ ਉਚਾ ਜ਼ਰੂਰ ਹੋਣਾ ਚਾਹੀਦਾ ਹੈ ਕਿ ਇਹ ਭਾਰਤ ਦੀ ਪਾਰਲੀਮੈਂਟ ਤੋਂ ਵੀ ਦਿਸਦਾ ਹੋਵੇ ਅਤੇ ਹਰ ਕੋਈ ਇਹ ਪੁੱਛੇ ਕਿ ਇਹ ਇੰਨਾ ਉਚਾ ਬੁਰਜ ਕਿਹੜਾ ਹੈ! ਅਸਲ ਵਿਚ ਇਹੀ ਉਹ ਨੁਕਤਾ ਹੈ ਜਿੱਥੇ ਪੁੱਜ ਕੇ ਯਾਦਗਾਰਾਂ ਬਾਰੇ ਸਵਾਲ-ਦਰ-ਸਵਾਲ ਸਿੱਖ-ਸੇਵਕਾਂ ਦੇ ਮਨਾਂ ਅੰਦਰ ਉਮੜ ਪੈਂਦੇ ਹਨ। ਸਿੱਖਾਂ ਲਈ ਗੁਰਦੁਆਰੇ ਦੀ ਸੰਸਥਾ ਦੀ ਬਹੁਤ ਅਹਿਮੀਅਤ ਹੈ। ਇਹ ਸੰਸਥਾ ਸਦੀਆਂ ਤੋਂ ਸਿੱਖੀ ਦਾ ਅੰਗ ਬਣੀ ਹੋਈ ਹੈ ਪਰ ਇਸ ਸੰਸਥਾ ਨਾਲ ਅੱਜ ਉਹੀ ਮਾਇਆ ਇੰਨੀ ਡੂੰਘੀ ਜੁੜ ਗਈ ਹੈ ਜਿਸ ਬਾਰੇ ਸਾਡੇ ਗੁਰੂ ਸਾਹਿਬਾਨ ਨੇ ਸਾਨੂੰ ਲਗਾਤਾਰ ਸਾਵਧਾਨ ਕੀਤਾ ਸੀ। ਤੇ ਇਸੇ ਮਾਇਆ ਨੇ ਅੱਜ ਸਿੱਖੀ ਦੀ ਥਾਂ ਸਿਆਸਤ ਦਾ ਬੁਰਜ ਉਸਾਰ ਦਿੱਤਾ ਹੈ ਅਤੇ ਇਹ ਬੁਰਜ ਨਿੱਤ ਦਿਨ ਉਚਾ ਹੋ ਰਿਹਾ ਹੈ। ਮਸਲਾ ਮਜ਼ਹਬ ਦਾ ਹੋਣ ਕਰ ਕੇ ਬਹੁਤ ਵਾਰ ਬਹੁਤ ਸਾਰੀਆਂ ਗੱਲਾਂ ਅਣਕਹੀਆਂ ਰਹਿ ਜਾਂਦੀਆਂ ਹਨ ਅਤੇ ਸਿਆਸਤਦਾਨ ਇਸੇ ਹਾਲਾਤ ਨੂੰ ਆਪਣੇ ਮੁਤਾਬਕ ਢਾਲ ਕੇ ਸਿੱਖੀ ਦੀਆਂ ਜੜ੍ਹਾਂ 'ਚ ਬੈਠ ਰਹੇ ਹਨ। ਇਹ ਸਿਲਸਿਲਾ ਇੰਨੇ ਮਹੀਨੇ, ਸੂਖਮ ਅਤੇ ਲੁਕਵੇਂ ਰੂਪ ਵਿਚ ਵਿਆਪਦਾ ਹੈ ਕਿ ਜਨ-ਸਾਧਾਰਨ ਨੂੰ ਇਸ ਬਾਰੇ ਭਿਣਕ ਤੱਕ ਨਹੀਂ ਪੈਂਦੀ। ਸਿੱਖ ਸਿਆਸਤ 'ਚ ਪਿਛਲੇ ਦਹਾਕਿਆਂ ਦੌਰਾਨ ਅਜਿਹਾ ਹੀ ਵਾਪਰਿਆ ਹੈ।

ਇਹੀ ਕਾਰਨ ਹੈ ਕਿ ਕਿਸੇ ਵੇਲੇ ਸੂਬੇ ਲਈ ਵੱਧ ਹੱਕਾਂ ਲਈ ਮਘੀ ਸਿਆਸਤ ਹੁਣ ਮਹਿਜ਼ ਯਾਦਗਾਰਾਂ ਤੱਕ ਹੀ ਸਿਮਟਦੀ ਜਾਪਦੀ ਹੈ ਅਤੇ ਹੁਣ ਹੋ ਰਹੀ ਇਸ ਸਿਆਸਤ ਦਾ ਸ਼ੋਰ ਇੰਨਾ ਜ਼ਿਆਦਾ ਹੈ ਕਿ 1984 ਵਿਚ ਹੋਏ ਇਕ ਹੋਰ ਕਤਲੇਆਮ ਦੀ ਯਾਦ ਵਿਚ ਬਣਾਈ ਜਾਣ ਵਾਲੀ ਯਾਦਗਾਰ ਦਾ ਕਿਸੇ ਨੂੰ ਚੇਤਾ ਵੀ ਨਹੀਂ ਹੈ। ਹਰਿਆਣਾ ਦੇ ਪਿੰਡ ਹੋਂਦ ਚਿੱਲੜ ਵਿਚ ਨਵੰਬਰ 1984 ਵਿਚ 42 ਸਿੱਖਾਂ ਨੂੰ ਕਤਲ ਕਰ ਦਿੱਤਾ ਗਿਆ ਸੀ। ਤਿੰਨ ਦਹਾਕਿਆਂ ਮਗਰੋਂ ਇਸ ਕਾਂਡ ਬਾਰੇ ਪਤਾ ਲੱਗਣ ਤੋਂ ਬਾਅਦ ਉਥੇ ਯਾਦਗਾਰ ਉਸਾਰਨ ਬਾਰੇ ਵੱਡੇ ਪੱਧਰ ਉਤੇ ਐਲਾਨ ਕੀਤਾ ਗਿਆ ਸੀ। ਅੱਜ ਤੱਕ ਉਥੇ ਯਾਦਗਾਰ ਦਾ ਕੋਈ ਨਾਮੋ-ਨਿਸ਼ਾਨ ਨਹੀਂ, ਨਾ ਹੀ ਕੋਈ ਕੰਮ ਸ਼ੁਰੂ ਹੋਇਆ ਹੈ। ਹਰਿਆਣਾ ਦੇ ਪ੍ਰਸੰਗ ਵਿਚ ਤਾਂ ਇਕ ਹੋਰ ਨੁਕਤਾ ਵੀ ਵਿਚਾਰਨ ਵਾਲਾ ਹੈ। ਹਰਿਆਣਾ ਦੇ ਸਿੱਖਾਂ ਦਾ ਅੱਛਾ-ਖਾਸਾ ਹਿੱਸਾ ਚਿਰਾਂ ਤੋਂ ਸੂਬੇ ਵਿਚ ਵੱਖਰੀ ਗੁਰਦੁਆਰਾ ਕਮੇਟੀ ਦੀ ਮੰਗ ਕਰ ਰਿਹਾ ਹੈ, ਪਰ ਪੰਜਾਬ ਲਈ ਵੱਧ ਹੱਕਾਂ ਦੀ ਗੱਲ ਕਰਨ ਵਾਲੀ ਧਿਰ-ਸ਼੍ਰੋਮਣੀ ਅਕਾਲੀ ਦਲ ਨੇ ਹਰਿਆਣਾ ਦੇ ਸਿੱਖਾਂ ਨੂੰ ਇਹ ਹੱਕ ਦੇਣੇ ਵੀ ਵਾਜਬ ਨਹੀਂ ਸਮਝੇ। ਇਸ ਸਿਲਸਿਲੇ ਵਿਚ ਮਾਇਆ ਦਾ ਪ੍ਰਤਾਪ ਇਸ ਕਦਰ ਵਧਾਇਆ ਗਿਆ ਹੈ ਕਿ ਨਿਰੋਲ ਧਾਰਮਿਕ ਸੰਸਥਾ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵੀ ਸਿਆਸੀ ਚੋਣਾਂ ਵਾਲੀ ਤਰਜ਼ ਉਤੇ ਲੜੀਆਂ ਗਈਆਂ। ਉਹੀ ਸਿਆਸੀ ਤਿਕੜਮਾਂ, ਉਹੀ ਦਾਈਏ, ਵੋਟਾਂ ਦੀ ਖਰੀਦੋ-ਫਰੋਖਤ ਵੀ ਉਹੀ ਅਤੇ ਉਹੀ ਬਾਹੂਬਲ! ਸਿਤਮਜ਼ਰੀਫੀ ਇਹ ਹੈ ਕਿ ਇਹ ਸਾਰਾ ਕੁਝ ਹੋਇਆ ਸਿੱਖੀ ਦੇ ਨਾਂ ਉਤੇ ਹੈ। ਸਿੱਖੀ ਦੇ ਨਾਂ ਉਤੇ ਕੀਤੀ ਜਾ ਰਹੀ ਇਹ ਨਿਰੋਲ ਸਿਆਸਤ ਗੁਰੂ-ਵਰੋਸਾਈ ਧਾਰਾ ਦੇ ਰਾਹ ਦਾ ਰੋੜਾ ਬਣ ਰਹੀ ਹੈ। ਸਿਆਸਤ, ਸੰਸਥਾਵਾਂ ਅਤੇ ਪ੍ਰਸ਼ਾਸਨ ਦੀਆਂ ਕੜੀਆਂ ਇੰਨੀਆਂ ਡੂੰਘੀਆਂ ਜੁੜ ਗਈਆਂ ਹਨ ਕਿ ਇਨ੍ਹਾਂ ਕੜੀਆਂ ਨੇ ਹੌਲੀ ਹੌਲੀ ਗੁਰਮੁਖਾਂ ਨੂੰ ਬਹੁਤ ਪਿਛਾਂਹ ਧੱਕ ਦਿੱਤਾ ਹੈ। ਇਸ ਲਈ ਅੱਜ ਦਾ ਅਹਿਮ ਅਤੇ ਅਸਲੀ ਮੁੱਦਾ ਇਨ੍ਹਾਂ ਗੁਰਮੁਖਾਂ ਦੀ ਬਹਾਲੀ ਦਾ ਹੈ; ਕਿਉਂਕਿ ਇਨ੍ਹਾਂ ਸਾਰੇ ਮੁੱਦਿਆਂ ਨਾਲ ਸਿੱਖੀ ਅਤੇ ਸਿਆਸਤ ਵਿਚਕਾਰਲੀ ਸੂਖਮ ਜੁੜੀ ਹੋਈ ਹੈ। ਇਸ ਸੂਖਮ ਨੂੰ ਸਲਾਮ ਕਹਿਣ ਦਾ ਪੈਂਡਾ ਵੀ ਬਹੁਤ ਬਿਖੜਾ ਅਤੇ ਮੁਸੀਬਤਾਂ ਭਰਿਆ ਹੈ, ਪਰ ਹੁਣ ਇਸ ਉਤੇ ਚੱਲਣ ਤੋਂ ਸਿਵਾ ਕੋਈ ਚਾਰਾ ਨਹੀਂ ਹੈ। ਹਿੰਦੀ ਦੇ ਬੜੇ ਸੰਵੇਦਨਸ਼ੀਲ ਸ਼ਾਇਰ ਮਰਹੂਮ ਦੁਸ਼ਿਅੰਤ ਕੁਮਾਰ ਦਾ ਸ਼ੇਅਰ ਹੈ: ਹੋ ਗਈ ਹੈ ਪੀੜ ਪਰਬਤ ਸੀ, ਪਿਘਲਨੀ ਚਾਹੀਏ/ਇਸ ਹਿਮਾਲਾ ਸੇ ਕੋਈ ਗੰਗਾ ਨਿਕਲਨੀ ਚਾਹੀਏ। ਸੱਚਮੁੱਚ ਕੋਝੀ ਸਿਆਸਤ ਨੇ ਸਿੱਖੀ ਦੇ ਨਿਰਮਲ ਪਾਣੀਆਂ ਵਿਚ ਬੇਵਜ੍ਹਾ ਹਲਚਲ ਮਚਾਈ ਹੋਈ ਹੈ। ਇਸ ਨਿਰਮਲਤਾ ਦੀ ਬਹਾਲੀ ਲਈ ਸਿੱਖੀ ਨਾਲ ਜੁੜੀਆਂ ਸੰਸਥਾਵਾਂ ਦਾ ਮੁਹਾਣ ਘੱਟੋ-ਘੱਟ ਇਕ ਵਾਰ ਤਾਂ ਸਿਆਸਤ ਤੋਂ ਮੋੜ ਕੇ ਸਿੱਖੀ ਵੱਲ ਲਿਜਾਣ ਦਾ ਤਰੱਦਦ ਹੋਣਾ ਚਾਹੀਦਾ ਹੈ। ਗੁਰਮੁਖਾਂ ਲਈ ਅੱਜ ਦੀ ਵੱਡੀ ਵੰਗਾਰ ਸ਼ਾਇਦ ਇਹੀ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

**ਚੋਰਾਂ ਯਾਰਾਂ ਦੋਸਤੀ!**

ਚਰਚੇ ਰੋਜ ਅਖਬਾਰਾਂ ਵਿਚ ਘਪਲਿਆਂ ਦੇ, ਖਬਰਾਂ ਪੜ੍ਹਦਿਆਂ ਗਏ ਹਾਂ ਅੱਕ ਯਾਰੋ।
ਪੈਰ ਪੈਰ 'ਤੇ ਚੋਰੀਆਂ-ਯਾਰੀਆਂ ਵੇ, ਪਰਦੇ ਕਿੰਨੇ ਕੁ ਲੈਣਗੇ ਢੱਕ ਯਾਰੋ।
ਚੌਂਹ ਕੁ ਦਿਨਾਂ ਲਈ ਚੌਧਰ ਜੇ ਹੱਥ ਆ ਜੇ, ਲੁੱਟਣ ਲੱਗਿਆਂ ਰੱਖਣ ਨਾ ਸ਼ੱਕ ਯਾਰੋ।
ਜਨਤਾ ਦੰਦੀਆਂ ਪੀਂਹਦੀ ਸੋਚਦੀ ਐ 'ਉਪਰ ਵਾਲਾ' ਕਿਉਂ ਲੈਂਦਾ ਨਹੀਂ ਚੱਕ ਯਾਰੋ!
ਲੋਕੋ ਪਾ ਦਿਉ ਚੱਪਣੀ ਵਿਚ ਪਾਣੀ, ਡੋਬ ਲੈਣ ਇਹ ਆਪਣੇ ਨੱਕ ਯਾਰੋ।
ਫਿਲਮੀ ਐਕਟਰਾਂ, ਕ੍ਰਿਕਟਰਾਂ, ਲੀਡਰਾਂ ਨੇ, ਬੇਈਮਾਨੀ 'ਤੇ ਬੰਨ੍ਹਿਆਂ ਲੱਕ ਯਾਰੋ!!

# ਮੁੱਕ ਨਹੀਂ ਰਹੀ ਕਸ਼ਮੀਰੀਆਂ 'ਚ ਬੇਗਾਨਗੀ ਦੀ ਭਾਵਨਾ

## ਕੇਂਦਰ ਸਰਕਾਰ ਦੀਆਂ ਗਿਣਤੀਆਂ-ਮਿਣਤੀਆਂ ਕੁਝ ਹੋਰ?

***ਕਸ਼ਮੀਰੀਆਂ ਵਿਚ ਬੇਗਾਨਗੀ ਦੀ ਭਾਵਨਾ ਕਈ ਕਾਰਨਾਂ ਕਰ ਕੇ ਹੈ ਜਿਨ੍ਹਾਂ ਵਿਚੋਂ ਇਕ ਅਫ਼ਜ਼ਲ ਗੁਰੂ ਦੀ ਫਾਂਸੀ ਦਾ ਵੀ ਹੈ। ਬਹੁਤੇ ਹੋਰ ਭਾਰਤੀਆਂ ਵਾਂਗ ਕਸ਼ਮੀਰੀਆਂ ਦਾ ਮੰਨਣਾ ਹੈ ਕਿ ਅਫ਼ਜ਼ਲ ਗੁਰੂ 'ਤੇ ਚੱਲੇ ਮੁਕੱਦਮੇ ਦੌਰਾਨ ਉਸ ਦਾ ਦੋਸ਼ ਸਿੱਧ ਨਹੀਂ ਸੀ ਹੋ ਸਕਿਆ। ਉਸ ਨੂੰ ਨਿਆਂਇਕ ਕਾਰਨਾਂ ਕਰ ਕੇ ਨਹੀਂ, ਸਗੋਂ ਲੋਕਾਂ ਦੀ ਉਸ ਸਮੂਹਿਕ ਚੇਤਨਾ ਨੂੰ ਸ਼ਾਂਤ ਕਰਨ ਲਈ ਫਾਂਸੀ ਦਿੱਤੀ ਗਈ ਜਿਸ ਨੂੰ ਸੰਸਦ 'ਤੇ ਹੋਏ ਹਮਲੇ ਨਾਲ ਧੱਕਾ ਲੱਗਾ ਸੀ। ਇਸ ਤੋਂ ਇਲਾਵਾ ਉਥੇ ਹੋ ਰਹੀ ਮਨੁੱਖੀ ਅਧਿਕਾਰਾਂ ਦੀ ਵਿਆਪਕ ਉਲੰਘਣਾ ਕਾਰਨ ਵੀ ਲੋਕਾਂ ਵਿਚ ਰੋਹ ਹੈ।***

ਕਸ਼ਮੀਰੀਆਂ ਨੇ ਭਾਰਤ ਪ੍ਰਤੀ ਆਪਣਾ ਰੁਖ਼ ਬਦਲਣ ਤੋਂ ਬਗੈਰ ਮੁਹੱਈਆ ਜਮਹੂਰੀ ਖੇਤਰ ਦੀ ਵੱਧ ਤੋਂ ਵੱਧ ਵਰਤੋਂ ਕਰਨੀ ਸਿੱਖ ਲਈ ਹੈ। ਉਨ੍ਹਾਂ ਨੇ ਹੁਣ ਹਿੰਸਕ ਵਿਰੋਧ ਦੀ ਬਜਾਏ ਸ਼ਾਂਤੀਪੂਰਨ ਵਿਰੋਧ ਦਾ ਰਾਹ ਅਪਣਾ ਲਿਆ ਹੈ। ਕਸ਼ਮੀਰੀਆਂ ਦੇ ਇਸ ਵਿਰੋਧ ਪ੍ਰਤੀ ਸਟੇਟ (ਰਾਜ) ਵੱਲੋਂ ਦੋ-ਪੱਖੀ ਨੀਤੀ ਅਪਣਾਈ ਜਾ ਰਹੀ ਹੈ।



**ਪ੍ਰਫੁੱਲ ਬਿਦਵਈ**

ਦੋ ਦਹਾਕੇ ਪਹਿਲਾਂ ਸ੍ਰੀਨਗਰ ਦੀਆਂ ਗਲੀਆਂ ਵਿਚ ਜੋ ਸੁਰੱਖਿਆ ਬੰਕਰ ਥਾਂ-ਥਾਂ 'ਤੇ ਮੌਜੂਦ ਸਨ, ਉਹ ਹੁਣ ਗਾਇਬ ਹੋ ਚੁੱਕੇ ਹਨ। ਹਥਿਆਰਬੰਦ ਫੌਜਾਂ ਦੀ ਵਿਆਪਕ ਗਲਬੇ ਵਾਲੀ ਮੌਜੂਦਗੀ ਘਟ ਗਈ ਹੈ, ਪਰ ਕਸ਼ਮੀਰ ਘਾਟੀ ਦੇ ਸਮਾਜਕ ਅਤੇ ਸਿਆਸੀ ਜੀਵਨ 'ਤੇ ਸੁਰੱਖਿਆ ਦਸਤਿਆਂ ਦਾ ਪ੍ਰਛਾਵਾਂ ਅਜੇ ਵੀ ਨਜ਼ਰ ਆਉਂਦਾ ਹੈ। ਸ੍ਰੀਨਗਰ ਦੇ ਆਪਣੇ ਸੰਖੇਪ ਜਿਹੇ ਦੌਰੇ ਦੌਰਾਨ ਮੈਂ ਵੇਖਿਆ ਕਿ ਭਾਰਤੀ ਸਟੇਟ (ਰਾਜ) ਪ੍ਰਤੀ ਲੋਕਾਂ ਵਿਚ ਬੇਗਾਨਗੀ ਦੀ ਭਾਵਨਾ ਹੈ। ਉਥੇ ਪਸਰੀ ਹੋਈ ਪੇਤਲੀ ਜਿਹੀ ਸ਼ਾਂਤੀ ਹੇਠਾਂ ਅਸੰਤੁਸ਼ਟੀ, ਰੋਸ ਅਤੇ ਗੁੱਸਾ ਮੌਜੂਦ ਹੈ। ਪੜ੍ਹੇ-ਲਿਖੇ ਨੌਜਵਾਨ ਤਬਕੇ ਵਿਚ ਰੋਸ ਦੀ ਭਾਵਨਾ ਹੋਰ ਵੀ ਤਿੱਖੀ ਹੈ। ਕਾਸ਼! ਮੈਂ ਗ਼ਲਤ ਹੋਵਾਂ; ਪਰ ਹੁਰੀਅਤ ਦੇ ਦੋਵਾਂ ਧੜਿਆਂ, ਮੁੱਖਧਾਰਾ ਦੇ ਸਿਆਸਤਦਾਨਾਂ, ਬੁੱਧੀਜੀਵੀਆਂ ਅਤੇ ਨੌਜਵਾਨ ਮਰਦਾਂ-ਔਰਤਾਂ ਨਾਲ ਹੋਈ ਗੱਲਬਾਤ ਮੈਨੂੰ ਹੋਰ ਕੋਈ ਸਿੱਟਾ ਕੱਢਣ ਦੀ ਇਜਾਜ਼ਤ ਨਹੀਂ ਦਿੰਦੀ। ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਇਹ ਰੋਸ ਵੱਖਵਾਦੀ ਹਿੰਸਾ ਵਿਚ ਬਦਲ ਸਕਦਾ ਹੈ, ਜਿਵੇਂ 1989 ਵਿਚ ਹੋਇਆ ਸੀ; ਪਰ ਜੇ ਭਾਰਤ ਦੇ ਨੀਤੀਘਾੜੇ ਸੋਚਦੇ ਹਨ ਕਿ ਉਹ ਇਕ ਹੋਰ ਆਰਥਿਕ 'ਪੈਕੇਜ' ਵਰਗੇ ਸਤਹੀ ਯਤਨਾਂ ਨਾਲ ਘਾਟੀ ਵਿਚਲੀ ਅਸੰਤੁਸ਼ਟੀ ਨੂੰ ਦੂਰ ਕਰ ਲੈਣਗੇ ਤਾਂ ਇਹ ਉਨ੍ਹਾਂ ਦੀ ਖ਼ਤਰਨਾਕ ਗਲਤੀ ਹੈ।

ਲੋਕਾਂ ਵਿਚ ਬੇਗਾਨਗੀ ਦੀ ਭਾਵਨਾ ਕਈ ਕਾਰਨਾਂ ਕਰ ਕੇ ਹੈ ਜਿਨ੍ਹਾਂ ਵਿਚੋਂ ਇਕ ਅਫ਼ਜ਼ਲ ਗੁਰੂ ਦੀ ਫਾਂਸੀ ਦਾ ਵੀ ਹੈ। ਬਹੁਤੇ ਹੋਰ ਭਾਰਤੀਆਂ ਵਾਂਗ ਕਸ਼ਮੀਰੀਆਂ ਦਾ ਮੰਨਣਾ ਹੈ ਕਿ ਅਫ਼ਜ਼ਲ ਗੁਰੂ 'ਤੇ ਚੱਲੇ ਮੁਕੱਦਮੇ ਦੌਰਾਨ ਉਸ ਦਾ ਦੋਸ਼ ਸਿੱਧ ਨਹੀਂ ਸੀ ਹੋ ਸਕਿਆ। ਉਸ ਨੂੰ ਨਿਆਂਇਕ ਕਾਰਨਾਂ ਕਰ ਕੇ ਨਹੀਂ, ਸਗੋਂ ਲੋਕਾਂ ਦੀ ਉਸ ਸਮੂਹਿਕ ਚੇਤਨਾ ਨੂੰ ਸ਼ਾਂਤ ਕਰਨ ਲਈ ਫਾਂਸੀ ਦਿੱਤੀ ਗਈ ਜਿਸ ਨੂੰ ਸੰਸਦ 'ਤੇ ਹੋਏ ਹਮਲੇ ਨਾਲ ਧੱਕਾ ਲੱਗਾ ਸੀ। ਇਸ ਤੋਂ ਇਲਾਵਾ ਉਥੇ ਹੋ ਰਹੀ ਮਨੁੱਖੀ ਅਧਿਕਾਰਾਂ ਦੀ ਵਿਆਪਕ ਉਲੰਘਣਾ ਕਾਰਨ ਵੀ ਲੋਕਾਂ ਵਿਚ ਰੋਹ ਹੈ। ਸ਼ਾਂਤੀਪੂਰਨ ਮੁਜ਼ਾਹਰੇ ਕਰਦਿਆਂ ਗ੍ਰਿਫ਼ਤਾਰ ਕੀਤੇ ਗਏ 1100 ਨੌਜਵਾਨਾਂ ਨੂੰ ਲੰਮੇ ਸਮੇਂ ਤੋਂ ਨਜ਼ਰਬੰਦ ਰੱਖਿਆ ਜਾਣਾ (ਸਜ਼ਾ ਮੁਆਫ਼ੀ ਦੇ ਵਾਅਦਿਆਂ ਦੇ ਬਾਵਜੂਦ), 12-15 ਸਾਲ ਦੀ ਉਮਰ ਦੇ ਬੱਚਿਆਂ ਖਿਲਾਫ਼ ਲੋਕ ਸੁਰੱਖਿਆ ਐਕਟ ਦੀ ਵਰਤੋਂ, ਅਨੇਕਾਂ ਲੋਕਾਂ ਦਾ ਲਾਪਤਾ ਹੋਣਾ ਤੇ ਫ਼ੌਜ ਵੱਲੋਂ ਅਤਿਵਾਦੀ ਕਰਾਰ ਦੇ ਕੇ ਮਾਰੇ ਜਾਂਦੇ ਨੌਜਵਾਨਾਂ ਦੇ ਮਾਮਲੇ ਅਜਿਹੀ ਉਲੰਘਣਾ ਦੀਆਂ ਕੁਝ ਮਿਸਾਲਾਂ ਹਨ।

ਨੈਸ਼ਨਲ ਕਾਨਫਰੰਸ-ਕਾਂਗਰਸ ਦੀ ਸੂਬਾਈ ਸਰਕਾਰ ਸੂਬੇ ਵਿਚਲੀ ਬੇਰੁਜ਼ਗਾਰੀ ਅਤੇ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾਉਣ 'ਚ ਨਾਕਾਮ ਰਹੀ ਹੈ। ਸੰਨ 2008 ਅਤੇ ਸੰਨ 2010 ਦੌਰਾਨ ਸ਼ਾਂਤੀਪੂਰਨ ਢੰਗ ਨਾਲ ਮੁਜ਼ਾਹਰਾ ਕਰਦਿਆਂ 100 ਤੋਂ ਵੀ ਵੱਧ ਲੋਕ ਮਾਰੇ ਜਾ ਚੁੱਕੇ ਹਨ। ਇਸ ਸਭ ਕੁਝ ਨਾਲ ਸਥਿਤੀ ਹੋਰ ਵੀ ਜ਼ਿਆਦਾ ਵਿਗੜੀ ਹੈ। ਮੁੱਖ ਮੰਤਰੀ ਉਮਰ ਅਬਦੁੱਲਾ ਨੇ ਵਾਰ-ਵਾਰ ਅਪੀਲ ਕੀਤੀ ਹੈ ਕਿ ਸੂਬੇ ਦੇ ਕੁਝ ਸ਼ਾਂਤੀਪੂਰਨ ਖੇਤਰਾਂ ਵਿਚੋਂ ਹਥਿਆਰਬੰਦ ਫ਼ੌਜਾਂ ਦਾ ਵਿਸ਼ੇਸ਼ ਅਧਿਕਾਰ ਕਾਨੂੰਨ (ਅਫਸਪਾ) ਵਾਪਸ ਲੈ ਲਿਆ ਜਾਵੇ, ਪਰ ਫ਼ੌਜ ਲਗਾਤਾਰ ਇਸ ਖਿਲਾਫ਼ 'ਵੀਟੋ' ਕਰ ਰਹੀ ਹੈ। ਨੀਤੀ ਸਬੰਧੀ ਮਾਮਲਿਆਂ 'ਤੇ ਫ਼ੌਜੀ ਕਮਾਂਡਰਾਂ ਵੱਲੋਂ ਬਿਆਨ ਦਿੱਤੇ ਜਾਣੇ ਸਿੱਧੇ ਤੌਰ 'ਤੇ ਜਮਹੂਰੀ ਸਿਧਾਂਤਾਂ ਦੀ ਉਲੰਘਣਾ ਹੈ। ਇਸ ਨਾਲ ਕਸ਼ਮੀਰੀਆਂ ਦੀ ਇਹ ਧਾਰਨਾ ਹੀ ਪੱਕੀ ਹੁੰਦੀ ਹੈ ਕਿ ਉਨ੍ਹਾਂ ਦੀ ਚੁਣੀ ਹੋਈ ਸਰਕਾਰ ਦਾ ਕੋਈ ਮਾਣ ਨਹੀਂ ਹੈ। ਇਹ ਧਾਰਨਾ ਵੀ ਵੱਡੇ ਪੱਧਰ 'ਤੇ ਮੌਜੂਦ ਹੈ ਕਿ ਅਤੀਤ ਵਿਚ ਚੋਣ ਗੜਬੜੀਆਂ ਹੁੰਦੀਆਂ ਰਹੀਆਂ ਹਨ ਅਤੇ ਲੋਕਾਂ 'ਤੇ ਦਿੱਲੀ ਦੀਆਂ ਕਠਪੁਤਲੀ ਸਰਕਾਰਾਂ ਠੋਸੀਆਂ ਜਾਂਦੀਆਂ ਰਹੀਆਂ ਹਨ। 1987 ਦੀਆਂ ਚੋਣਾਂ ਵਿਚ ਗੜਬੜੀਆਂ ਹੋਣ ਕਾਰਨ ਲੋਕਾਂ ਵਿਚ ਵਿਆਪਕ ਗੁੱਸਾ ਪੈਦਾ ਹੋਇਆ ਸੀ ਜਿਸ ਨਾਲ ਵੱਖਵਾਦੀ ਹਿੰਸਕ ਲਹਿਰ ਭੜਕ ਉਠੀ ਸੀ। ਇਸ ਲਹਿਰ ਦੀ ਪਾਕਿਸਤਾਨ ਨੇ ਭਰਪੂਰ ਦੁਰਵਰਤੋਂ ਕੀਤੀ ਅਤੇ ਇਸ ਦੇ ਤਬਾਹਕੁਨ ਨਤੀਜੇ ਨਿਕਲੇ। ਇਸ ਲਹਿਰ ਦੌਰਾਨ ਹੋਈਆਂ ਹਿੰਸਕ ਕਾਰਵਾਈਆਂ ਅਤੇ ਇਸ ਨੂੰ ਦਬਾਉਣ ਦੇ ਅਮਲ ਵਿਚ 80 ਹਜ਼ਾਰ ਤੋਂ ਵਧੇਰੇ ਜਾਨਾਂ ਗਈਆਂ। 2002 ਤੋਂ ਬਾਅਦ ਹਿੰਸਕ ਲਹਿਰ ਦਮ ਤੋੜਦੀ ਗਈ, ਕਿਉਂਕਿ ਲੋਕ ਹਿੰਸਾ ਤੋਂ ਬਦਜ਼ਨ ਹੋ ਚੁੱਕੇ ਸਨ। ਹਾਲਤ ਬਦਲੀ, 2004 ਦੀਆਂ ਲੋਕ ਸਭਾ ਅਤੇ 2008 ਦੀਆਂ ਵਿਧਾਨ ਸਭਾ ਚੋਣਾਂ ਸਾਫ-ਸੁਥਰੇ ਮਾਹੌਲ ਵਿਚ ਹੋਈਆਂ। ਇਨ੍ਹਾਂ ਵਿਚ ਪੋਲਿੰਗ ਦੀ ਦਰ 40 ਫ਼ੀਸਦੀ ਰਹੀ ਜੋ ਪਹਿਲਾਂ ਦੇ ਮੁਕਾਬਲੇ ਕਾਫੀ ਵੱਧ ਸੀ। 2011 ਵਿਚ ਪੰਚਾਇਤ ਚੋਣਾਂ ਹੋਈਆਂ। ਲੋਕਾਂ ਨੇ ਵੱਖਵਾਦੀਆਂ ਦੀ ਪ੍ਰਵਾਹ ਨਾ ਕਰਦਿਆਂ ਵੱਧ-ਚੜ੍ਹ ਕੇ ਇਨ੍ਹਾਂ 'ਚ ਹਿੱਸਾ ਲਿਆ ਅਤੇ 79 ਫ਼ੀਸਦੀ ਪੋਲਿੰਗ ਹੋਈ। ਉਦੋਂ ਤੋਂ ਕਸ਼ਮੀਰ ਦੀ ਆਰਥਿਕਤਾ ਵਿਚ ਨਵਾਂ ਹੁਲਾਰਾ ਆਇਆ, ਸੈਰ-ਸਪਾਟਾ ਵਧਿਆ ਹੈ ਅਤੇ ਨਵੇਂ ਉੱਦਮ ਸ਼ੁਰੂ ਹੋਏ ਹਨ। ਕਸ਼ਮੀਰੀ ਲੋਕ ਮੁੜ ਤੋਂ ਭਾਰਤੀ ਸਿਵਲ ਸੇਵਾਵਾਂ ਵਿਚ ਆਉਣ ਲੱਗੇ ਹਨ। ਇਕ ਅੰਦਾਜ਼ੇ ਮੁਤਾਬਿਕ ਪਿਛਲੇ ਦਹਾਕੇ ਦੌਰਾਨ ਭਾਰਤੀ ਕਾਲਜਾਂ ਵਿਚ ਕਸ਼ਮੀਰੀ ਵਿਦਿਆਰਥੀਆਂ ਦੀ ਗਿਣਤੀ 4 ਗੁਣਾ ਵਧ ਗਈ ਹੈ।



ਉਂਜ, ਇਸ ਦਾ ਮਤਲਬ ਇਹ ਵੀ ਨਹੀਂ ਕਿ ਕਸ਼ਮੀਰ ਵਿਚ ਹਾਲਾਤ ਪੂਰੀ ਤਰ੍ਹਾਂ ਆਮ ਵਰਗੇ ਹੋ ਗਏ ਹਨ ਜਾਂ ਕਸ਼ਮੀਰੀਆਂ ਦੇ ਜ਼ਖਮ ਭਰ ਗਏ ਹਨ। ਕਸ਼ਮੀਰੀਆਂ ਨੇ ਭਾਰਤ ਪ੍ਰਤੀ ਆਪਣਾ ਰੁਖ਼ ਬਦਲਣ ਤੋਂ ਬਗੈਰ ਮੁਹੱਈਆ ਜਮਹੂਰੀ ਖੇਤਰ ਦੀ ਵੱਧ ਤੋਂ ਵੱਧ ਵਰਤੋਂ ਕਰਨੀ ਸਿੱਖ ਲਈ ਹੈ। ਉਨ੍ਹਾਂ ਨੇ ਹੁਣ ਹਿੰਸਕ ਵਿਰੋਧ ਦੀ ਬਜਾਏ ਸ਼ਾਂਤੀਪੂਰਨ ਵਿਰੋਧ ਦਾ ਰਾਹ ਅਪਣਾ ਲਿਆ ਹੈ। ਕਸ਼ਮੀਰੀਆਂ ਦੇ ਇਸ ਵਿਰੋਧ ਪ੍ਰਤੀ ਰਾਜ ਵੱਲੋਂ ਦੋ-ਪੱਖੀ ਨੀਤੀ ਅਪਣਾਈ ਜਾ ਰਹੀ ਹੈ। ਅੰਦੋਲਨਕਾਰੀਆਂ ਨੂੰ ਗ੍ਰਿਫ਼ਤਾਰ ਕਰਨਾ ਜਾਂ ਗੋਲੀ ਦਾ ਨਿਸ਼ਾਨਾ ਬਣਾਉਣਾ ਅਤੇ ਜਦੋਂ ਅੰਦੋਲਨ ਮੱਧਮ ਪਵੇ ਤਾਂ ਕਮੇਟੀਆਂ ਆਦਿ ਬਣਾ ਕੇ ਸਮਝੌਤਿਆਂ ਦਾ ਰਾਹ ਅਪਣਾਉਣਾ। ਅਜਿਹੀ ਹੀ ਇਕ ਕਮੇਟੀ ਹੁਣ ਪੱਤਰਕਾਰ ਦਲੀਪ ਪੜਗਾਉਂਕਰ ਦੀ ਅਗਵਾਈ ਹੇਠ ਬਣਾਈ ਗਈ ਹੈ, ਪਰ ਅਤੀਤ ਵਿਚ ਅਜਿਹੀਆਂ ਕਮੇਟੀਆਂ ਪਹਿਲਾਂ ਵੀ ਬਣਾਈਆਂ ਜਾ ਚੁੱਕੀਆਂ ਹਨ, ਜਿਵੇਂ 90ਵਿਆਂ ਵਿਚ ਮੰਤਰੀਆਂ ਦੇ ਮਿਸ਼ਨ ਕਸ਼ਮੀਰ ਭੇਜੇ ਗਏ ਸਨ, 2001 ਵਿਚ ਕੇ.ਸੀ. ਪੰਤ ਕਮੇਟੀ ਬਣਾਈ ਗਈ ਸੀ, 2003 ਵਿਚ ਐਨ.ਐਨ. ਵੋਹਰਾ ਕਮੇਟੀ ਦੀ ਸਥਾਪਨਾ ਹੋਈ। ਇਸ ਤੋਂ ਇਲਾਵਾ ਵੱਖਵਾਦੀਆਂ ਨਾਲ ਕਈ ਗੇੜ ਦੀਆਂ ਵਾਰਤਾਵਾਂ ਵੀ ਹੋਈਆਂ। 2006 ਵਿਚ ਪ੍ਰਧਾਨ ਮੰਤਰੀ ਵੱਲੋਂ ਜੰਮੂ-ਕਸ਼ਮੀਰ ਵਿਚ ਪੰਜ ਵਰਕਿੰਗ ਗਰੁੱਪ ਬਣਾਏ ਗਏ। ਇਨ੍ਹਾਂ ਤੋਂ ਇਲਾਵਾ ਮੌਜੂਦਾ ਉਪ-ਰਾਸ਼ਟਰਪਤੀ ਹਾਮਿਦ ਅੰਸਾਰੀ ਦੀ ਅਗਵਾਈ ਹੇਠ ਵੀ ਕਮੇਟੀ ਬਣਾਈ ਗਈ ਸੀ, ਪਰ ਇਨ੍ਹਾਂ ਸਾਰੇ ਯਤਨਾਂ ਸਬੰਧੀ ਹੋਏ ਤਜਰਬੇ ਵੇਖ ਕੇ ਕਿਹਾ ਜਾ ਸਕਦਾ ਹੈ ਕਿ ਮੌਜੂਦਾ ਉਪਰਾਲਿਆਂ ਦੇ ਵੀ ਅਸਰਦਾਇਕ ਨਤੀਜੇ ਨਿਕਲਣ ਦੀ ਕੋਈ ਸੰਭਾਵਨਾ ਨਹੀਂ।

ਅਜਿਹੇ ਯਤਨ ਅਸਥਾਈ ਤੌਰ 'ਤੇ ਤਾਂ ਕਸ਼ਮੀਰੀਆਂ ਦੇ ਰੋਸ ਨੂੰ ਕੁਝ ਮੱਠਾ ਪਾ ਸਕਦੇ ਹਨ, ਪਰ ਕੋਈ ਹਕੀਕੀ ਨਤੀਜੇ ਨਹੀਂ ਦੇ ਸਕਦੇ। ਇਹ ਜਾਂ ਤਾਂ ਅੱਧੇ-ਅਧੂਰੇ ਸਾਬਤ ਹੁੰਦੇ ਹਨ ਜਾਂ ਇਕ ਵੱਡਿਉਂ ਹੀ ਰੱਦ ਕਰ ਦਿੱਤੇ ਜਾਂਦੇ ਹਨ। ਅਜਿਹਾ ਹੋਣ ਨਾਲ ਸਗੋਂ ਲੋਕਾਂ ਵਿਚ ਇਹ ਭਾਵਨਾ ਹੀ ਪਣਪਦੀ ਹੈ ਕਿ ਸਰਕਾਰ ਜੰਮੂ-ਕਸ਼ਮੀਰ ਸਬੰਧੀ ਆਪਣੀ ਨੀਤੀ ਬਦਲਣਾ ਹੀ ਨਹੀਂ ਚਾਹੁੰਦੀ।

ਕਸ਼ਮੀਰ ਇਕ ਵਾਰ ਫਿਰ ਦੋਰਾਹੇ 'ਤੇ ਹੈ। ਸ਼ਾਂਤੀਪੂਰਨ ਵਿਰੋਧ ਦੀ ਗੱਲ ਵੀ ਇਕ ਤਰ੍ਹਾਂ ਖ਼ਤਰੇ ਵਿਚ ਪੈ ਰਹੀ ਹੈ ਕਿਉਂਕਿ ਲੋਕਾਂ 'ਚ ਧਾਰਨਾ ਬਣ ਰਹੀ ਹੈ ਕਿ ਨਵੀਂ ਦਿੱਲੀ 'ਤੇ ਇਸ ਦਾ ਕੋਈ ਅਸਰ ਨਹੀਂ ਹੁੰਦਾ। ਹਾਲ ਹੀ ਦੌਰਾਨ ਘਾਟੀ ਵਿਚ ਦਰਜਨ ਭਰ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਵਿਚ ਸੁਰੱਖਿਆ ਫੋਰਸਾਂ 'ਤੇ ਆਤਮਘਾਤੀ ਹਮਲੇ ਜਾਂ ਫਿਰ ਗੋਲੀਬਾਰੀ ਹੋਈ ਹੈ। ਇਹ ਹਮਲੇ ਹਿਜ਼ਬੁਲ ਮੁਜਾਹਿਦੀਨ ਵਰਗੇ ਸੰਗਠਨਾਂ ਵੱਲੋਂ ਨਹੀਂ, ਸਗੋਂ ਘਾਟੀ ਦੇ ਪੜ੍ਹੇ-ਲਿਖੇ ਨੌਜਵਾਨਾਂ ਵੱਲੋਂ ਕੀਤੇ ਜਾ ਰਹੇ ਹਨ ਜੋ ਆਜ਼ਾਦੀ ਦੇ ਮਕਸਦ ਤੋਂ ਪ੍ਰੇਰਿਤ ਹਨ, ਇਹ ਖ਼ਤਰਨਾਕ ਸੰਕੇਤ ਹਨ। ਨਵੀਂ ਦਿੱਲੀ ਨੂੰ ਇਨ੍ਹਾਂ ਵੱਲ ਧਿਆਨ ਦਿੰਦਿਆਂ ਸਹੀ ਰਸਤਾ ਅਪਣਾਉਣਾ ਚਾਹੀਦਾ ਹੈ। ਸਮੱਸਿਆ ਪ੍ਰਤੀ ਹਾਂ-ਪੱਖੀ ਹੁੰਗਾਰਾ ਭਰਨਾ ਸਮੇਂ ਦੀ ਲੋੜ ਹੈ।

# ਭਾਰਤੀ ਹੁਕਮਰਾਨ ਜਾਬਰ ਨੀਤੀਆਂ ਛੱਡਣ ਲਈ ਤਿਆਰ ਨਹੀਂ!

***ਜਦੋਂ 80ਵਿਆਂ ਦੇ ਸ਼ੁਰੂ ਵਿਚ ਆਂਧਰਾ ਪ੍ਰਦੇਸ਼ ਵਿਚ 'ਖੱਬੇਪੱਖੀ ਅਤਿਵਾਦ' ਫੈਲਣਾ ਸ਼ੁਰੂ ਹੋਇਆ, ਉਦੋਂ ਕੇਂਦਰ ਸਰਕਾਰ ਨੇ ਇਸ ਮਸਲੇ ਦੇ ਹੱਲ ਲਈ ਸੁਝਾਅ ਦੇਣ ਵਾਸਤੇ ਜੋ ਕਮੇਟੀ ਬਣਾਈ ਸੀ, ਉਸ ਦਾ ਮੁਖੀ ਇਹੀ 'ਅਰਥ-ਸ਼ਾਸਤਰੀ' ਮਨਮੋਹਨ ਸਿੰਘ ਸੀ ਜਿਸ ਨੇ ਉਦੋਂ ਨਕਸਲਵਾਦ ਨੂੰ ਨਿਰੋਲ ਸਮਾਜੀ-ਆਰਥਿਕ ਮਸਲਾ ਐਲਾਨ ਕੇ ਇਸ ਦਾ ਰਾਜਸੀ ਹੱਲ ਕਰਨ 'ਤੇ ਜ਼ੋਰ ਦਿੱਤਾ ਸੀ। ਅੱਜ ਉਹੀ ਸ਼ਖਸ ਉਸੇ ਮਸਲੇ ਨੂੰ 'ਅਮਨ-ਕਾਨੂੰਨ ਦਾ ਸਭ ਤੋਂ ਵੱਡਾ' ਮਸਲਾ ਦੱਸ ਰਿਹਾ ਹੈ ਜਦਕਿ ਇਨ੍ਹਾਂ ਦੇ ਯੋਜਨਾ ਕਮਿਸ਼ਨ ਵੱਲੋਂ 2008 'ਚ ਬਣਾਈ 15 ਚੋਟੀ ਦੇ ਮਾਹਿਰਾਂ ਦੀ ਕਮੇਟੀ ਨੇ ਨਕਸਲਵਾਦ-ਮਾਓਵਾਦ ਨੂੰ ਸਮਾਜੀ-ਆਰਥਿਕ ਮਸਲਾ ਐਲਾਨ ਕੇ ਮੌਜੂਦਾ ਆਰਥਿਕ ਮਾਡਲ 'ਤੇ ਦੁਬਾਰਾ ਨਜ਼ਰਸਾਨੀ ਕਰਨ ਦੀ ਸਲਾਹ ਦਿੱਤੀ ਸੀ।***

ਹਾਲ ਹੀ ਵਿਚ ਭਾਰਤ ਦੀ ਕੇਂਦਰ ਸਰਕਾਰ ਵੱਲੋਂ 'ਅੰਦਰੂਨੀ ਸੁਰੱਖਿਆ' ਬਾਰੇ ਮੁੱਖ ਮੰਤਰੀਆਂ ਨਾਲ ਮੀਟਿੰਗ ਵਿਚ 'ਅਤਿਵਾਦ ਵਿਰੋਧੀ ਕੌਮੀ ਕੇਂਦਰ' (ਐੱਨ.ਸੀ.ਟੀ.ਸੀ.) ਦੀ ਤਜਵੀਜ਼ ਪਾਸ ਕਰਾਉਣ ਦੇ ਯਤਨਾਂ ਨੂੰ ਇਸ ਵਾਰ ਵੀ ਬੂਰ ਨਹੀਂ ਪਿਆ ਅਤੇ ਇਸ ਨੂੰ ਆਰਜ਼ੀ ਤੌਰ 'ਤੇ ਤਾਕ ਵਿਚ ਰੱਖ ਦਿੱਤਾ ਗਿਆ। ਪਿਛਲੇ ਵਰ੍ਹੇ ਵੀ 'ਅਤਿਵਾਦ' ਨਾਲ ਨਜਿੱਠਣ ਦੇ ਨਾਂ 'ਤੇ ਐੱਨ.ਸੀ.ਟੀ.ਸੀ. ਬਣਾਉਣ ਬਾਰੇ ਜਾਰੀ ਕੀਤਾ ਨੋਟੀਫਿਕੇਸ਼ਨ ਹਕੂਮਤ ਨੂੰ ਜਮਹੂਰੀ ਤਾਕਤਾਂ ਦੇ ਵਿਰੋਧ ਅਤੇ ਹੁਕਮਰਾਨ ਪਾਰਟੀਆਂ ਦਾ ਆਪਸੀ ਰੇੜਕਾ ਹੱਲ ਨਾ ਹੋਣ ਕਾਰਨ ਆਰਜ਼ੀ ਤੌਰ 'ਤੇ ਠੰਢੇ ਬਸਤੇ ਵਿਚ ਪਾਉਣਾ ਪੈ ਗਿਆ ਸੀ। ਪਿਛਲੇ ਮਹੀਨੇ ਮਾਓਵਾਦੀਆਂ ਵਲੋਂ ਛੱਤੀਸਗੜ੍ਹ ਵਿਚ ਕਾਂਗਰਸ ਦੇ ਵੱਡੇ ਆਗੂਆਂ ਸਮੇਤ 27 ਜਣਿਆਂ ਨੂੰ ਮਾਰ ਦੇਣ ਕਾਰਨ ਸਗੋਂ ਇਨ੍ਹਾਂ ਅਮਨ-ਕਾਨੂੰਨਵਾਦੀਆਂ ਨੂੰ ਇਕ ਵਾਰ ਫਿਰ 'ਖੱਬੇਪੱਖੀ ਅਤਿਵਾਦ' ਦੀ ਗੰਭੀਰ ਚੁਣੌਤੀ ਦੀ ਦੁਹਾਈ ਦੇ ਕੇ ਆਪਣੇ ਗੁੱਝੇ ਮੁਫ਼ਾਦ ਪੂਰੇ ਕਰਨ (ਕਾਰਪੋਰੇਟ ਏਜੰਡਾ ਅੱਗੇ ਵਧਾਉਣ) ਲਈ ਜਾਬਰ ਮਸ਼ੀਨਰੀ ਦੇ ਦੰਦ ਹੋਰ ਤਿੱਖੇ ਕਰਨ ਦਾ ਮੌਕਾ ਮਿਲ ਗਿਆ। ਹੁਕਮਰਾਨਾਂ ਦੀ ਖ਼ਸਲਤ ਐਸੀ ਹੈ ਕਿ ਉਹ ਡਰਬਾ ਵਰਗੇ ਕਾਂਡਾਂ ਤੋਂ ਕੋਈ ਸਬਕ ਸਿੱਖ ਕੇ ਆਪਣੀਆਂ

**ਬੂਟਾ ਸਿੰਘ**
**ਫੋਨ: 91-94634-74342**

ਨੀਤੀਆਂ ਤੇ ਰਵੱਈਏ ਵਿਚ ਬਦਲਾਅ ਦਾ ਕੋਈ ਸੰਕੇਤ ਨਹੀਂ ਦੇ ਰਹੇ। ਉਨ੍ਹਾਂ ਦੀ ਆਪਣੇ ਹੀ ਲੋਕਾਂ ਖ਼ਿਲਾਫ਼ ਨਹੱਕੀ ਜੰਗ ਦੀ ਧੁਸ ਸਗੋਂ ਹੋਰ ਜ਼ੋਰ ਫੜ ਰਹੀ ਹੈ। ਹੁਣ ਸਰਬ ਪਾਰਟੀ ਮੀਟਿੰਗ ਵਿਚ ਵੀ ਇਹੀ ਜਾਬਰ ਪੈਂਤੜਾ ਮੱਲਿਆ ਗਿਆ ਹੈ।

ਐੱਨ.ਸੀ.ਟੀ.ਸੀ. ਘੋਰ ਤਾਨਾਸ਼ਾਹ ਅਤੇ ਬਹੁਤ ਦਮਨਕਾਰੀ ਤਜਵੀਜ਼ ਹੈ ਜੋ ਕਾਰਪੋਰੇਟ ਵਿਕਾਸ ਮਾਡਲ ਦੀਆਂ ਅਨਿਨ ਭਗਤ ਸਾਰੀਆਂ ਹੀ ਹਾਕਮ ਜਮਾਤੀ ਪਾਰਟੀਆਂ ਦੇ ਅਸਲ ਰਾਜਸੀ ਏਜੰਡਿਆਂ ਨੂੰ ਪੂਰੀ ਤਰ੍ਹਾਂ ਰਾਸ ਆਉਂਦੀ ਹੈ। ਸੱਤਾਧਾਰੀ/ਵਿਰੋਧੀ ਧਿਰ ਦੀਆਂ ਸਾਰੀਆਂ ਹੀ ਪਾਰਟੀਆਂ ਢਿੱਡੋਂ ਇਸ ਤਜਵੀਜ਼ ਨਾਲ ਸਹਿਮਤ ਹੋਣ ਦੇ ਬਾਵਜੂਦ ਇਸ ਦੇ ਹੱਕ 'ਚ ਵੋਟ ਦੇਣ ਦਾ ਰਾਜਸੀ ਜ਼ੋਖ਼ਮ ਲੈਣ ਲਈ ਤਿਆਰ ਨਹੀਂ ਹਨ, ਘੱਟੋ-ਘੱਟ ਉਹ ਇਸ ਦੇ ਮੌਜੂਦਾ ਰੂਪ ਅਤੇ ਸੱਤਾਧਾਰੀ ਕਾਂਗਰਸ ਵਲੋਂ ਇਸ ਤਜਵੀਜ਼ ਨੂੰ ਪਾਸ ਕਰਵਾਉਣ ਲਈ ਅਪਣਾਏ ਜਾ ਰਹੇ ਢੰਗ ਨੂੰ ਪ੍ਰਵਾਨ ਨਹੀਂ ਕਰ ਰਹੀਆਂ। ਕਈ ਕਾਂਗਰਸੀ ਮੁੱਖ ਮੰਤਰੀ ਵੀ ਇਸ ਨੂੰ ਸਹਿਮਤੀ ਨਹੀਂ ਦੇ ਰਹੇ। ਭਾਜਪਾ ਦੇ ਮੁੱਖ ਮੰਤਰੀਆਂ ਅਤੇ ਉੜੀਸਾ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਆਦਿ ਨੇ ਜ਼ੋਰ ਦਿੱਤਾ ਕਿ ਇਸ ਨੂੰ ਸੰਸਦ ਅੰਦਰ 'ਬਹਿਸ' ਰਾਹੀਂ ਹੀ ਪਾਸ ਕਰਵਾਇਆ ਜਾਣਾ ਚਾਹੀਦਾ ਹੈ, ਫਿਰ ਉਨ੍ਹਾਂ ਨੂੰ ਕੋਈ ਉਜਰ ਨਹੀਂ ਹੈ; ਕਿਉਂਕਿ ਸੰਸਦੀ ਬਹਿਸ ਸਮੇਂ ਉਹ ਮੌਜ ਨਾਲ ਹੀ ਕੋਈ ਮੁੱਦਾ ਬਣਾ ਕੇ ਵਾਕ ਆਊਟ ਕਰ ਸਕਦੇ ਹਨ। ਫਿਰ ਹੁਕਮਰਾਨ ਧਿਰ ਹਾਜ਼ਰ ਵੋਟਾਂ ਦੇ ਆਧਾਰ 'ਤੇ ਬਿਲ ਪਾਸ ਕਰ ਦੇਵੇਗੀ। ਇੰਞ 'ਸੱਪ ਵੀ ਮਰ ਜਾਵੇਗਾ ਅਤੇ ਲਾਠੀ ਵੀ ਬਚੀ ਰਹੇਗੀ', ਪਰ ਸੰਸਾਰ ਬੈਂਕ ਦਾ ਪਾਲਿਆ ਅੜੀਅਲ ਰਾਜਸੀ ਮਾਫ਼ੀਆ ਇਸ ਸੁਝਾਅ ਨੂੰ ਵਿਚਾਰਨ ਲਈ ਵੀ ਤਿਆਰ ਨਹੀਂ ਹੈ। ਖ਼ਬਰ ਇਹ ਵੀ ਹੈ ਕਿ ਕੇਂਦਰ ਸਰਕਾਰ ਨੇ ਇਸ ਮੀਟਿੰਗ ਦੇ ਖ਼ਾਸ ਸੈਸ਼ਨ ਵਿਚ ਆਂਧਰਾ ਪ੍ਰਦੇਸ਼ ਦੀ ਨਕਸਲ ਵਿਰੋਧੀ ਵਿਸ਼ੇਸ਼ ਤਾਕਤ-ਗਰੇਅ ਹਾਊਂਡਜ਼-ਦੀ ਤਰਜ਼ 'ਤੇ ਸਾਰੇ ਨਕਸਲ ਪ੍ਰਭਾਵਿਤ ਨੌਂ ਸੂਬਿਆਂ ਵਿਚ 'ਗਰੇਅ ਹਾਊਂਡਜ਼' ਬਣਾਉਣ ਨੂੰ ਮਨਜ਼ੂਰੀ ਦੇ ਦਿੱਤੀ ਹੈ; ਜੋ ਨਿਸ਼ਚੇ ਹੀ ਹਿੰਸਾ ਘਟਾਉਣ ਵਾਲਾ ਨਹੀਂ, ਸਗੋਂ ਹੋਰ ਵੱਡੇ ਖ਼ੂਨ-ਖ਼ਰਾਬੇ ਨੂੰ ਸੱਦਾ ਦੇਣ ਵਾਲਾ ਕਦਮ ਹੈ। ਇਸ ਨਾਲ ਜਬਰ ਹੋਰ ਵਧੇਗਾ ਅਤੇ ਯਕੀਨਨ ਹੀ ਮਾਓਵਾਦੀਆਂ ਵਲੋਂ ਇਸ ਦੇ ਟਾਕਰੇ 'ਚ ਵੀ ਇਜ਼ਾਫ਼ਾ ਹੋਵੇਗਾ।

ਮਨਮੋਹਨ-ਚਿਦੰਬਰਮ-ਸੋਨੀਆ ਗੁੱਟ ਮੁਲਕ ਨੂੰ ਛੇਤੀ ਛੇਤੀ ਕਾਰਪੋਰੇਟ ਸਰਮਾਏਦਾਰੀ ਦੇ ਹੱਥ ਵੇਚ ਦੇਣ ਲਈ ਤਹੂ ਹੈ। ਲਿਹਾਜ਼ਾ ਉਹ ਇਸ ਬੇਮਿਸਾਲ ਦਮਨਕਾਰੀ ਏਜੰਸੀ ਉੱਪਰ ਕਾਨੂੰਨੀ ਮੋਹਰ ਲਵਾ ਕੇ ਇਸ ਦਾ ਭਰਪੂਰ ਇਸਤੇਮਾਲ ਆਪਣੀਆਂ ਤਬਾਹਕੁਨ ਨੀਤੀਆਂ ਦੇ ਜਨਤਕ ਵਿਰੋਧ ਨੂੰ ਥੋਕ ਪੱਧਰ 'ਤੇ ਕੁਚਲਣ ਲਈ ਕਰਨਾ ਚਾਹੁੰਦਾ ਹੈ। ਉਂਜ ਇਹ ਵਿਰੋਧ ਭਵਿਖ ਵਿਚ ਹੋਰ ਵਧਣਾ ਤੈਅ ਹੈ। 'ਖੱਬੇਪੱਖੀ ਅਤਿਵਾਦ' ਨੂੰ ਕੁਚਲਣਾ ਹੁਕਮਰਾਨਾਂ ਦੀ ਵੱਡੀ ਲੋੜ ਬਣ ਚੁੱਕਾ ਹੈ। ਅਵਾਮ ਦੀ ਤਰਫ਼ੋਂ ਵਿਰੋਧ ਦੀ ਸਭ ਤੋਂ ਸ਼ਕਤੀਸ਼ਾਲੀ ਤੇ ਜ਼ਬਰਦਸਤ ਧਿਰ ਮਾਓਵਾਦੀ ਲਹਿਰ ਹੀ ਹੈ ਜਿਸ ਨੇ ਆਪਣੇ ਜ਼ੋਰ ਵਾਲੇ ਇਲਾਕਿਆਂ ਵਿਚ ਅਜੇ ਤੱਕ ਕਾਰਪੋਰੇਟ ਵਿਕਾਸ ਮਾਡਲ ਦੇ ਤਬਾਹੀ ਦੇ ਰੱਥ ਨੂੰ ਪੈਰ ਨਹੀਂ ਪਾਉਣ ਦਿੱਤੇ। ਦੋ ਲੱਖ ਦੇ ਕਰੀਬ ਨੀਮ-ਫ਼ੌਜੀ ਤਾਕਤਾਂ ਝੋਕਣ ਅਤੇ ਅਸਿੱਧੇ ਰੂਪ 'ਚ ਫ਼ੌਜ ਦੀ ਮਦਦ ਦੇ ਬਾਵਜੂਦ। ਹੁਕਮਰਾਨ ਜਮਾਤਾਂ ਲਈ ਮਾਓਵਾਦੀ ਬਗ਼ਾਵਤ ਤਾਂ ਪ੍ਰੇਸ਼ਾਨੀ ਦਾ ਕਾਰਨ ਹੈ ਹੀ, ਪਰ ਉਨ੍ਹਾਂ ਨੂੰ ਵੱਡਾ ਖ਼ਦਸ਼ਾ ਇਹ ਹੈ ਕਿ ਅਜੇ ਤੱਕ ਜਿਹੜੇ ਇਲਾਕੇ ਮਾਓਵਾਦ ਤੋਂ ਪ੍ਰਭਾਵਤ ਨਹੀਂ ਹਨ ਅਤੇ ਜਿਥੇ ਮੌਜੂਦਾ ਆਰਥਿਕ ਮਾਡਲ ਦੀਆਂ ਨੀਤੀਆਂ ਦਾ ਵਿਰੋਧ ਅਜੇ ਤੱਕ ਸ਼ਾਂਤਮਈ ਹੈ, ਉਹ ਕਦੇ ਵੀ ਮਾਓਵਾਦੀ ਟਾਕਰੇ ਦਾ ਅਸਰ ਕਬੂਲ ਕੇ ਇਹੀ ਰਾਹ ਅਪਣਾ ਸਕਦੇ ਹਨ, ਜਾਂ ਇਸ ਦਾ ਹਿੱਸਾ ਬਣ ਸਕਦੇ ਹਨ। ਤਾਮਿਲਨਾਡੂ ਵਿਚ ਕੁਡਨਕੁਲਮ ਪਰਮਾਣੂ ਊਰਜਾ ਪਲਾਂਟ, ਉੜੀਸਾ ਦਾ ਪੌਸਕੋ ਪ੍ਰੋਜੈਕਟ ਅਤੇ ਮਾਰੂਤੀ-ਸਜ਼ੂਕੀ ਆਟੋ ਸਨਅਤ (ਹਰਿਆਣਾ) ਇਹ ਲੰਮੇ ਸੰਘਰਸ਼ਾਂ ਦੇ ਤਿੰਨ ਅਜਿਹੇ ਖੌਲਦੇ ਖੇਤਰ ਹਨ ਜਿੱਥੋਂ ਦੇ ਕਿਰਤੀ ਲੋਕਾਂ ਦਾ ਸਬਰ ਜਮਹੂਰੀ ਸੰਘਰਸ਼ਾਂ ਨੂੰ ਕੁਚਲਣ ਲਈ ਹਕੂਮਤ ਦੀਆਂ ਮਨਮਾਨੀਆਂ ਤੋਂ ਅੱਕ-ਸਤ ਕੇ ਕਦੇ ਵੀ ਜਵਾਬ ਦੇ ਸਕਦਾ ਹੈ।

ਇਸੇ ਲਈ ਜਦੋਂ 'ਖੱਬੇਪੱਖੀ ਅਤਿਵਾਦ' ਦੇ ਮਸਲੇ ਨੂੰ ਹੱਲ ਕਰਨ ਦੀ ਚਰਚਾ ਹੁੰਦੀ ਹੈ ਤਾਂ ਮਨਮੋਹਨ-ਚਿਦੰਬਰਮ ਤੋਂ ਲੈ ਕੇ ਭਾਜਪਾ ਤੇ ਸੀ.ਪੀ.ਐੱਮ. ਤੱਕ ਹਰ ਛੋਟੀ ਵੱਡੀ ਹਾਕਮ ਜਮਾਤ ਪਾਰਟੀ ਅਮਨ-ਕਾਨੂੰਨ ਦੀ ਰੱਟ ਲਾਉਣਾ ਅਤੇ 'ਲੋਕਤੰਤਰ' ਦੀ ਦੁਹਾਈ ਦੇਣਾ ਨਹੀਂ ਭੁੱਲਦੀ। ਦਰਅਸਲ ਲੋਕਤੰਤਰ ਐਸਾ ਲਫ਼ਜ਼ ਹੈ ਜਿਸ ਦਾ ਇਸਤੇਮਾਲ ਅਮਰੀਕਾ ਵਰਗੇ ਘਿਣਾਉਣੇ ਜੰਗਬਾਜ਼ ਸਾਮਰਾਜਵਾਦੀ ਤੋਂ ਲੈ ਕੇ ਨਰਿੰਦਰ ਮੋਦੀ ਜਾਂ ਅਡਵਾਨੀ ਵਰਗੇ ਜ਼ਹਿਰ ਉਗਲਦੇ ਫਾਸ਼ੀਵਾਦੀ ਆਰਾਮ ਨਾਲ ਹੀ ਕਰ ਸਕਦੇ ਹਨ ਤੇ ਅਕਸਰ ਕਰਦੇ ਹਨ। ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਅੱਜ ਇਨਸਾਨੀਅਤ ਵਿਰੁੱਧ ਹਰ ਤਰ੍ਹਾਂ ਦਾ ਕੁਕਰਮ ਇਸ ਲੋਕਤੰਤਰ ਦੇ ਨਾਂ 'ਤੇ ਹੀ ਹੁੰਦਾ ਹੈ। ਚਿਦੰਬਰਮ-ਮਨਮੋਹਨ ਜਾਂ ਰਮਨ ਸਿੰਘ ਵਰਗਾ ਘੋਰ ਲੋਕਤੰਤਰ ਵਿਰੋਧੀ ਤੇ ਫਾਸ਼ੀਵਾਦੀ ਕਦੇ ਇਹ ਨਹੀਂ ਕਹੇਗਾ ਕਿ ਉਹ ਫਾਸ਼ੀਵਾਦੀ ਹੈ ਅਤੇ ਹਾਸ਼ੀਏ 'ਤੇ ਧੱਕੇ ਲੋਕਾਂ ਦੀ ਹੱਕ-ਜਤਾਈ ਤੇ ਸੱਚੇ ਲੋਕਤੰਤਰ ਲਈ ਲੜ ਰਹੇ ਮਾਓਵਾਦੀਆਂ ਜਾਂ ਕਿਸੇ ਹੋਰ ਨੂੰ ਇਸ ਕਰ ਕੇ ਕਤਲ ਕਰ ਰਿਹਾ ਹੈ ਕਿਉਂਕਿ ਉਸ ਨੂੰ ਉਨ੍ਹਾਂ ਦੀ ਲੋਕਪੱਖੀ ਤੇ ਤਰੱਕੀਪਸੰਦ ਤਬਦੀਲੀ ਗਵਾਰਾ ਨਹੀਂ ਹੈ। ਇਹ ਹਮੇਸ਼ਾ ਲੋਕਤੰਤਰ ਦੇ ਚੈਂਪੀਅਨ ਹੋਣ ਦੇ ਦਾਅਵੇ ਕਰਦੇ ਹਨ।

ਦਿਲਚਸਪ ਗੱਲ ਇਹ ਵੀ ਹੈ ਕਿ ਜਦੋਂ 80ਵਿਆਂ ਦੇ ਸ਼ੁਰੂ ਵਿਚ ਆਂਧਰਾ ਪ੍ਰਦੇਸ਼ ਵਿਚ 'ਖੱਬੇਪੱਖੀ ਅਤਿਵਾਦ' ਫੈਲਣਾ ਸ਼ੁਰੂ ਹੋਇਆ, ਉਦੋਂ ਕੇਂਦਰ ਸਰਕਾਰ ਨੇ ਇਸ ਮਸਲੇ ਦੇ ਹੱਲ ਲਈ ਸੁਝਾਅ ਦੇਣ ਵਾਸਤੇ ਜੋ ਕਮੇਟੀ ਬਣਾਈ ਸੀ, ਉਸ ਦਾ ਮੁਖੀ ਇਹੀ 'ਅਰਥ-ਸ਼ਾਸਤਰੀ' ਮਨਮੋਹਨ ਸਿੰਘ ਸੀ ਜਿਸ ਨੇ ਉਦੋਂ ਨਕਸਲਵਾਦ ਨੂੰ ਨਿਰੋਲ ਸਮਾਜੀ-ਆਰਥਿਕ ਮਸਲਾ ਐਲਾਨ ਕੇ ਇਸ ਦਾ ਰਾਜਸੀ ਹੱਲ ਕਰਨ 'ਤੇ ਜ਼ੋਰ ਦਿੱਤਾ ਸੀ। ਅੱਜ ਉਹੀ ਸ਼ਖਸ ਉਸੇ ਮਸਲੇ ਨੂੰ 'ਅਮਨ-ਕਾਨੂੰਨ ਦਾ ਸਭ ਤੋਂ ਵੱਡਾ' ਮਸਲਾ ਦੱਸ ਰਿਹਾ ਹੈ ਜਦਕਿ ਇਨ੍ਹਾਂ ਦੇ ਯੋਜਨਾ ਕਮਿਸ਼ਨ ਵੱਲੋਂ 2008 'ਚ ਬਣਾਈ 15 ਚੋਟੀ ਦੇ ਮਾਹਿਰਾਂ ਦੀ ਕਮੇਟੀ ਨੇ ਨਕਸਲਵਾਦ-ਮਾਓਵਾਦ ਨੂੰ ਸਮਾਜੀ-ਆਰਥਿਕ ਮਸਲਾ ਐਲਾਨ ਕੇ ਮੌਜੂਦਾ ਆਰਥਿਕ ਮਾਡਲ 'ਤੇ ਦੁਬਾਰਾ ਨਜ਼ਰਸਾਨੀ ਕਰਨ ਦੀ ਸਲਾਹ ਦਿੱਤੀ ਸੀ। ਇਕ ਪਾਸੇ ਸਰਕਾਰੀ ਤੌਰ 'ਤੇ ਇਹ ਮੰਨਿਆ ਜਾ ਰਿਹਾ ਹੈ ਕਿ ਮੁਲਕ ਦੀ 77 ਫ਼ੀ ਸਦੀ ਆਬਾਦੀ ਮਹਿਜ਼ 20 ਰੁਪਏ ਰੋਜ਼ਾਨਾ ਨਾਲ ਡੰਗ ਟਪਾਉਂਦੀ ਹੈ ਅਤੇ ਉੱਪਰਲੇ ਸੌ ਘਰਾਣੇ ਮੁਲਕ ਦੀ ਚੌਥਾ ਹਿੱਸਾ ਉਪਜ ਦੇ ਮਾਲਕ ਹਨ। ਦੂਜੇ ਪਾਸੇ, ਜੇ ਇਸੇ 77 ਫ਼ੀ ਸਦੀ ਵਿਚੋਂ ਕੋਈ ਹਿੱਸਾ ਹੋਰ ਕੋਈ ਚਾਰਾ ਨਾ ਦੇਖ ਕੇ ਅਤੇ ਸਾਢੇ ਛੇ ਦਹਾਕੇ ਉਡੀਕ ਕੇ ਆਪਣੇ ਹਿੱਤਾਂ ਦੀ ਰਾਖੀ ਤੇ ਹੱਕ ਜਤਾਈ ਲਈ 'ਹਿੰਸਾ' ਦਾ ਰਾਹ ਚੁਣ ਲੈਂਦਾ ਹੈ, ਉਦੋਂ ਇਹੀ ਹੁਕਮਰਾਨ ਅਮਨ-ਕਾਨੂੰਨ ਦੀ ਹਾਲ-ਪਾਹਰਿਆ ਮਚਾ ਕੇ ਆਸਮਾਨ ਸਿਰ 'ਤੇ ਚੁੱਕ ਲੈਂਦੇ ਹਨ। ਜੋ ਰਾਜਸੀ ਪ੍ਰਬੰਧ ਸਾਢੇ ਛੇ ਦਹਾਕੇ 'ਚ ਆਪਣੇ ਤਿੰਨ-ਚੌਥਾਈ ਨਾਗਰਿਕਾਂ ਲਈ ਹੋਂਦ ਦਾ ਸਵਾਲ ਬਣੇ ਮਸਲਿਆਂ ਨੂੰ ਮੁਖ਼ਾਤਬ ਹੋਣ ਦੀ ਥਾਂ ਉਨ੍ਹਾਂ ਨੂੰ ਹੋਰ ਹਾਸ਼ੀਏ 'ਤੇ ਧੱਕਣ 'ਤੇ ਤੁਲਿਆ ਰਿਹਾ ਹੋਵੇ, ਉਸ ਦਾ ਅਖੌਤੀ ਅਮਨ-ਕਾਨੂੰਨ ਹਾਸ਼ੀਆਗ੍ਰਸਤ ਲੋਕਾਂ ਲਈ ਕੀ ਮਾਇਨੇ ਰੱਖਦਾ ਹੈ।

ਜਿਹੜਾ 'ਬੁੱਧੀਜੀਵੀ' ਲਾਣਾ ਆਦਿਵਾਸੀਆਂ ਦੇ ਦੋ ਤਰ੍ਹਾਂ ਦੀ ਹਿੰਸਾ ਦੇ ਪੁੜਾਂ ਦਰਮਿਆਨ 'ਫਸੇ ਹੋਣ' ਬਾਰੇ ਫ਼ਿਕਰਮੰਦੀ ਜ਼ਾਹਰ ਕਰਦਾ ਹੈ, ਉਹ ਬੇਈਮਾਨੀ ਨਾਲ ਇਸ ਸਚਾਈ ਨੂੰ ਛੁਪਾ ਰਿਹਾ ਹੈ ਕਿ ਇਹ ਹਾਸ਼ੀਏ 'ਤੇ ਧੱਕੇ ਲੋਕ ਹਮੇਸ਼ਾ ਤੋਂ ਸਥਾਪਤੀ ਦੀ ਹਿੰਸਾ ਦਾ ਸ਼ਿਕਾਰ ਚਲੇ ਆ ਰਹੇ ਹਨ। ਮਾਓਵਾਦੀਆਂ ਨੇ ਸਗੋਂ ਉਨ੍ਹਾਂ ਨੂੰ ਉਸ ਰੋਜ਼ਮਰ੍ਹਾ ਢਾਂਚਾਗਤ ਹਿੰਸਾ ਤੋਂ ਨਿਜਾਤ ਦਿਵਾਈ ਹੈ ਜਿਸ ਵਿਚ ਬਾਕੀ ਮੁਲਕ ਦਾ ਅਵਾਮ ਅਜੇ ਵੀ ਗਲ ਗਲ ਧਸਿਆ ਹੋਇਆ ਹੈ। ਅਰੁੰਧਤੀ ਰਾਏ, ਗੌਤਮ ਨਵਲੱਖਾ, ਜਾਨ ਮਿਰਡਲ, ਸਤਨਾਮ ਤੋਂ ਲੈ ਕੇ ਬੀ.ਬੀ.ਸੀ. ਦੇ ਰਿਪੋਰਟਰ ਸੁਭਰਾਂਸ਼ੂ ਚੌਧਰੀ ਦੇ 'ਰੈੱਡ ਕੋਰੀਡੋਰ' ਦੇ ਸਫ਼ਰਨਾਮਿਆਂ ਨੂੰ ਪੜ੍ਹ ਕੇ ਉਨ੍ਹਾਂ ਹਾਲਾਤ ਦਾ ਸੱਚ ਜਾਣਿਆ ਸਕਦਾ ਹੈ ਜਿਨ੍ਹਾਂ ਵਿਚ ਆਦਿਵਾਸੀਆਂ ਨੂੰ ਮਾਓਵਾਦੀਆਂ ਦੇ ਇਸ ਖੇਤਰ ਵਿਚ ਪੈਰ ਧਰਨ ਤੋਂ ਪਹਿਲਾਂ ਜੰਗਲਾਤ ਅਧਿਕਾਰੀਆਂ, ਪੁਲਿਸ ਅਤੇ ਮਾਲ ਮਹਿਕਮੇ ਦੇ ਅਧਿਕਾਰੀਆਂ ਦੀ ਦਹਿਸ਼ਤਗਰਦੀ ਤੇ ਲੁੱਟਮਾਰ ਦਾ ਸੰਤਾਪ ਭੋਗਣਾ ਪੈਂਦਾ ਸੀ। ਮਾਓਵਾਦੀਆਂ ਇਲਾਕਿਆਂ ਅਤੇ 'ਚੁਣੀਆਂ ਹੋਈਆਂ ਸਰਕਾਰਾਂ' ਦੇ ਇਲਾਕਿਆਂ ਵਿਚ ਤੇਂਦੂ ਪੱਤਾ ਤੇ ਹੋਰ ਜੰਗਲੀ ਉਪਜਾਂ ਤੇ ਮਜ਼ਦੂਰੀ ਦੀਆਂ ਦਰਾਂ ਦਾ ਜ਼ਮੀਨ ਆਸਮਾਨ ਦਾ ਫ਼ਰਕ ਇਸ ਦਾ ਪ੍ਰਤੱਖ ਗਵਾਹ ਹੈ। ਦੂਜੇ ਪਾਸੇ, ਜੇ ਅੱਜ ਹੁਕਮਰਾਨ ਇਨ੍ਹਾਂ ਇਲਾਕਿਆਂ ਲਈ 'ਵਿਕਾਸ' ਦੀਆਂ ਕੁਝ ਰਸਮੀ ਸਕੀਮਾਂ ਦਾ ਐਲਾਨ ਕਰਨ ਲਈ ਮਜਬੂਰ ਹੋਏ ਹਨ ਤਾਂ ਮਹਿਜ਼ ਇਸ ਲਈ ਕਿ ਇਨ੍ਹਾਂ ਇਲਾਕਿਆਂ ਵਿਚ ਮਾਓਵਾਦੀਆਂ ਦੀ ਮੌਜੂਦਗੀ, ਉਨ੍ਹਾਂ ਵੱਲੋਂ ਇਨ੍ਹਾਂ ਲੋਕਾਂ ਦੀ ਜ਼ਿੰਦਗੀ ਦੀ ਬਿਹਤਰੀ ਲਈ ਕੀਤੇ ਉੱਦਮ ਅਤੇ 'ਸਮਾਂਤਰ ਮਾਓਵਾਦੀ ਸਰਕਾਰ' ਦੇ ਹੋਂਦ ਵਿਚ ਆਉਣ ਨੇ ਹੁਕਮਰਾਨਾਂ ਲਈ ਐਸੇ ਹਾਲਾਤ ਪੈਦਾ ਕਰ ਦਿੱਤੇ ਹਨ ਜਿਸ ਵਿਚ ਇਨ੍ਹਾਂ ਕੋਲ 'ਵਿਕਾਸ' ਸਕੀਮਾਂ ਦਾ ਐਲਾਨ ਕਰਨ ਤੋਂ ਬਿਨਾਂ ਕੋਈ ਚਾਰਾ ਨਹੀਂ ਹੈ। ਹਾਲਾਂਕਿ ਇਹ ਸਕੀਮਾਂ ਵੀ ਜ਼ਿਆਦਾਤਰ ਕਾਗਜ਼ਾਂ 'ਚ ਹੀ ਹਨ ਅਤੇ ਬੇਥਾਹ ਭ੍ਰਿਸ਼ਟਾਚਾਰ ਦਾ ਅੱਡਾ ਹੀ ਹਨ। 'ਇੰਟੈਗਰੇਟਿਡ ਐਕਸ਼ਨ ਪਲਾਨ-ਲੈਫਟ ਵਿੰਗ ਐਕਸਟ੍ਰੀਮਿਜ਼ਮ' ਲਈ ਹਰ ਸਾਲ 200 ਕਰੋੜ ਰੁਪਏ ਜਾਰੀ ਕੀਤੇ ਜਾਂਦੇ ਹਨ ਜੋ ਨੌਕਰਸ਼ਾਹੀ, ਸਿਆਸਤਦਾਨ ਤੇ ਠੇਕੇਦਾਰ ਮਿਲ ਕੇ ਡਕਾਰ ਜਾਂਦੇ ਹਨ। ਇਸੇ ਤਰ੍ਹਾਂ ਮਨਰੇਗਾ ਤੋਂ ਲੈ ਕੇ 13ਵੇਂ ਵਿੱਤ ਕਮਿਸ਼ਨ ਦਰਜਨਾਂ ਸਕੀਮਾਂ ਦੇ ਨਾਂ ਹੇਠ ਜਾਰੀ ਕੀਤੇ ਅਰਬਾਂ ਰੁਪਏ ਇਨ੍ਹਾਂ ਦੇ ਢਿੱਡਾਂ 'ਚ ਖਪਦੇ ਗਏ। ਆਦਿਵਾਸੀਆਂ ਤਕ ਫੁੱਟੀ ਕੌਡੀ ਵੀ ਨਹੀਂ ਪਹੁੰਚੀ। ਤਲਖ਼ ਸੱਚਾਈ ਇਹ ਹੈ ਕਿ ਬੁਨਿਆਦੀ ਨੀਤੀਆਂ ਨੂੰ ਰੱਦ ਕੀਤੇ ਬਗ਼ੈਰ ਪੋਚਾ ਪਾਉਣ ਵਾਲੀਆਂ ਸਕੀਮਾਂ ਕੁਝ ਨਹੀਂ ਸੰਵਾਰ ਸਕਦੀਆਂ।

'ਵਿਕਾਸ' ਦੇ ਨਾਂ ਹੇਠ ਸਰਕਾਰੀ ਸਕੀਮਾਂ ਦਾ ਮੁੱਖ ਜ਼ੋਰ ਅਜੇ ਵੀ ਰਾਜ ਢਾਂਚੇ ਦੀ ਦਮਨਕਾਰੀ ਮਸ਼ੀਨਰੀ ਨੂੰ ਮਜ਼ਬੂਤ ਬਣਾਉਣ ਅਤੇ ਕਬਾਇਲੀ ਨੌਜਵਾਨਾਂ ਨੂੰ ਰੋਜ਼ਗਾਰ ਦੇ ਨਾਂ ਹੇਠ ਵਰਗਲਾ ਕੇ ਕਬਾਇਲੀ ਸਮਾਜ 'ਚ ਸੰਨ੍ਹ ਲਾਉਣ ਤੇ ਫੁੱਟ ਪਾਉਣ ਉੱਪਰ ਹੈ, ਨਾ ਕਿ ਲੋਕਾਂ ਦੇ ਜੀਵਨ ਪੱਧਰ 'ਚ ਕਿਸੇ ਤਰ੍ਹਾਂ ਦੀ ਬਿਹਤਰੀ ਲਿਆਉਣ ਉੱਪਰ। 24 ਸਭ ਤੋਂ ਵੱਧ ਨਕਸਲੀ ਪ੍ਰਭਾਵਿਤ ਜ਼ਿਲ੍ਹਿਆਂ ਵਿਚ 50,000 ਮੁੰਡੇ ਕੁੜੀਆਂ ਨੂੰ ਆਪਟੀਟਿਊਡ ਆਧਾਰਤ ਹੁਨਰ ਵਾਲਾ ਰੋਜ਼ਗਾਰ ਦੇਣ ਦੀ ਹੁਣੇ ਹੀ ਲਿਆਂਦੀ 200 ਕਰੋੜੀ 'ਰੌਸ਼ਨੀ' ਸਕੀਮ ਦਾ ਮਕਸਦ ਇਹੀ ਹੈ। ਗ੍ਰਹਿ ਮੰਤਰਾਲੇ ਦੀ ਇਨ੍ਹਾਂ ਨੌਂ ਸੂਬਿਆਂ ਵਿਚ 2200 ਥਾਵਾਂ ਦੀ ਨਿਸ਼ਾਨਦੇਹੀ ਕਰ ਕੇ 3000 ਕਰੋੜ ਦੀ ਲਾਗਤ ਨਾਲ ਮੋਬਾਇਲ ਨੈੱਟਵਰਕ ਟਾਵਰ ਲਗਾਉਣ ਦੀ ਤਜਵੀਜ਼ ਹੈ। ਇਸ ਸਾਲ ਦੇ ਬਜਟ ਵਿਚ ਇਕੱਲੀ ਸੀ.ਆਰ.ਪੀ.ਐੱਫ. (ਜੋ ਜ਼ਿਆਦਾਤਰ ਨਕਸਲੀ ਇਲਾਕਿਆਂ 'ਚ ਲਗਾਈ ਹੋਈ ਹੈ) ਲਈ 10818.53 ਰੁਪਏ ਰਾਖਵੇਂ ਰੱਖੇ ਗਏ ਜੋ ਪਿਛਲੇ ਸਾਲ ਨਾਲੋਂ 10 ਫ਼ੀ ਸਦੀ ਵੱਧ ਹਨ। ਇਨ੍ਹਾਂ ਸੂਬਿਆਂ ਵਿਚ 'ਵਿਸ਼ੇਸ਼ ਆਧਾਰ-ਢਾਂਚੇ' ਲਈ 74.15 ਕਰੋੜ ਰੁਪਏ (ਪਹਿਲਾਂ ਨਾਲੋਂ 20 ਕਰੋੜ ਵੱਧ), ਪੁਲਿਸ ਫੋਰਸ ਦੇ ਆਧੁਨਿਕੀਕਰਨ ਲਈ 300 ਕਰੋੜ ਤੋਂ ਵਧਾ ਕੇ 1847 ਕਰੋੜ ਅਤੇ ਥਾਣਿਆਂ ਦੀ ਮਜ਼ਬੂਤੀ ਲਈ 160 ਕਰੋੜ ਰੁਪਏ ਤੇ ਇਸੇ ਤਰ੍ਹਾਂ 40 ਕਰੋੜ ਰੁਪਏ ਨਕਸਲੀਆਂ ਦੇ ਮੁੜ-ਵਸੇਬੇ ਲਈ ਰੱਖੇ ਗਏ। ਕਿਤੇ ਵੀ ਇਨ੍ਹਾਂ ਇਲਾਕਿਆਂ ਵਿਚ ਸਿਹਤ ਸੇਵਾਵਾਂ, ਸਿੱਖਿਆ, ਖੇਤੀਬਾੜੀ ਦੇ ਵਿਕਾਸ ਲਈ ਵਿਸ਼ੇਸ਼ ਬਜਟ ਯੋਜਨਾ ਦਿਖਾਈ ਨਹੀਂ ਦਿੰਦੀ। ਇਨ੍ਹਾਂ ਹਾਲਾਤ ਵਿਚ ਕੀ ਲੋਕ ਮਾਓਵਾਦੀਆਂ ਦਾ ਸਾਥ ਦੇਣਗੇ ਜਾਂ ਜਾਬਰ ਹਕੂਮਤ ਦਾ?

25 ਮਈ ਦੇ ਮਾਓਵਾਦੀ ਹਮਲੇ ਤੋਂ ਬਾਅਦ ਮੁਲਕ ਦੇ ਕੁਝ ਵੱਡੇ ਪੱਤਰਕਾਰਾਂ ਨੇ ਛੱਤੀਸਗੜ੍ਹ ਦੇ ਉਸ ਡਰਬਾ ਇਲਾਕੇ ਵਿਚ ਜਾ ਕੇ ਉੱਥੋਂ ਦੇ ਲੋਕਾਂ ਦੇ ਹਾਲਾਤ ਜਾਣਨੇ ਚਾਹੇ। ਮਸ਼ਹੂਰ ਪੱਤਰਕਾਰ ਪੁਨਿਆ ਪ੍ਰਸੂੰਨ ਵਾਜਪਾਈ ਨੇ ਆਪਣੇ ਪ੍ਰਭਾਵ ਆਪਣੀ ਰਿਪੋਰਟ 'ਰੈੱਡ ਕੋਰੀਡੋਰ ਦਾ ਸਫ਼ਰ' ਵਿਚ ਬਹੁਤ ਢੁੱਕਵੇਂ ਰੂਪ 'ਚ ਨੋਟ ਕੀਤੇ ਹਨ। ਜਿਸ ਬੇੜੀ 'ਤੇ ਸਵਾਰ ਹੋ ਕੇ ਪੱਤਰਕਾਰਾਂ ਨੇ ਨਦੀ ਪਾਰ ਕੀਤੀ, ਉਸ ਦੇ ਮਲਾਹ ਨੇ ਮਨ ਦੀ ਗੱਲ ਉਨ੍ਹਾਂ ਨੂੰ ਦੱਸੀ ਕਿ ਸੁਰੱਖਿਆ ਤਾਕਤਾਂ ਵਾਲੇ ਅਮੀਰਾਂ ਲਈ ਨੌਕਰੀ ਕਰਦੇ ਹਨ। ਨਦੀ ਦੇ ਜਿਸ ਪਾਸੇ ਸਥਾਪਤੀ ਦੀ ਸਰਕਾਰ ਹੈ, ਉੱਥੇ ਨਦੀ ਘਾਟ ਦੀ ਬੋਲੀ ਦੇ ਨਾਂ ਹੇਠ (ਤੇਰਾਂ ਲੱਖ ਰੁਪਏ ਬੋਲੀ ਲਾ ਕੇ, ਜਦਕਿ ਸਰਕਾਰੀ ਦਰ ਵੱਧ ਤੋਂ ਵੱਧ ਤਿੰਨ ਲੱਖ ਰੁਪਏ ਦੀ ਹੈ) ਨਦੀ ਉੱਪਰ ਪੈਸੇ ਵਾਲਿਆਂ ਨੇ ਕਬਜ਼ਾ ਕਰ ਲਿਆ ਅਤੇ ਦਹਾਕਿਆਂ ਤੋਂ ਇਸ ਆਸਰੇ ਗੁਜ਼ਾਰਾ ਕਰ ਰਹੇ ਮਲਾਹਾਂ ਦਾ ਇਹ ਸਵੈ-ਰੋਜ਼ਗਾਰ ਵੀ ਖ਼ਤਰੇ ਮੂੰਹ ਆ ਗਿਆ। ਜਿਸ ਪਾਸੇ ਨਕਸਲੀਆਂ ਦੀ ਸਰਕਾਰ ਹੈ, ਬੋਲੀ ਉੱਥੇ ਵੀ ਹੁੰਦੀ ਹੈ, ਪਰ ਉਨ੍ਹਾਂ ਦੇ ਰੋਜ਼ਗਾਰ ਨੂੰ ਕੋਈ ਖ਼ਤਰਾ ਨਹੀਂ ਹੈ। ਉਸ ਨੇ ਪੱਤਰਕਾਰ ਨੂੰ ਕਿਹਾ ਕਿ ਸਾਢੇ ਤਿੰਨ ਲੱਖ ਦੀ ਸਰਕਾਰੀ ਬੋਲੀ ਦਾ ਅਸੂਲ ਲਾਗੂ ਕਰਵਾ ਦਿਉ, ਨਹੀਂ ਤਾਂ ਅਗਲੀ ਵਾਰ ਤੁਸੀਂ ਮਲਾਹਾਂ ਨੂੰ ਵੀ ਮਾਓਵਾਦੀ ਕਹੋਗੇ! ਵਾਜਪਾਈ ਕਹਿੰਦਾ ਹੈ, "ਪਤਾ ਨਹੀਂ ਇਹ ਧਮਕੀ ਸੀ ਜਾਂ ਭਵਿਖ ਦੀ ਆਹਟ"। ਉਸ ਨੇ ਆਪਣੀ ਰਿਪੋਰਟ ਇਨ੍ਹਾਂ ਲਫ਼ਜ਼ਾਂ ਨਾਲ ਖ਼ਤਮ ਕੀਤੀ, "ਇਥੇ ਵਾਕਈ ਨਕਸਲੀਆਂ ਦੀ ਸਮਾਂਤਰ ਸਰਕਾਰ ਚਲਦੀ ਹੈ।"

ਪਰ ਬਦਕਾਰ ਹੁਕਮਰਾਨਾਂ ਵਿਚ ਇਹ ਕੌੜਾ ਸੱਚ ਕਬੂਲ ਕਰਨ ਦਾ ਜੇਰਾ ਨਹੀਂ ਹੈ ਕਿ ਬਾਗ਼ੀਆਂ ਦੀ ਸਮਾਂਤਰ ਸਰਕਾਰ ਸਥਾਪਤੀ ਤੋਂ ਲੋਕਾਂ ਦੀ ਮੁਕੰਮਲ ਅਲਹਿਦਗੀ ਅਤੇ ਬਾਗ਼ੀ ਤਹਿਰੀਕ 'ਚ ਮੁਕੰਮਲ ਯਕੀਨ ਨਾਲ ਹੀ ਹੋਂਦ 'ਚ ਆ ਸਕਦੀ ਹੈ, ਚੰਦ ਬੰਦੂਕਧਾਰੀਆਂ ਦੀ ਦਹਿਸ਼ਤ ਨਾਲ ਨਹੀਂ। ਇਸ ਤੋਂ ਵੀ ਅੱਗੇ, ਬਾਗ਼ੀ ਤਹਿਰੀਕ ਨੂੰ ਖ਼ਤਮ ਵੀ ਉਨ੍ਹਾਂ ਨਾਲੋਂ ਬਿਹਤਰ ਵਿਕਾਸ ਦੇ ਅਜੰਡੇ ਉੱਪਰ ਸੰਜੀਦਾ ਅਮਲ ਨਾਲ ਹੀ ਕੀਤਾ ਜਾ ਸਕਦਾ ਹੈ ਜੰਗਬਾਜ਼ ਹੋਕਰੇ ਮਾਰ ਕੇ ਅਤੇ ਰੋਜ਼ਗਾਰ ਤੇ ਸ਼ਾਂਤੀ ਦੇ ਨਾਂ 'ਤੇ ਗ਼ਰੀਬਾਂ ਦੇ ਧੀਆਂ ਪੁੱਤਰਾਂ ਨੂੰ ਨਹੱਕੀ ਭਰਾਮਾਰ ਜੰਗ ਦਾ ਖਾਜਾ ਬਣਾ ਕੇ ਨਹੀਂ।

## ਦੱਬੇ ਕੁਚਲਿਆਂ ਦੀ ਹਿੰਸਾ

**"ਜਿਨ੍ਹਾਂ ਪ੍ਰਸੰਗ ਅਤੇ ਹਾਲਾਤ ਦਾ ਖ਼ਾਕਾ ਅਸੀਂ ਪੇਸ਼ ਕੀਤਾ ਹੈ, ਉਨ੍ਹਾਂ ਵਿਚ, ਤੇ ਇਸ ਤੱਥ ਦੀ ਰੌਸ਼ਨੀ 'ਚ ਕਿ ਸੰਵਿਧਾਨ ਅਤੇ ਕਾਨੂੰਨ ਪੀੜਤਾਂ ਨੂੰ ਨਿਆਂ ਦਿਵਾਉਣ 'ਚ ਨਾਕਾਮ ਰਹੇ, ਇਸ ਹਾਲਤ 'ਚ ਮਾਓਵਾਦੀਆਂ ਦੀ ਅਗਵਾਈ 'ਚ ਦੱਬੇ-ਕੁਚਲਿਆਂ ਦੀ ਇਹ ਹਿੰਸਾ ਕੀ ਇਕ ਜ਼ਰੂਰਤ ਨਹੀਂ ਸੀ? ਕੀ ਇਸ ਨੇ ਇਨਸਾਫ਼ ਦਾ ਮਕਸਦ ਪੂਰਾ ਨਹੀਂ ਕੀਤਾ ਹੈ? ਕੀ ਇਹ ਇਖ਼ਲਾਕੀ ਤੌਰ 'ਤੇ ਜਾਇਜ਼ ਨਹੀਂ ਸੀ? ਕੀ ਦੱਬੇ-ਕੁਚਲਿਆਂ ਕੋਲ ਉਸ ਹਿੰਸਾ ਨੂੰ ਚੁਣੌਤੀ ਦੇਣ ਤੋਂ ਬਿਨਾਂ ਕੋਈ ਹੋਰ ਰਾਹ ਸੀ ਜੋ ਉਨ੍ਹਾਂ ਉੱਪਰ ਦਾਬੇ ਨੂੰ ਸੰਭਵ ਬਣਾਉਣ ਅਤੇ ਦਾਬੇ ਨੂੰ ਬਰਕਰਾਰ ਰੱਖਣ ਦਾ ਸਾਧਨ ਹੈ?"**

***(ਭਾਰਤ ਦੇ ਸਭ ਤੋਂ ਮਸ਼ਹੂਰ ਬੌਧਿਕ ਮੈਗਜ਼ੀਨ ਇਕਨਾਮਿਕ ਐਂਡ ਪੁਲੀਟੀਕਲ ਵੀਕਲੀ ਅੰਕ 8 ਜੂਨ 2013 ਦੀ ਸੰਪਾਦਕੀ ਵਿਚੋਂ)***

ECONOMIC AND POLITICAL WEEKLY



***ਆਮ ਆਦਮੀ ਕੋਲੋਂ ਹੁਣ ਹਰ ਸਹੂਲਤ ਖੁੱਸ ਰਹੀ ਹੈ। ਸਰਕਾਰ ਨੇ ਇਸ ਉਤੇ ਕਦੀ ਨਜ਼ਰਸਾਨੀ ਨਹੀਂ ਕੀਤੀ।***

# ਝੂਠੇ ਪੁਲਿਸ ਮੁਕਾਬਲੇ ਦੀ ਜਾਂਚ ਲਈ ਹਾਈ ਕੋਰਟ ਕੋਲ ਪਹੁੰਚ

## ਆਈ.ਜੀ. ਪਰਮਰਾਜ ਉਮਰਾਨੰਗਲ ਦੀ ਕਾਰਗੁਜ਼ਾਰੀ 'ਤੇ ਉਠਾਏ ਸਵਾਲ




**ਚੰਡੀਗੜ੍ਹ:** ਅਠਾਰਾਂ ਸਾਲ ਲੰਘਣ ਦੇ ਬਾਅਦ ਵੀ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਕਾਲਾ ਅਫਗਾਨਾ ਦੇ ਵਸਨੀਕ ਪੁਲਿਸ ਵੱਲੋਂ ਚੁੱਕ ਕੇ ਲਾਪਤਾ ਕੀਤੇ ਆਪਣੇ ਪੁੱਤਰ ਸੁਖਪਾਲ ਸਿੰਘ ਬਾਰੇ ਨਿਆਂ ਹਾਸਲ ਕਰਨ ਲਈ ਦਰ-ਦਰ ਭਟਕਦੇ ਫਿਰ ਰਹੇ ਹਨ। ਹੁਣ ਉਨ੍ਹਾਂ ਨੇ 'ਮਾਝਾ ਐਕਸ-ਸਰਵਿਸਮੈਨ ਮਨੁੱਖੀ ਅਧਿਕਾਰ ਫਰੰਟ' ਨਾਲ ਮਿਲ ਕੇ 14 ਮਈ, 2013 ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਹੈ ਕਿ 1994 ਵਿਚ ਰੋਪੜ ਵਿਚ ਤਤਕਾਲੀ ਡੀ.ਐਸ.ਪੀ. ਪਰਮਰਾਜ ਸਿੰਘ ਉਮਰਾਨੰਗਲ ਦੀ ਅਗਵਾਈ ਵਿਚ ਹੋਏ ਪੁਲਿਸ ਮੁਕਾਬਲੇ, ਉਮਰਾਨੰਗਲ ਨੂੰ ਮਿਲੀਆਂ ਤਰੱਕੀਆਂ ਤੇ ਇਸ ਮੁਕਾਬਲੇ ਵਿਚ ਮਾਰੇ ਅਸਲ ਵਿਅਕਤੀ ਦੀ ਪਛਾਣ ਲਈ ਸੀ.ਬੀ.ਆਈ. ਜਾਂ ਕਿਸੇ ਵੀ ਹੋਰ ਆਜ਼ਾਦ ਏਜੰਸੀ ਤੋਂ ਜਾਂਚ ਕਰਵਾਏ ਜਾਣ ਦਾ ਹੁਕਮ ਜਾਰੀ ਕੀਤਾ ਜਾਵੇ।

ਸੁਖਪਾਲ ਸਿੰਘ ਦੀ ਪਤਨੀ ਵਿਧਵਾ ਦਲਬੀਰ ਕੌਰ, ਪਿਤਾ ਜਗੀਰ ਸਿੰਘ ਤੇ ਫਰੰਟ ਦੇ ਮੁਖੀ ਕਰਨਲ ਜੀ.ਐਸ. ਸੰਧੂ ਨੇ ਦਾਇਰ ਪਟੀਸ਼ਨ ਵਿਚ ਕਿਹਾ ਕਿ 1994 ਨੂੰ ਬਣਾਇਆ ਗਿਆ ਪੁਲਿਸ ਮੁਕਾਬਲਾ ਖੁਦ ਪੁਲਿਸ ਦੇ ਰਿਕਾਰਡ ਮੁਤਾਬਕ ਹੀ ਝੂਠਾ ਸੀ ਕਿਉਂਕਿ ਇਸ ਮੁਕਾਬਲੇ ਵਿਚ ਮਾਰਿਆ ਗਿਆ ਖਾੜਕੂ ਆਗੂ ਗੁਰਨਾਮ ਸਿੰਘ ਬੰਡਾਲਾ ਕੁਝ ਸਾਲਾਂ ਬਾਅਦ ਪੁਲਿਸ ਨੇ ਖੁਦ ਗ੍ਰਿਫ਼ਤਾਰ ਕਰ ਲਿਆ ਸੀ ਤੇ ਕਈ ਸਾਲ ਜੇਲ੍ਹ ਵਿਚ ਰਿਹਾ ਹੈ। ਉਨ੍ਹਾਂ ਸਵਾਲ ਉਠਾਇਆ ਹੈ ਕਿ ਇਸ ਝੂਠੇ ਮੁਕਾਬਲੇ ਵਿਚ ਉਸ ਸਮੇਂ ਰੋਪੜ ਦੇ ਡੀ.ਐਸ.ਪੀ. ਪਰਮਰਾਜ ਸਿੰਘ ਉਮਰਾਨੰਗਲ ਨੂੰ ਮਿਲਿਆ ਨਗਦ ਇਨਾਮ, ਬਹਾਦਰੀ ਮੈਡਲ ਤੇ ਤਰੱਕੀ ਕਿਵੇਂ ਜਾਇਜ਼ ਹੈ? ਸਵਾਲ ਇਹ ਵੀ ਹੈ ਕਿ ਜੇਕਰ ਮਰਨ ਵਾਲਾ ਵਿਅਕਤੀ ਬੰਡਾਲਾ ਨਹੀਂ ਸੀ ਤਾਂ ਫਿਰ ਹੋਰ ਕੌਣ ਸੀ? ਉਨ੍ਹਾਂ ਕਿਹਾ ਹੈ ਕਿ ਰੋਪੜ ਮੁਕਾਬਲੇ ਵਿਚ ਮਾਰਿਆ ਗਿਆ ਵਿਅਕਤੀ ਅਸਲ ਵਿਚ ਘਰੋਂ ਚੁੱਕ ਕੇ ਲਿਆਂਦਾ ਗਿਆ ਸੁਖਪਾਲ ਸਿੰਘ ਕਾਲਾ ਅਫਗਾਨਾ ਸੀ।

ਪਟੀਸ਼ਨ ਵਿਚ ਦੱਸਿਆ ਗਿਆ ਹੈ ਕਿ ਪੁਲਿਸ ਵਿਭਾਗ ਨੇ ਉਨ੍ਹਾਂ ਨੂੰ ਨਿਆਂ ਦੇਣ ਦੀ ਬਜਾਏ ਧੋਖਾ ਦਿੱਤਾ ਹੈ। ਪਟੀਸ਼ਨ ਵਿਚ ਪੰਜਾਬ ਸਰਕਾਰ ਦੇ ਰੋਲ 'ਤੇ ਵੀ ਸਖ਼ਤ ਇਤਰਾਜ਼ ਉਠਾਉਂਦਿਆਂ ਕਿਹਾ ਗਿਆ ਹੈ ਕਿ ਇਕ ਪਾਸੇ ਪਰਮਰਾਜ ਸਿੰਘ ਵਿਰੁੱਧ ਝੂਠੇ ਮੁਕਾਬਲੇ ਦੀ ਜਾਂਚ ਚੱਲ ਰਹੀ ਹੈ ਤੇ ਪੂਰੇ ਤਿੰਨ ਸਾਲ ਬਾਅਦ 2010 ਵਿਚ ਡੀ.ਆਈ.ਜੀ. ਵਜੋਂ ਤਰੱਕੀ ਤੇ ਸ਼ਾਨਦਾਰ ਸੇਵਾਵਾਂ ਬਦਲੇ ਪੁਲਿਸ ਮੈਡਲ ਦਿੱਤੇ ਜਾਣ ਦੀ ਸਿਫਾਰਸ਼ ਕੀਤੀ ਗਈ।

ਜ਼ਿਕਰਯੋਗ ਹੈ ਕਿ ਮਜੀਠਾ ਪੁਲਿਸ ਜ਼ਿਲ੍ਹੇ ਵਿਚ ਪੈਂਦੇ ਪਿੰਡ ਕਾਲਾ ਅਫਗਾਨਾ ਦੇ ਨੌਜਵਾਨ ਸੁਖਪਾਲ ਸਿੰਘ ਨੂੰ 13 ਅਗਸਤ, 1994 ਨੂੰ ਪੁਲਿਸ ਫੜ ਕੇ ਲੈ ਗਈ ਸੀ। ਘਰ ਵਾਲੇ ਕਈ ਦਿਨ ਲੱਭਦੇ-ਫਿਰਦੇ ਰਹੇ। ਪੁਲਿਸ ਅਧਿਕਾਰੀਆਂ ਨੂੰ ਵੀ ਮਿਲੇ ਪਰ ਕਿਧਰੋਂ ਵੀ ਕੋਈ ਅਤਾ-ਪਤਾ ਨਹੀਂ ਲੱਭਾ। ਇਸ ਸਮੇਂ ਖ਼ਬਰਾਂ ਛਪੀਆਂ ਕਿ ਰੋਪੜ ਜ਼ਿਲ੍ਹੇ ਵਿਚ ਹੋਏ ਇਕ ਪੁਲਿਸ ਮੁਕਾਬਲੇ ਵਿਚ ਨਾਮੀ ਖਾੜਕੂ ਗੁਰਨਾਮ ਸਿੰਘ ਬੰਡਾਲਾ ਮਾਰਿਆ ਗਿਆ ਹੈ।

ਇਸ ਮੁਕਾਬਲੇ ਵਿਚ ਦਿਖਾਈ ਕਥਿਤ ਬਹਾਦਰੀ ਬਦਲੇ ਉਸ ਸਮੇਂ ਤਾਇਨਾਤ ਡੀ.ਐਸ.ਪੀ. ਰੋਪੜ ਪਰਮਰਾਜ ਸਿੰਘ ਉਮਰਾਨੰਗਲ ਨੂੰ ਇਨਾਮ ਵਜੋਂ ਨਗਦ ਰਾਸ਼ੀ, ਬਹਾਦਰੀ ਮੈਡਲ ਤੇ ਤਰੱਕੀ ਦੇ ਕੇ ਐਸ.ਪੀ. ਬਣਾ ਦਿੱਤਾ ਗਿਆ ਹੈ ਪਰ ਕੁਝ ਸਮੇਂ ਬਾਅਦ ਦੱਸਿਆ ਕਿ ਮੁਕਾਬਲੇ ਵਿਚ ਮਾਰਿਆ ਖਾੜਕੂ ਗੁਰਨਾਮ ਸਿੰਘ ਬੰਡਾਲਾ ਬਟਾਲਾ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਸੁਖਪਾਲ ਸਿੰਘ ਦੇ ਮਾਪੇ ਉਸ ਸਮੇਂ ਤੋਂ ਹੀ ਵਿਲਕਦੇ ਫਿਰਦੇ ਹਨ ਕਿ ਮੁਕਾਬਲੇ ਵਿਚ ਮਾਰਿਆ ਗਿਆ ਵਿਅਕਤੀ ਕੋਈ ਹੋਰ ਨਹੀਂ, ਸਗੋਂ ਉਨ੍ਹਾਂ ਦਾ ਹੀ ਪੁੱਤਰ ਸੀ ਜਿਸ ਨੂੰ ਪੁਲਿਸ ਘਰੋਂ ਗ੍ਰਿਫ਼ਤਾਰ ਕਰਕੇ ਲੈ ਗਈ ਸੀ।

# ਸਿੱਖ ਮੂਵਮੈਂਟ ਵੱਲੋਂ ਆਨੰਦਪੁਰ ਮਤੇ ਲਈ ਸੰਘਰਸ਼ ਦਾ ਐਲਾਨ

**ਬਠਿੰਡਾ:** ਯੂਨਾਈਟਿਡ ਸਿੱਖ ਮੂਵਮੈਂਟ ਨੇ ਬਠਿੰਡਾ ਵਿਚ ਕਨਵੈਨਸ਼ਨ ਕਰਕੇ ਆਨੰਦਪੁਰ ਦੇ ਮਤੇ ਦੀ ਪ੍ਰਾਪਤੀ ਲਈ ਆਜ਼ਾਦੀ ਦੀ ਦੂਸਰੀ ਜੰਗ ਲੜਨ ਦਾ ਐਲਾਨ ਕੀਤਾ ਹੈ। ਜੂਨ 1984 ਦੇ ਸ਼ਹੀਦਾਂ ਨੂੰ ਸਮਰਪਿਤ ਕਨਵੈਨਸ਼ਨ ਵਿਚ ਪੰਥਕ ਆਗੂਆਂ ਨੇ ਖਾਲਿਸਤਾਨ ਤੇ ਸ਼੍ਰੋਮਣੀ ਅਕਾਲੀ ਦਲ (ਬ) ਦੀ ਲੀਕ ਤੋਂ ਹਟ ਕੇ ਆਨੰਦਪੁਰ ਦੇ ਮਤੇ ਮੁਤਾਬਕ ਜਮਹੂਰੀ ਤੇ ਸ਼ਾਂਤਮਈ ਤਰੀਕੇ ਨਾਲ ਸੰਘਰਸ਼ ਕਰਨ ਦਾ ਪ੍ਰਣ ਕੀਤਾ।

ਲਹਿਰ ਦੇ ਨੇਤਾਵਾਂ ਨੇ ਆਨੰਦਪੁਰ ਦੇ ਮਤੇ ਦੀ ਪ੍ਰਾਪਤੀ ਲਈ 10 ਜਨਪਥ ਨਵੀਂ ਦਿੱਲੀ ਵਿਖੇ ਚਾਰ ਅਗਸਤ ਨੂੰ ਰੋਸ ਧਰਨਾ ਦੇਣ ਦਾ ਫੈਸਲਾ ਕੀਤਾ। ਆਗੂਆਂ ਨੇ ਆਖਿਆ ਕਿ ਚਾਰ ਅਗਸਤ, 1982 ਨੂੰ ਧਰਮ ਯੁੱਧ ਮੋਰਚਾ ਆਨੰਦਪੁਰ ਦੇ ਮਤੇ ਦੀ ਪ੍ਰਾਪਤੀ ਲਈ ਅਰੰਭਿਆ ਗਿਆ ਸੀ। ਹੁਣ ਇਸ ਨੂੰ ਅੱਗੇ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਇਸ ਮੌਕੇ ਸਹੀ ਅਰਥਾਂ ਵਿੱਚ ਸੰਘੀ ਢਾਂਚੇ ਨੂੰ ਲਾਗੂ ਕਰਨ ਦੀ ਗੱਲ ਕਹੀ ਗਈ ਤੇ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਵਕਾਲਤ ਕੀਤੀ ਗਈ। ਕਨਵੈਨਸ਼ਨ ਵਿੱਚ ਮਤਾ ਪਾਸ ਕੀਤਾ ਗਿਆ ਕਿ ਸੰਵਿਧਾਨ ਵਿੱਚ ਵਿਸ਼ੇਸ਼ ਤਰਮੀਮ ਕਰਕੇ ਸਿੱਖਾਂ ਦੇ ਸਮਾਜਿਕ, ਧਾਰਮਿਕ, ਸਭਿਆਚਾਰਕ ਤੇ ਸਿਆਸੀ ਹੱਕਾਂ ਦੀ ਰਾਖੀ ਲਈ ਵਿਸ਼ੇਸ਼ ਕਾਨੂੰਨ ਬਣਾਇਆ ਜਾਵੇ। ਪੰਜਾਬ ਨੂੰ ਵਿਸ਼ੇਸ਼ ਰਾਜ ਦਾ ਦਰਜਾ ਦਿੱਤਾ ਜਾਵੇ। ਸ਼੍ਰੋਮਣੀ ਅਕਾਲੀ ਦਲ (ਬ) ਨੂੰ ਭਾਜਪਾ ਨਾਲੋਂ ਨਾਤਾ ਤੋੜਨ ਦਾ ਸੱਦਾ ਦਿੱਤਾ ਗਿਆ। ਮੂਵਮੈਂਟ ਦੇ ਪ੍ਰਧਾਨ ਭਾਈ ਮੋਹਕਮ ਸਿੰਘ ਨੇ ਸਪੱਸ਼ਟ ਕੀਤਾ ਕਿ ਲਹਿਰ ਆਨੰਦਪੁਰ ਦੇ ਮਤੇ ਦੀ ਭਾਵਨਾ ਅਨੁਸਾਰ ਸੰਘਰਸ਼ ਕਰੇਗੀ ਜਦੋਂਕਿ ਮੂਵਮੈਂਟ ਦੇ ਜਨਰਲ ਸਕੱਤਰ ਗੁਰਦੀਪ ਸਿੰਘ ਬਠਿੰਡਾ ਨੇ ਲਹਿਰ ਦੇ ਉਦੇਸ਼ਾਂ ਤੇ ਪ੍ਰਾਪਤੀ ਦੇ ਢੰਗ ਤਰੀਕਿਆਂ ਬਾਰੇ ਜਾਣਕਾਰੀ ਦਿੱਤੀ।

ਕਨਵੈਨਸ਼ਨ ਵਿਚ ਭਾਈ ਬਲਵੰਤ ਸਿੰਘ ਰਾਜੋਆਣਾ ਤੇ ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ਼ ਕਰਨ, ਭਾਈ ਕੁਲਬੀਰ ਸਿੰਘ ਬੜਾ ਪਿੰਡ, ਭਾਈ ਦਲਜੀਤ ਸਿੰਘ ਬਿੱਟੂ, ਜਗਤਾਰ ਸਿੰਘ ਹਵਾਰਾ, ਲਾਲ ਸਿੰਘ ਸਮੇਤ ਸਿੱਖ ਰਾਜਸੀ ਕੈਦੀਆਂ ਦੀ ਰਿਹਾਈ ਮੰਗੀ ਗਈ। ਦੇਸ਼ ਤੇ ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਦੀਆਂ ਕਾਲੀਆਂ ਸੂਚੀਆਂ ਖਤਮ ਕਰਨ ਦੀ ਮੰਗ ਵੀ ਕੀਤੀ ਗਈ। ਕਨਵੈਨਸ਼ਨ ਵਿਚ ਪਾਸ ਕੀਤੇ ਮਤਿਆਂ ਵਿਚ ਪੰਜਾਬ ਵਿਚ ਮਾਰੇ ਗਏ ਖਾੜਕੂਆਂ ਦੇ ਪਰਿਵਾਰਾਂ ਤੇ ਇਸ ਦੌਰਾਨ ਮਾਰੇ ਗਏ ਹਰ ਵਿਅਕਤੀ ਦੇ ਪਰਿਵਾਰਾਂ ਲਈ ਘੱਟੋ ਘੱਟ 10 ਲੱਖ ਰੁਪਏ ਜਾਂ ਪਰਿਵਾਰ ਦੇ ਇਕ ਜੀਅ ਨੂੰ ਨੌਕਰੀ ਦੇਣ ਦੀ ਮੰਗ ਕੀਤੀ ਗਈ।

# ਸ੍ਰੀ ਹਰਿਮੰਦਰ ਸਾਹਿਬ 'ਚ ਸੁਰੱਖਿਆ ਪ੍ਰਬੰਧਾਂ 'ਤੇ ਸਵਾਲ

## ਪਰਿਕਰਮਾ ਵਿਚੋਂ ਹੋਇਆ ਬੱਚਾ ਅਗਵਾ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਅੰਦਰ ਸੁਰੱਖਿਆ ਪ੍ਰਬੰਧਾਂ 'ਤੇ ਸਵਾਲ ਖੜ੍ਹਾ ਹੋ ਗਿਆ ਹੈ। ਲੰਘੇ ਦਿਨੀਂ ਮੱਥਾ ਟੇਕਣ ਲਈ ਆਏ ਫਿਰੋਜ਼ਪੁਰ ਦੇ ਇਕ ਪਰਿਵਾਰ ਦੇ ਸਾਢੇ ਤਿੰਨ ਸਾਲ ਦੇ ਬੱਚੇ ਨੂੰ ਇਕ ਔਰਤ ਤੇ ਉਸ ਦੇ ਸਾਥੀ ਚੁੱਕ ਕੇ ਲੈ ਗਏ। ਇਸ ਘਟਨਾ ਕਾਰਨ ਸ਼੍ਰੋਮਣੀ ਕਮੇਟੀ ਵੱਲੋਂ ਭਵਿੱਖ ਵਿਚ ਹੋਰ ਸਖ਼ਤ ਸੁਰੱਖਿਆ ਪ੍ਰਬੰਧ ਕਰਨ ਦਾ ਫੈਸਲਾ ਕੀਤਾ ਗਿਆ ਹੈ। ਮਾਮਲਾ ਮੀਡੀਆ ਵਿਚ ਆਉਣ ਕਾਰਨ ਅਗਲੇ ਦਿਨ ਗੁਰਦੁਆਰਾ ਸ਼ਹੀਦਾਂ ਤੋਂ ਇਹ ਬੱਚਾ ਸੁਰੱਖਿਅਤ ਮਿਲ ਗਿਆ ਪਰ ਉਸ ਦੇ ਕੇਸ ਕੱਟੇ ਹੋਏ ਸਨ।

ਇਸ ਬੱਚੇ ਦੀ ਸ਼ਨਾਖਤ ਗੁਰਮਿਲਾਪ ਸਿੰਘ ਵਜੋਂ ਹੋਈ ਹੈ ਜੋ ਆਪਣੇ ਪਰਿਵਾਰ ਨਾਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਲਈ ਆਇਆ ਸੀ। ਇਥੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਦੇਖਣ ਤੋਂ ਬਾਅਦ ਮਾਮਲਾ ਸਪੱਸ਼ਟ ਹੋਇਆ ਕਿ ਸਾਢੇ ਤਿੰਨ ਸਾਲਾਂ ਦੇ ਮਾਸੂਮ ਬੱਚੇ ਗੁਰਮਿਲਾਪ ਸਿੰਘ ਨੂੰ ਰਾਤ ਤਕਰੀਬਨ ਸਵਾ 12 ਵਜੇ ਇਕ ਔਰਤ ਸੁੱਤੇ ਹੋਏ ਨੂੰ ਚੁੱਕ ਕੇ ਲੈ ਗਈ। ਬੱਚੇ ਨੂੰ ਚੁੱਕਣ ਸਮੇਂ ਭਾਵੇਂ ਉਹ ਇਕੱਲੀ ਸੀ ਪਰ ਬਾਅਦ ਵਿਚ ਉਸ ਨਾਲ ਉਸ ਦੇ ਤਿੰਨ ਹੋਰ ਸਾਥੀ ਮਿਲ ਗਏ ਜਿਨ੍ਹਾਂ ਵਿਚ ਇਕ ਔਰਤ ਵੀ ਸ਼ਾਮਲ ਸੀ। ਇਹ ਚਾਰੇ ਜਣੇ ਬੱਚੇ ਨੂੰ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਤੋਂ ਬਾਹਰ ਨਿਕਲ ਗਏ।



*ਬੱਚਾ ਮਿਲਣ ਤੋਂ ਬਾਅਦ ਪਰਿਵਾਰ ਦੇ ਜੀਅ।*

ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਇਸ ਢੰਗ ਨਾਲ ਬੱਚਾ ਅਗਵਾ ਕੀਤੇ ਜਾਣ ਦੀ ਇਹ ਪਹਿਲੀ ਘਟਨਾ ਹੈ। ਇਸ ਘਟਨਾ ਦੇ ਵਾਪਰਨ ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਸ ਦਾ ਗੰਭੀਰ ਨੋਟਿਸ ਲਿਆ। ਉਨ੍ਹਾਂ ਆਖਿਆ ਕਿ ਕਮੇਟੀ ਦੇ ਵਧੇਰੇ ਸੁਰੱਖਿਆ ਕਰਮਚਾਰੀ ਤਾਇਨਾਤ ਕੀਤੇ ਜਾਣਗੇ ਤਾਂ ਜੋ ਗੁਰੂਘਰ ਆਉਣ ਵਾਲੀ ਸੰਗਤ ਦੀ ਦਿਨ ਰਾਤ ਨਿਗਰਾਨੀ ਕੀਤੀ ਜਾ ਸਕੇ। ਜਲਦੀ ਹੀ ਸਮੁੱਚੀ ਸਥਿਤੀ ਦੀ ਸਮੀਖਿਆ ਕਰਕੇ ਇਸ ਬਾਰੇ ਅਗਲਾ ਫੈਸਲਾ ਕੀਤਾ ਜਾਵੇਗਾ।

# ਜਲ੍ਹਿਆਂਵਾਲਾ ਕਾਂਡ: ਪੀੜਤਾਂ ਨੂੰ ਬਰਤਾਨਵੀ ਸਰਕਾਰ ਤੋਂ ਮੁਆਵਜ਼ੇ ਦੀ ਉਮੀਦ



**ਅੰਮ੍ਰਿਤਸਰ:** ਅਫ਼ਰੀਕਾ ਦੇ ਮੁਲਕ ਕੀਨੀਆ ਵਿਚ ਬਸਤੀਵਾਦ ਵੇਲੇ ਬਰਤਾਨਵੀ ਹੁਕਮਰਾਨਾਂ ਦੇ ਤਸ਼ੱਦਦ ਦਾ ਸ਼ਿਕਾਰ ਬਣੇ ਲੋਕਾਂ ਨੂੰ ਹੁਣ ਬਰਤਾਨਵੀ ਸਰਕਾਰ ਵੱਲੋਂ 13 ਮਿਲੀਅਨ ਪੌਂਡ ਦਾ ਮੁਆਵਜ਼ਾ ਦੇਣ ਦੇ ਕੀਤੇ ਫ਼ੈਸਲੇ ਨਾਲ ਜਲ੍ਹਿਆਂਵਾਲਾ ਬਾਗ ਕਾਂਡ ਦੇ ਪੀੜਤ ਪਰਿਵਾਰਾਂ ਨੂੰ ਵੀ ਆਸ ਬੱਝੀ ਹੈ ਕਿ ਸ਼ਾਇਦ ਅਜਿਹਾ ਮੁਆਵਜ਼ਾ ਬਰਤਾਨੀਆ ਸਰਕਾਰ ਉਨ੍ਹਾਂ ਨੂੰ ਵੀ ਮੁਹੱਈਆ ਕਰੇਗੀ।

ਹਾਲ ਹੀ ਵਿਚ ਬਰਤਾਨੀਆ ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ 1950 ਤੋਂ 1960 ਦੌਰਾਨ ਬਸਤੀਵਾਦ ਵੇਲੇ ਅਫ਼ਰੀਕਾ ਦੇ ਮੁਲਕ ਕੀਨੀਆ ਵਿਚ ਅੰਗਰੇਜ਼ੀ ਹੁਕਮਰਾਨਾਂ ਦੇ ਤਸ਼ੱਦਦ ਦਾ ਸ਼ਿਕਾਰ ਹੋਏ ਪੀੜਤ ਲੋਕਾਂ ਨੂੰ ਮੁਆਵਜ਼ਾ ਦਿੱਤਾ ਜਾਵੇ। ਅਜਿਹਾ ਫ਼ੈਸਲਾ ਬਰਤਾਨੀਆ ਸਰਕਾਰ ਵੱਲੋਂ ਪਹਿਲੀ ਵਾਰ ਕੀਤਾ ਗਿਆ ਹੈ। ਇਸ ਫ਼ੈਸਲੇ ਤੋਂ ਬਾਅਦ ਇਥੇ ਅੰਮ੍ਰਿਤਸਰ ਵਿਖੇ 13 ਅਪਰੈਲ, 1919 ਨੂੰ ਵਾਪਰੇ ਜਲ੍ਹਿਆਂਵਾਲਾ ਬਾਗ ਕਾਂਡ ਦੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਵੀ ਆਸ ਬੱਝੀ ਹੈ।

ਜਲ੍ਹਿਆਂਵਾਲਾ ਬਾਗ ਘਟਨਾ ਨੂੰ ਵਾਪਰਿਆਂ 94 ਸਾਲ ਬੀਤ ਗਏ ਹਨ ਤੇ ਮੁਲਕ ਨੂੰ ਆਜ਼ਾਦ ਹੋਇਆਂ ਵੀ 65 ਸਾਲ ਹੋ ਚੁੱਕੇ ਹਨ ਪਰ ਇਸ ਸਾਕੇ ਦੇ ਪੀੜਤ ਪਰਿਵਾਰਾਂ ਦਾ ਮੁਆਵਜ਼ੇ ਸਬੰਧੀ ਮਾਮਲਾ ਕਦੇ ਵੀ ਠੋਸ ਢੰਗ ਨਾਲ ਨਹੀਂ ਸੁਣਿਆ ਗਿਆ। ਹੁਣ ਵੀ ਜਦੋਂ ਬਰਤਾਨੀਆ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ 20 ਫਰਵਰੀ ਨੂੰ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਆਏ ਸਨ ਤਾਂ ਉਨ੍ਹਾਂ ਜਲ੍ਹਿਆਂਵਾਲਾ ਬਾਗ ਦਾ ਵੀ ਦੌਰਾ ਕੀਤਾ।

ਉਸ ਵੇਲੇ ਵੀ ਸ਼ਹੀਦਾਂ ਦੇ ਪਰਿਵਾਰਾਂ ਨੇ ਬਰਤਾਨਵੀ ਪ੍ਰਧਾਨ ਮੰਤਰੀ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਸੀ ਪਰ ਸਥਾਨਕ ਪ੍ਰਸ਼ਾਸਨ ਨੇ ਇਨ੍ਹਾਂ ਪਰਿਵਾਰਾਂ ਦੇ ਯਤਨ ਨੂੰ ਸਫ਼ਲ ਨਹੀਂ ਹੋਣ ਦਿੱਤਾ। ਬਰਤਾਨਵੀ ਪ੍ਰਧਾਨ ਮੰਤਰੀ ਜਲ੍ਹਿਆਂਵਾਲਾ ਬਾਗ ਦੇ ਦੌਰੇ ਸਮੇਂ ਉਨ੍ਹਾਂ ਦੇ ਪੁਰਖਿਆਂ ਵੱਲੋਂ ਕੀਤੀ ਗਈ ਇਸ ਗਲਤੀ ਨੂੰ ਹੌਲਨਾਕ ਕਾਰਾ ਦੱਸ ਕੇ ਗਏ ਹਨ ਤੇ ਇਸ 'ਤੇ ਸ਼ਰਮਿੰਦਗੀ ਦਾ ਵੀ ਪ੍ਰਗਟਾਵਾ ਕੀਤਾ ਹੈ।

ਜਲ੍ਹਿਆਂਵਾਲਾ ਬਾਗ ਘਟਨਾ ਵਿਚ ਮਾਰੇ ਗਏ ਲਾਲਾ ਹਰੀ ਰਾਮ ਬਹਿਲ ਦੇ ਪੋਤਰੇ ਭੂਸ਼ਣ ਬਹਿਲ (65 ਸਾਲ) ਨੇ ਕਿਹਾ ਕਿ ਬਰਤਾਨੀਆ ਸਰਕਾਰ ਦੇ ਤਾਜ਼ਾ ਫ਼ੈਸਲੇ ਨਾਲ ਪੀੜਤ ਪਰਿਵਾਰਾਂ ਨੂੰ ਇਕ ਵਾਰ ਮੁੜ ਮੁਆਵਜ਼ਾ ਮਿਲਣ ਦੀ ਆਸ ਬੱਝੀ ਹੈ। ਸ੍ਰੀ ਬਹਿਲ ਨੇ ਦੱਸਿਆ ਕਿ ਜਦੋਂ ਉਸ ਦੇ ਦਾਦਾ ਜਲ੍ਹਿਆਂਵਾਲਾ ਬਾਗ ਘਟਨਾ ਵਿਚ ਮਾਰੇ ਗਏ ਸਨ, ਉਸ ਵੇਲੇ ਉਸ ਦੇ ਪਿਤਾ ਜਗਦੀਸ਼ ਚੰਦਰ ਬਹਿਲ ਸਿਰਫ ਡੇਢ ਸਾਲ ਦੇ ਸਨ ਜਿਸ ਕਾਰਨ ਪਰਿਵਾਰ ਨੂੰ ਉਸ ਵੇਲੇ ਡਾਹਢਾ ਔਖਾ ਸਮਾਂ ਦੇਖਣਾ ਪਿਆ।

ਇਕ ਹੋਰ ਪੀੜਤ ਪਰਿਵਾਰ ਦੇ ਮੈਂਬਰ ਸੁਨੀਲ ਕਪੂਰ (37 ਸਾਲ) ਨੇ ਦੱਸਿਆ ਕਿ ਉਸਦੇ ਦਾਦਾ ਵਾਸੂ ਮਲਿਕ ਕਪੂਰ ਨੂੰ 1919 ਵਿਚ ਜਲ੍ਹਿਆਂਵਾਲਾ ਬਾਗ ਵਿਚ ਗੋਲੀ ਲੱਗੀ ਸੀ ਅਤੇ ਉਹ ਘਟਨਾ ਤੋਂ ਤਿੰਨ ਦਿਨ ਬਾਅਦ ਜ਼ਖ਼ਮਾਂ ਦੀ ਤਾਬ ਨਾ ਸਹਿੰਦੇ ਹੋਏ ਦਮ ਤੋੜ ਗਏ ਸਨ। ਉਸ ਸਮੇਂ ਉਸ ਦੀ ਦਾਦੀ ਪੂਰਨ ਦੇਵੀ ਕੇਵਲ 18 ਵਰ੍ਹਿਆਂ ਦੀ ਉਮਰ ਵਿਚ ਵਿਧਵਾ ਹੋ ਗਈ ਸੀ ਤੇ ਉਸਦੇ ਤਿੰਨ ਬੱਚੇ ਸਨ। ਉਨ੍ਹਾਂ ਦੱਸਿਆ ਕਿ ਉਸ ਦੇ ਪਿਤਾ ਜਗਦੀਸ਼ ਲਾਲ ਕਪੂਰ ਸਿਰਫ ਦੋ ਸਾਲ ਦੇ ਸਨ ਤੇ ਉਸ ਵੇਲੇ ਪਰਿਵਾਰ ਨੂੰ ਪਾਲਣ ਲਈ ਡਾਹਢਾ ਔਖਾ ਸਮਾਂ ਹੰਢਾਉਣਾ ਪਿਆ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੇ ਪਰਿਵਾਰ ਨੂੰ ਉਸ ਵੇਲੇ ਤੋਂ ਲੈ ਕੇ ਹੁਣ ਤੱਕ ਕੋਈ ਮੁਆਵਜ਼ਾ ਨਹੀਂ ਮਿਲਿਆ ਹੈ। ਉਸ ਨੇ ਆਸ ਪ੍ਰਗਟਾਈ ਕਿ ਬਰਤਾਨੀਆ ਸਰਕਾਰ ਜਲ੍ਹਿਆਂਵਾਲਾ ਬਾਗ ਕਾਂਡ ਦੇ ਪੀੜਤ ਪਰਿਵਾਰਾਂ ਦਾ ਮਾਮਲਾ ਵੀ ਹਮਦਰਦੀ ਨਾਲ ਵਿਚਾਰੇਗੀ। ਜ਼ਿਕਰਯੋਗ ਹੈ ਕਿ ਜਲ੍ਹਿਆਂਵਾਲਾ ਬਾਗ ਕਾਂਡ ਵਿਚ ਸ਼ਹੀਦ ਹੋਏ ਵਿਅਕਤੀਆਂ ਦੇ ਪਰਿਵਾਰਾਂ ਨੂੰ 2008 ਵਿਚ ਕੇਂਦਰ ਸਰਕਾਰ ਵੱਲੋਂ ਆਜ਼ਾਦੀ ਘੁਲਾਟੀਆਂ ਦਾ ਦਰਜਾ ਦਿੱਤਾ ਗਿਆ ਸੀ ਪਰ ਇਨ੍ਹਾਂ ਪਰਿਵਾਰਾਂ ਨੂੰ ਕੋਈ ਰਾਹਤ ਜਾਂ ਮੁਆਵਜ਼ਾ ਨਹੀਂ ਮਿਲਿਆ ਹੈ।

ਇਸ ਸਬੰਧੀ ਪੀੜਤ ਪਰਿਵਾਰਾਂ ਵੱਲੋਂ ਇਕ ਸਾਂਝੀ ਪਟੀਸ਼ਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦਾਇਰ ਕੀਤੀ ਹੋਈ ਹੈ ਜਿਸਦੇ ਆਧਾਰ 'ਤੇ ਅਦਾਲਤ ਨੇ ਕੇਂਦਰ ਅਤੇ ਸੂਬਾ ਸਰਕਾਰ ਨੂੰ ਆਦੇਸ਼ ਦਿੱਤੇ ਹਨ ਕਿ ਉਹ ਜਲ੍ਹਿਆਂਵਾਲਾ ਬਾਗ ਸ਼ਹੀਦਾਂ ਦੇ ਪਰਿਵਾਰਾਂ ਨੂੰ ਮਾਨਤਾ ਦੇਣ ਲਈ ਇਸ ਬਾਰੇ ਨੀਤੀ ਵਿਚ ਲੋੜੀਂਦੀ ਸੋਧ ਕਰੇ।

# ਗੁਰਦੁਆਰਾ ਸਟਰਲਿੰਗ ਹਾਈਟਸ ਵਿਖੇ ਨਿਸ਼ਾਨ ਸਾਹਿਬ ਝੁਲਾਏ ਗਏ

**ਮੈਡੀਸਨ ਹਾਈਟਸ, ਮਿਸ਼ੀਗਨ (ਬਿਊਰੋ):** 'ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ' ਦੇ ਸਿੱਖ ਅਕੀਦੇ ਅਨੁਸਾਰ ਗੁਰਦੁਆਰਾ ਸਿੱਖ ਸੁਸਾਇਟੀ, ਮਿਸ਼ੀਗਨ ਦੀ ਨਵੀਂ ਇਮਾਰਤ ਵਿਚ ਲੰਘੀ ਪਹਿਲੀ ਜੂਨ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ। ਇਥੇ ਜ਼ਿਕਰਯੋਗ ਹੈ ਕਿ ਸੰਗਤਾਂ ਦੇ ਯਤਨਾਂ ਨਾਲ ਉਸਾਰੀ ਗਈ ਨਵੀਂ ਇਮਾਰਤ ਦਾ ਉਦਘਾਟਨ ਪਿਛਲੇ ਸਾਲ ਪਹਿਲੀ ਸਤੰਬਰ ਨੂੰ ਹੋਇਆ ਸੀ।



ਨਵੀਂ ਇਮਾਰਤ ਵਿਚ ਸਿੱਖੀ ਦੀ ਆਨ ਸ਼ਾਨ ਸਾਂਝੀਵਾਲਤਾ ਦੇ ਪ੍ਰਤੀਕ, ਕੌਮੀਅਤ ਦਾ ਸੂਚਕ ਨਿਸ਼ਾਨ ਸਾਹਿਬ ਝੁਲਾਉਣ ਦੀ ਰਸਮ ਉਚੇਚੇ ਤੌਰ 'ਤੇ ਪਹੁੰਚੇ ਬਾਬਾ ਸੇਵਾ ਸਿੰਘ ਕਾਰਸੇਵਾ ਖਡੂਰ ਸਾਹਿਬ ਵਾਲਿਆਂ ਨੇ ਗੁਰੂ ਕਿਰਪਾ ਨਾਲ ਨਿਭਾਈ। ਇਸ ਤੋਂ ਪਹਿਲਾਂ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਕੀਰਤਨੀ ਜਥੇ ਭਾਈ ਗੁਰਮੀਤ ਸਿੰਘ ਗੁਰਦਾਸਪੁਰ ਵਾਲਿਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ।

ਸੰਗਤਾਂ ਨੂੰ ਸੰਬੋਧਨ ਕਰਦਿਆਂ ਬਾਬਾ ਸੇਵਾ ਸਿੰਘ ਨੇ ਖਡੂਰ ਸਾਹਿਬ ਅਤੇ ਪੰਜਾਬ ਤੋਂ ਬਾਹਰ ਚਲਾਏ ਜਾ ਰਹੇ ਵਿਦਿਆਕ ਅਦਾਰਿਆਂ ਅਤੇ ਵਾਤਾਵਰਣ ਸੰਭਾਲ ਲਈ ਕੀਤੇ ਜਾ ਰਹੇ ਉਪਰਾਲਿਆਂ ਉਪਰ ਰੋਸ਼ਨੀ ਪਾਈ। ਬਾਬਾ ਸੇਵਾ ਸਿੰਘ ਦੇ ਨਾਲ ਆਏ ਹੋਏ ਪ੍ਰਿੰਸੀਪਲ ਗੁਰਦਿਆਲ ਸਿੰਘ ਨੇ ਖਡੂਰ ਸਾਹਿਬ ਦਾ ਇਤਿਹਾਸਕ ਪਿਛੋਕੜ ਦੱਸਦਿਆਂ ਮੌਜੂਦਾ ਸਮੇਂ ਚੱਲ ਰਹੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ। ਇਸ ਸਮਾਗਮ ਵਿਚ ਹਾਜ਼ਰੀ ਲੁਆਉਣ ਲਈ ਮਿਸ਼ੀਗਨ ਸਟੇਟ ਤੋਂ ਇਲਾਵਾ ਵਿੰਡਸਰ ਤੇ ਟੋਰਾਂਟੋ ਤੋਂ ਵੀ ਸੰਗਤਾਂ ਪਹੁੰਚੀਆਂ ਹੋਈਆਂ ਸਨ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਭਾਈ ਰਣਜੀਤ ਸਿੰਘ ਗਿੱਲ ਅਤੇ ਮੁੱਖ ਸਕੱਤਰ ਗੁਰਵਿੰਦਰ ਸਿੰਘ ਨੇ ਗੁਰੂ ਘਰ ਦੀ ਤਸਵੀਰ ਵਾਲਾ ਮਾਣ-ਪੱਤਰ ਦੇ ਕੇ ਉਨ੍ਹਾਂ ਦਾ ਆਦਰ ਸਤਿਕਾਰ ਕੀਤਾ। ਸੰਗਤਾਂ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕਰਦਿਆਂ ਆਪਸੀ ਪ੍ਰੇਮ ਅਤੇ ਇਤਫਾਕ ਬਖਸ਼ਣ ਲਈ ਗੁਰੂ ਚਰਨਾਂ ਵਿਚ ਅਰਦਾਸ ਕੀਤੀ।

9 ਜੂਨ ਐਤਵਾਰ ਨੂੰ ਜੂਨ 1984 ਦੇ ਸ਼ਹੀਦਾਂ ਦੀ ਯਾਦ ਵਿਚ ਘੱਲੂਘਾਰਾ ਦਿਵਸ ਮਨਾਇਆ ਗਿਆ। ਅਖੰਡ ਪਾਠ ਦੇ ਭੋਗ ਉਰਪੰਤ ਭਾਈ ਗੁਰਮੀਤ ਸਿੰਘ ਗੁਰਦਾਸਪੁਰ ਵਾਲਿਆਂ ਦੇ ਕੀਰਤਨੀ ਜਥੇ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਪੰਜਾਬੀ ਕਲਾਸ ਦੇ ਬੱਚਿਆਂ ਨੇ ਸ਼ਬਦ ਕੀਰਤਨ ਰਾਹੀਂ ਹਾਜ਼ਰੀ ਲੁਆਈ। ਉਥੇ ਕਥਾਵਾਚਕ ਭਾਈ ਅਨੂਪ ਸਿੰਘ ਅੰਮ੍ਰਿਤਸਰ ਵਾਲੇ ਜੋ 3 ਜੂਨ ਤੋਂ 8 ਜੂਨ ਤੱਕ ਸ਼ਾਮ ਦੇ ਦੀਵਾਨਾਂ 'ਚ ਪੁਰਾਤਨ ਅਤੇ ਅਜੋਕੇ ਸ਼ਹੀਦਾਂ ਦੀ ਗਾਥਾ ਸੰਗਤਾਂ ਨੂੰ ਸੁਣਾਉਂਦੇ ਆ ਰਹੇ ਸਨ, ਨੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਸਿੱਖ ਇਤਿਹਾਸ ਸਰਵਣ ਕਰਵਾਇਆ।





# ਠਾਕਰ ਸਿੰਘ ਬਸਾਤੀ ਪੀ ਓ ਸੀ ਦੇ ਬੋਰਡ ਮੈਂਬਰ ਬਣੇ

**ਸ਼ਿਕਾਗੋ (ਬਿਊਰੋ):** ਸ. ਠਾਕਰ ਸਿੰਘ ਬਸਾਤੀ ਪੈਲਾਟਾਈਨ ਅਪਰਚੁਨਿਟੀ ਸੈਂਟਰ (ਪੀ ਓ ਸੀ) ਦੇ ਦੋ ਸਾਲ ਲਈ ਸਰਬਸੰਮਤੀ ਨਾਲ ਬੋਰਡ ਮੈਂਬਰ ਚੁਣੇ ਗਏ ਹਨ। ਜ਼ਿਕਰਯੋਗ ਹੈ ਕਿ ਸ. ਬਸਾਤੀ ਉਸ ਕਮੇਟੀ ਦੇ ਮੈਂਬਰ ਸਨ ਜਿਸ ਨੇ ਪੀ ਓ ਸੀ ਦੀ ਮੌਜੂਦਾ ਇਮਾਰਤ ਖਰੀਦੀ ਸੀ। ਇਸ ਸੈਂਟਰ ਦਾ ਮਨੋਰਥ ਆਲੇ ਦੁਆਲੇ ਵਸਦੇ ਭਾਈਚਾਰੇ ਦੀ ਸਮਾਜਿਕ ਤਰੱਕੀ ਵਿਚ ਹਿੱਸਾ ਪਾਉਣਾ ਹੈ। ਇਹ ਸੈਂਟਰ, ਜਿਸ ਨੂੰ 'ਵਿਜ਼ਨ ਇਨ ਪ੍ਰਾਗਰੈਸ' ਦਾ ਨਾਂ ਦਿੱਤਾ ਗਿਆ, ਤਤਕਾਲੀ ਮੇਅਰ ਰੀਟਾ ਮੁਲਿਨ, ਜੋ ਸਿੱਖ ਭਾਈਚਾਰੇ ਦੀ ਵੱਡੀ ਹਮਾਇਤੀ ਸੀ, ਵਲੋਂ ਬਣਾਇਆ ਗਿਆ ਸੀ। ਉਸ ਸਮੇਂ ਸਥਾਨਕ ਸਿੱਖ ਭਾਈਚਾਰੇ ਦੇ ਮਹਿੰਦਰਜੀਤ ਸਿੰਘ ਸੈਣੀ ਵੀ ਮੈਂਬਰ ਸਨ।



ਠਾਕਰ ਸਿੰਘ ਬਸਾਤੀ

ਸ. ਬਸਾਤੀ ਨੇ ਦੱਸਿਆ ਕਿ ਪੀ ਓ ਸੀ ਸੈਂਟਰ ਰਾਹੀਂ ਮੁਫਤ ਮੈਡੀਕਲ ਕਲੀਨਿਕ ਚਲਾਈ ਜਾਂਦੀ ਹੈ ਅਤੇ ਇਸ ਵਿਚ ਬੱਚਿਆਂ ਦੀ ਨਰਸਰੀ ਅਤੇ ਪਾਰਕ ਡਿਸਟ੍ਰਿਕਟ ਰੂਮ ਵੀ ਹੈ। ਹਾਰਪਰ ਕਾਲਜ ਵਲੋਂ ਮੁਫਤ ਕੰਪਿਊਟਰ ਕਲਾਸਾਂ, ਦੂਜੀ ਭਾਸ਼ਾ ਵਜੋਂ ਅੰਗਰੇਜ਼ੀ ਦੀ ਪੜ੍ਹਾਈ ਅਤੇ ਹੋਰ ਸਹੂਲਤਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ। ਇਹ ਸੈਂਟਰ 1585 ਨਾਰਥ ਰੈਂਡ ਰੋਡ ਉਪਰ ਸਥਿਤ ਹੈ।

ਜ਼ਿਕਰਯੋਗ ਹੈ ਕਿ ਸ. ਬਸਾਤੀ ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ ਦੇ ਬਾਨੀ ਕਾਰਜਕਾਰੀ ਸਕੱਤਰ, ਪੰਜਾਬੀ ਕਲਚਰਲ ਸੁਸਾਇਟੀ ਦੇ ਬਾਨੀ ਪ੍ਰਧਾਨ ਅਤੇ ਹੋਰ ਬਹੁਤ ਸਾਰੀਆਂ ਸੰਸਥਾਂਵਾਂ ਦੇ ਅਹੁਦਿਆਂ 'ਤੇ ਰਹਿ ਚੁਕੇ ਹਨ। ਉਹ ਏਸ਼ੀਅਨ ਅਮੈਰਿਕਨ ਸੀਨੀਅਰ ਐਸੋਸੀਏਸ਼ਨ ਦੇ ਕੋਆਰਡੀਨੇਟਰ ਵੀ ਹਨ। ਉਨ੍ਹਾਂ ਨਾਲ ਸੰਪਰਕ ਫੋਨ 847-736-6092 ਰਾਹੀਂ ਕੀਤਾ ਜਾ ਸਕਦਾ ਹੈ।

www.punjabtimesusa.com

# ਗੁਰਦੁਆਰਾ ਡੈਲਸ ਦੀਆਂ ਸੰਗਤਾਂ ਨੇ ਮਨਾਇਆ ਘੱਲੂਘਾਰਾ ਹਫਤਾ

**ਡੈਲਸ, ਟੈਕਸਸ (ਹਰਜੀਤ ਢੇਸੀ):** ਸਥਾਨਕ ਗੁਰਦੁਆਰਾ ਸਿੰਘ ਸਭਾ ਵਿਖੇ ਜੂਨ 1984 ਵਿਚ ਹੋਏ ਅਪਰੇਸ਼ਨ ਬਲੂ ਸਟਾਰ ਵਿਰੁਧ ਸਿੱਖ ਭਾਵਨਾਵਾਂ ਪ੍ਰਗਟਾਉਣ ਲਈ ਘੱਲੂਘਾਰਾ ਹਫਤਾ ਮਨਾਇਆ ਗਿਆ। ਇਸ ਹਫਤੇ ਦੌਰਾਨ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਜਸਵੰਤ ਸਿੰਘ, ਭਾਈ ਹਰਨਾਮ ਸਿੰਘ ਅਤੇ ਭਾਈ ਦਵਿੰਦਰ ਸਿੰਘ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕਰਦਿਆਂ ਸਿੱਖ ਸੰਗਤਾਂ ਨੂੰ ਗੁਰੂ ਨਾਲ ਜੋੜਿਆ।





ਲੰਘੇ ਐਤਵਾਰ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਸੰਗਤਾਂ ਨੂੰ ਸੰਬੋਧਨ ਕਰਦਿਆਂ ਗੁਰਦੁਆਰਾ ਸਿੰਘ ਸਭਾ ਦੇ ਮੁੱਖ ਸੇਵਾਦਾਰ ਭਾਈ ਸੁਰਿੰਦਰ ਸਿੰਘ ਗਿੱਲ ਨੇ ਕਿਹਾ ਕਿ ਜੂਨ 1984 ਤੋਂ ਪਹਿਲਾਂ ਅਤੇ ਬਾਅਦ ਭਾਰਤੀ ਏਜੰਸੀਆਂ ਨੇ ਹਿੰਦੂਆਂ ਅਤੇ ਸਿੱਖਾਂ ਵਿਚਾਲੇ ਬੇਵਿਸ਼ਵਾਸੀ ਦੀ ਭਾਵਨਾ ਉਤਪਨ ਕੀਤੀ। ਸਿੱਖਾਂ ਨੂੰ ਫਿਰਕੂ, ਅਤਿਵਾਦੀ, ਦਹਿਸ਼ਤਗਰਦ ਅਤੇ ਵੱਖਵਾਦੀ ਅਤੇ ਦੇਸ਼ ਵਿਰੋਧੀ ਕਹਿ ਕੇ ਭੰਡਿਆ। ਉਨ੍ਹਾਂ ਦੋਸ਼ ਲਾਇਆ ਕਿ ਸਿੱਖ ਕੌਮ ਵਿਰੁਧ ਜ਼ਹਿਰੀਲਾ ਪ੍ਰਚਾਰ ਕਰਨ ਵਿਚ ਭਾਰਤੀ ਏਜੰਸੀਆਂ ਦੇ ਨਾਲ ਆਪਣੇ ਆਪ ਨੂੰ ਧਰਮ ਨਿਰਪੇਖ ਦੱਸਣ ਵਾਲੀਆਂ ਦੋਹਾਂ ਕਮਿਊਨਿਸਟ ਪਾਰਟੀਆਂ ਸਮੇਤ ਸਿਆਸੀ ਪਾਰਟੀਆਂ ਨੇ ਸਿੱਖਾਂ ਵਿਰੁਧ ਪ੍ਰਚਾਰ ਅਤੇ ਅਪਰੇਸ਼ਨ ਬਲੂ ਸਟਾਰ ਲਈ ਜ਼ਮੀਨ ਤਿਆਰ ਕਰਨ ਲਈ ਆਪਣਾ ਪੂਰਾ ਤਾਣ ਲਾ ਦਿੱਤਾ।

ਭਾਈ ਸੁਰਿੰਦਰ ਸਿੰਘ ਨੇ ਕਿਹਾ ਕਿ ਅਕਾਲੀ ਲਾਣਾ ਵੀ ਭਾਰਤ ਸਰਕਾਰ ਦੀ ਇਸ ਸਾਜ਼ਿਸ਼ ਵਿਚ ਸ਼ਾਮਲ ਸੀ ਅਤੇ ਉਨ੍ਹਾਂ ਸਾਕਾ ਨੀਲਾ ਤਾਰਾ ਦੀ ਅੰਦਰੋਂ ਲੁਕੇ-ਛਿਪੇ ਹਮਾਇਤ ਕੀਤੀ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਹਰਜੀਤ ਸਿੰਘ ਹੋਠੀ ਨੇ ਵੀ ਆਪਣੇ ਵਿਚਾਰਾਂ ਦੀ ਸਾਂਝ ਪਾਈ ਅਤੇ ਇਕ ਜੋਸ਼ੀਲੀ ਕਵਿਤਾ ਵੀ ਪੜ੍ਹੀ।

ਭਾਈ ਇੰਦਰਜੀਤ ਸਿੰਘ ਅਣਖੀ ਦੇ ਢਾਡੀ ਜਥੇ ਨੇ ਪੂਰਾ ਹਫਤਾ ਸਿੱਖ ਇਤਿਹਾਸ ਅਤੇ ਜੂਨ 1984 ਦੇ ਨੀਲਾ ਤਾਰਾ ਸਾਕੇ ਦੇ ਪ੍ਰਸੰਗ ਵਿਚ ਜੋਸ਼ੀਲੀਆਂ ਵਾਰਾਂ ਗਾਈਆਂ ਜਿਨ੍ਹਾਂ ਰਾਹੀਂ ਸਿੱਖ ਕੌਮ ਦੇ ਲਹੂ ਭਿੱਜੇ ਇਤਿਹਾਸ ਤੋਂ ਜਾਣੂੰ ਕਰਵਾਇਆ।




Sky Entertainment
Photo-Video-DJ-Dhol

ਪੰਜਾਬੀਆਂ ਦੀ ਨੰਬਰ ਇਕ ਭਰੋਸੇਮੰਦ ਡੀ ਜੇ-ਢੋਲ-ਫੋਟੋ-ਵੀਡੀਓ ਕੰਪਨੀ

Rated best in customer satisfaction
ਕਸਟਮਰ ਸਰਵਿਸ ਅਤੇ ਕੁਆਲਿਟੀ ਵਿਚ ਨੰਬਰ ਇਕ

We Specialise in Karizma Album Making










ਫੋਟੋ, ਵੀਡੀਓ, ਡੀ ਜੇ ਪੈਕੇਜ ਦੇ ਨਾਲ ਮਾਡਰਨ ਫੋਟੋ ਬੁਕ ਐਲਬਮ ਮੁਫਤ (ਸੀਮਤ ਸਮੇਂ ਲਈ)

Free Modern Photo book Album with a Photo-Video-DJ package For Limited time only

Sky Entertainment- You can trust us with your memories
Serving all areas in Michigan-Ohio-Indiana-Illinois

Call Gagan: 734-674-1854
www.skymademymemories.com

# ਪੰਜਾਬ ਸਪੋਰਟਸ ਕਲੱਬ, ਕਲੀਵਲੈਂਡ (ਓਹਾਇਓ)

# ਤੀਜਾ ਪੰਜਾਬੀ ਖੇਡ ਅਤੇ ਸਭਿਆਚਾਰਕ ਮੇਲਾ

**ਖੁੱਲ੍ਹਾ ਸੱਦਾ**

## ਸਨਿਚਰਵਾਰ, 22 ਜੂਨ 2013

## ਸਵੇਰੇ 8:30 ਵਜੇ ਤੋਂ ਸ਼ਾਮ 8 ਵਜੇ ਤੱਕ

**ਫਰੀ ਐਂਟਰੀ**
**ਫਰੀ ਖਾਣਾ**

**Longwood Park**
1566 E. Aurora Rd, Macedonia, OH 44056

ਪੰਜਾਬੀ ਮੁਟਿਆਰ ਤੇ ਪੰਜਾਬੀ ਗੱਭਰੂ ਸੁੰਦਰਤਾ ਮੁਕਾਬਲੇ
ਓ ਐਸ ਯੂ ਭੰਗੜਾ ਟੀਮ ਅਤੇ ਗਿੱਧਾ

ਸੁਪਰ ਸਟਾਰ ਬਲਜੀਤ ਮਾਲਵਾ ਅਤੇ ਨਿੰਮਾ ਡੱਲੇਵਾਲਾ ਆਏ ਮੇਲੀਆਂ ਦਾ ਮਨੋਰੰਜਨ ਕਰਨਗੇ



ਬਲਜੀਤ ਮਾਲਵਾ



ਨਿੰਮਾ ਡੱਲੇਵਾਲਾ

ਕਬੱਡੀ ਅੰਡਰ 18,
ਕਬੱਡੀ ਅੰਡਰ 21
ਕਬੱਡੀ ਓਪਨ,
ਵਾਲੀਬਾਲ,
ਬੱਚਿਆਂ ਦੀਆਂ ਦੌੜਾਂ ਅਤੇ ਖੇਡਾਂ,
ਬੀਬੀਆਂ ਲਈ ਦੌੜਾਂ



**For more information, please contact:**

Harjit S. Dhillon (216) 244-5727 (All info)
Mohinder S. Bhela (216) 280-4201 (All info)
Amarjit S. Kang (330) 988-3501 (Volleyball)
Davinder Singh Kahlon (419) 790-9036
Palwinder S. Sohal (216) 375-8463 (Volleyball)
Lakha Sunner (216) 253-6772
Pardeep Singh Rai (216) 799-5015
Davinder Singh (718) 753-8993
Chamkaur Brar (330) 998-2439
Kuldeep Singh Gurai (216) 802-8852
Iqbal S. Boparai (330) 754-9396 (Kabaddi)



ਦਵਿੰਦਰ ਸਿੰਘ ਕਾਹਲੋਂ



ਲੱਖਾ ਸਿੰਘ ਸੁੰਨੜ



ਪਰਦੀਪ ਸਿੰਘ ਰਾਏ



ਦਵਿੰਦਰ ਸਿੰਘ



ਸੁਖਜਿੰਦਰ ਸਿੰਘ ਸੰਧਰ

**For Stalls & Other Information:**
Daljit Singh Dhillon (216) 244-0943
Gurdeep Singh Virk (330) 612-0961

We appreciate all the love and support from all the cleveland and surrounding communities.

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

ਸ਼ੋਹਰਤ ਦੇ ਦੀਵੇ ਵਿਚ ਖੂਨ ਜਿਗਰ ਦਾ ਪੈਂਦਾ ਏ, ਦੁਨੀਆਂ ਵਿਚ ਨਾਮ ਕਮਾਉਣਾ ਸੌਖਾ ਨਹੀਂ ਹੁੰਦਾ।
ਕਾਮਯਾਬ ਨੇ ਜਿਹੜੇ ਉਨ੍ਹਾਂ ਤੋਂ ਸਦਕੇ ਜਾਵਾਂ ਮੈਂ, ਬਾਹਰਲੇ ਮੁਲਕ 'ਚ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ।

# 6ਵਾਂ ਪੰਜਾਬੀ ਖੇਡ ਮੇਲਾ

## 6 ਜੁਲਾਈ 2013 *(ਸਨਿਚਰਵਾਰ, ਸਵੇਰੇ 8:30 ਤੋਂ ਸ਼ਾਮ 8:00 ਵਜੇ ਤੱਕ)*

**Canton Sports Center - Victory Park:** 46555 W. Michigan Ave. Rd., Canton, MI 48188 (Near Beck Rd.)

**ਖੇਡਾਂ: ਕਬੱਡੀ, ਵਾਲੀਬਾਲ, ਸੌਕਰ, ਅਥਲੈਟਿਕਸ**

### ਇਨਾਮ

**ਕਬੱਡੀ ਓਪਨ**
ਪਹਿਲਾ ਇਨਾਮ-7500 ਡਾਲਰ
ਦੂਜਾ ਇਨਾਮ-6000 ਡਾਲਰ
ਤੀਜਾ ਇਨਾਮ-4500 ਡਾਲਰ
ਚੌਥਾ ਇਨਾਮ-3000 ਡਾਲਰ

**ਕਬੱਡੀ ਅੰਡਰ-21**
ਪਹਿਲਾ ਇਨਾਮ-2100 ਡਾਲਰ
ਦੂਜਾ ਇਨਾਮ-1100 ਡਾਲਰ
ਤੀਜਾ ਇਨਾਮ-500 ਡਾਲਰ

**ਕਬੱਡੀ ਅੰਡਰ-15**
ਪਹਿਲਾ ਇਨਾਮ-600 ਡਾਲਰ
ਦੂਜਾ ਇਨਾਮ-400 ਡਾਲਰ
ਤੀਜਾ ਇਨਾਮ 200 ਡਾਲਰ

**ਵਾਲੀਬਾਲ**
ਪਹਿਲਾ ਇਨਾਮ-2100 ਡਾਲਰ
ਦੂਜਾ ਇਨਾਮ-1100 ਡਾਲਰ

**ਸੌਕਰ**
ਪਹਿਲਾ ਇਨਾਮ-2100 ਡਾਲਰ
ਦੂਜਾ ਇਨਾਮ-1100 ਡਾਲਰ



*ਯਾਰੋ ਫੜਨੇ ਸੌਖੇ ਨਹੀਂ-ਮਿਰਗ ਦੀ ਲੱਤ, ਸ਼ੇਰ ਦਾ ਨੱਕ, ਉਡਣੇ ਸੱਪ, ਕਬੂਤਰ ਚੀਨੇ।*

**ਮੇਲਾ-ਗੇਲਾ, ਖੇਡਾਂ, ਨੱਚਣ-ਟੱਪਣ, ਗਾਉਣ-ਪਾਣੀ ਅਤੇ ਖੁੱਲ੍ਹਾ ਖਾਣ-ਪੀਣ ਆਓ ਤੇ ਮੌਜ ਮਨਾਓ**

ਲੰਗਰ ਦਾ ਖਰਚਾ ਤੇ ਸੇਵਾ ਆਗੇਨਾਈਜ਼ਿੰ ਕਮੇਟੀ ਦੇ ਮੈਂਬਰਾਂ ਵਲੋਂ ਹੋਣਗੇ

ਫੁਰਤੀਲੇ ਸ਼ੌਕੀਨ ਮਿਸ਼ੀਗਨ ਟੀਮ ਭੰਗੜੇ ਦੇ ਜੌਹਰ ਵਿਖਾਏਗੀ

***Free Entry *Free Food**
***Free Entertainment**

ਪਰਿਵਾਰਾਂ ਸਮੇਤ ਆਓ ਤੇ ਮੇਲੇ ਦਾ ਲੁਤਫ ਉਠਾਓ

*ਸਭਿਆਚਾਰਕ ਪ੍ਰੋਗਰਾਮ ਤੇ ਗਿੱਧਾ-ਭੰਗੜਾ ਵੀ ਹੋਵੇਗਾ।*

ਕਬੱਡੀ ਰੈਫਰੀ: ਨਰਿੰਦਰ ਮੁੰਦਰ, ਕੁਲਵਿੰਦਰ ਕਿੰਦਾ ਤੇ ਬਲਜੀਤ ਗਿੱਲ

**ਗਾਇਕ**



*ਮਾਣਕ ਈ*



*ਜੱਸੀ ਧੰਜਲ*

**ਕੁਮੈਂਟੇਟਰ**



*ਇਕਬਾਲ ਸਿੰਘ ਗਾਲਿਬ*

## PSCA Committee Members and Gold Sponsors



ਕਰਮਬੀਰ ਸਿੰਘ



ਅਰਜੁਨ ਗਿੱਲ



ਰਾਜ ਨਿੱਜਰ



ਜਸਵਿੰਦਰ ਧਾਲੀਵਾਲ



ਅਮਰਜੀਤ ਗਿੱਲ



ਰਵਿੰਦਰ ਥਿੰਦ



ਅਮਰੀਕ ਰਾਏ



ਰਾਜ ਜਾਮਾਰਾਏ



ਸੁਖਵੰਤ ਸਿੰਘ ਗਿੱਲ



ਸੁਖਦੇਵ ਸੇਖੋਂ



ਕੇਵਲ ਗਿੱਲ



ਕੁਲਬੀਰ ਗਿੱਲ



ਸੁੱਖਾ ਸੇਖੋਂ



ਬਲਕਾਰ ਗਿੱਲ

### ਹੋਰ ਜਾਣਕਾਰੀ ਲਈ ਕਾਲ ਕਰੋ

Karn Gill (Mela, Sponsors) 734-612-9984
Karmbir Singh (Mela, Volleyball) 734-558-3151
Arjun Gill (Kabaddi) 734-231-3576
Raj Jamarai (Kabaddi, Singer) 734-644-1010
Raj Nijjar (Culctural Program, Singer, Stalls) 734-637-7540
Sukhdev Sekhon (Soccer) 248-431-9678

**WWW.PSCA-MI.COM**

*ਇਸ ਵਰ੍ਹੇ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਲੋਕ ਆਪਣੇ ਪਰਿਵਾਰਾਂ ਸਮੇਤ ਮੇਲੇ ਦਾ ਸੁਰੱਖਿਅਤ ਮਾਹੌਲ ਵਿਚ ਅਨੰਦ ਮਾਣ ਸਕਣ।*

### ਆਰਗੇਨਾਈਜ਼ਿੰਗ ਕਮੇਟੀ ਵਲੋਂ ਸਾਲ 2013 ਮਿਸ਼ੀਗਨ ਮੇਲੇ ਦਾ ਸੁਨੇਹਾ

ਆਓ, ਰਲ ਮਿਲ ਕੇ ਸਾਲ 2013 ਦੌਰਾਨ ਇਹ ਯਤਨ ਕਰੀਏ ਕਿ ਮਿਸ਼ੀਗਨ ਦੇ ਪੰਜਾਬੀ ਭਾਈਚਾਰੇ ਦੇ ਇਕੱਠਾਂ ਵਿਚ ਸ਼ਰਾਬ ਦੀ ਵਰਤੋਂ ਘੱਟ ਤੋਂ ਘੱਟ ਹੋਵੇ, ਕਿਉਂਕਿ ਸ਼ਰਾਬ ਦੀ ਬਹੁਤੀ ਵਰਤੋਂ ਭਾਈਚਾਰੇ ਦਾ ਦੂਜੇ ਲੋਕਾਂ ਸਾਹਮਣੇ ਨਾਂਹ-ਪੱਖੀ ਅਕਸ ਬਣਾਉਂਦੀ ਹੈ। ਅਸੀਂ ਚਾਹੁੰਦੇ ਹਾਂ ਕਿ ਸਾਡੀ ਅਗਲੀ ਪੀੜੀ ਸਾਡੇ ਪੰਜਾਬੀ ਭਾਈਚਾਰੇ ਨੂੰ ਸਮਾਜ ਦਾ ਹੋਰ ਖੁਸ਼ ਅਤੇ ਸਿਹਤਮੰਦ ਹਿੱਸਾ ਬਣਾਵੇ।

## ਮੁੱਖ ਸਪਾਂਸਰ



ਚੈਨ ਸਿੰਘ ਸੰਧੂ | ਜੈਰੀ ਸਿੰਘ | ਹਰਪ੍ਰੀਤ ਆਹਲੂਵਾਲੀਆ | ਦਰਸ਼ਨ ਸਿੰਘ ਗਰੇਵਾਲ | ਕਰਨ ਗਿੱਲ | ਹਰਪ੍ਰੀਤ ਸਿੰਘ

## Invited Honorable Public Officials



*Gary Peters* US Congressman | *Phil Lajoy* Canton City Mayor | *Virg Bernero* Lansing City Mayor | *Patrick Colbeck* Michigan Senator | *Kurt Heise* MI Congressman | *Diane Slaven* MI Congresswomen | *Sam Singh* MI Congressman

## ਸਾਡੇ ਗੋਲਡ ਸਪਾਂਸਰ



ਡਾ. ਸਈਅਦ ਤਾਜ | ਗੁਰਬਚਨ ਗੈਰੀ ਮਾਨ | ਅਮਰਜੀਤ ਸਿੱਧੂ | ਰਤਨ ਸੇਖੋਂ | ਬਲਬੀਰ ਗਰੇਵਾਲ | ਅਟਾਰਨੀ ਜੱਸੀ ਸਚਦੇਵ | ਇੰਦਰਜੀਤ ਗਿੱਲ | ਗੱਗੀ ਗਿੱਲ | ਅਮਰੀਕ ਮਾਹਲ | ਬਲਵਿੰਦਰ ਬਾਠ



ਗੁਰਿੰਦਰ ਧਨੋਆ | ਸੁੱਖੀ ਨਰਵਾਲ | ਗੋਲਡੀ ਢਿੱਲੋਂ | ਚਰਨਜੀਤ ਰਸਟੀ | ਸਾਵਲ ਸਿੰਘ | ਸੰਨੀ ਧੂੜ | ਮਨਜੀਤ ਨੰਨਣ | ਰਾਜਵਿੰਦਰ ਗਰੇਵਾਲ | ਗੁਰਜਿੰਦਰ ਡਿੰਪਲ | ਬਲਜੀਤ ਬੈਂਸ



ਜਰਨੈਲ ਸਿੰਘ ਪੱਪੀ | ਨਰਿੰਦਰ ਮੁੰਦਰ | ਹਰਪਾਲ ਪੰਮਾ | ਦਵਿੰਦਰ ਗਰੇਵਾਲ | ਨੀਰਜ ਕ੍ਰਿਸ਼ਨਾ | ਰਾਜਿੰਦਰ ਸੰਧੂ | ਰੂਬਲ ਨਿੱਜਰ | ਹਰਪਾਲ ਸੰਘਾ | ਮਨਜਿੰਦਰ ਸਿੱਧੂ | ਗੋਲਡੀ ਗਰੇਵਾਲ



ਪੰਮੀ ਕਪੂਰ | ਕੁਲਵਿੰਦਰ ਗਿੱਲ | ਭੁਪਿੰਦਰ ਪੇਲੀਆ | ਇਕਬਾਲ ਸਿੰਘ ਬੋਪਾਰਾਏ | ਅਮਰਦੇਵ ਸਿੰਘ ਬਦੇਸ਼ਾ | ਹਰਮੋਹਨਜੀਤ ਬੈਂਸ | ਜਗਤਾਰ ਜੱਗਾ | ਸੁਖਦੇਵ ਬਰਾੜ | ਜਸਵੀਰ ਰੰਧਾਵਾ ਕਲੀਵਲੈਂਡ | ਰੂਪੀ ਰੰਧਾਵਾ | ਤਰਲੋਚਨ ਭੁੱਲਰ

**ਸਿਲਵਰ ਸਪਾਂਸਰ:** ਜਗਤਾਰ ਜੱਗਾ, ਹਰਪਾਲ ਸੰਘਾ, ਲਾਲੀ ਮਾਂਗਟ, ਹਰਜਿੰਦਰ ਗਿੱਲ, ਚਮੌਕਰ ਸਿੰਘ ਗਿੱਲ, ਸੁਖਦੇਵ ਬਰਾੜ, ਦਲਜੀਤ ਰੰਧਾਵਾ, ਲਖਵਿੰਦਰ ਰਾਏਭੱਟੀ, ਮਲਕੀਅਤ ਸਿੰਘ ਭੱਠਲ, ਭੁਪਿੰਦਰ ਸੰਧੂ, ਭੁਪਿੰਦਰ ਪੇਲੀਆ, ਹਰਮੋਹਨਜੀਤ ਬੈਂਸ, ਅਜੈ ਗਰੋਵਰ, ਰੇਨੂ ਤੱਖਰ, ਰਾਣੀ ਸੈਲੂਨ, ਪੰਮੀ।

**ਸਮਰਥਕ ਸੱਜਣ: (ਮਿਸ਼ੀਗਨ):** ਤੇਜਕਰਨ ਢਿੱਲੋਂ, ਸੁਰਿੰਦਰ ਸਿੰਘ ਗਰਚਾ, ਸਤਵੀਰ ਸਵੈਚ, ਰਾਜ ਸਿਆਨ, ਗੁਰਪ੍ਰੀਤ ਸਿੱਧੂ, ਪਰਦੀਪ ਸੰਘਾ, ਸੁੱਖੀ ਧਾਲੀਵਾਲ, ਇੰਦਰਜੀਤ ਵਿਰਕ, ਹਰਜਿੰਦਰ ਗਿੱਲ, ਨਵਦੀਪ ਗਿੱਲ, ਦਵਿੰਦਰ ਗਰੇਵਾਲ, ਲਾਲੀ ਮਾਂਗਟ, ਗੁਰਮੀਤ ਸੰਧੂ, ਬਲਦੇਵ ਧਾਲੀਵਾਲ, ਗੁਰਦਾਤਾਰ ਸਿੰਘ, ਊਧਮ ਸਿੰਘ, ਸੁਖਪਾਲ ਢਿੱਲੋਂ, ਸੁਰਜੀਤ ਗਿੱਲ, ਗੁਰਭਿੰਦਰ ਸਿੰਘ, ਨਿਰਮਲ ਸਿੰਘ ਸਰਾਂ, ਮੋਹਨ ਸਿੰਘ ਢੋਲੀ, ਕਰਤਾਰ ਸਿੰਘ ਬੱਬੂ, ਦਲਜੀਤ ਰੰਧਾਵਾ, ਲਖਵਿੰਦਰ ਰਾਏਭੱਟੀ, ਸੁਰਿੰਦਰਜੀਤ ਕਾਹਲੋਂ, ਗੁਰਦੇਵ ਗਿੱਲ, ਇੰਦਰਪਾਲ ਸਿੰਘ, ਜਤਿੰਦਰ ਬੱਤਰਾ, ਜੌਲੀ ਸਿੰਘ, ਸੁਭਦੇਵ ਮਰਾਹਰ, ਸੁਖਵਿੰਦਰ ਸੰਧੂ, ਸੁਖਵੀਰ ਭੱਟੀ, ਗੁਰਦੇਵ ਸਿੰਘ ਨੰਨਣ, ਲਾਲੀ ਰਣਵੀਰ ਧਾਲੀਵਾਲ, ਪਾਲ ਖਲੀਲ, ਰਿੰਕੂ, ਬਲਬੀਰ ਸਿੰਘ, ਕੁਲਦੀਪ ਸਿੰਘ ਲੈਨਸਿੰਗ, ਲਾਡੀ ਮੁਲਤਾਨੀ, ਦਲਬਾਰਾ ਸਿੰਘ ਮਾਂਗਟ, ਰੇਸ਼ਮ ਸਿੰਘ ਸੈਣੀ, ਰਸ਼ਮਿੰਦਰ ਗਿੱਲ, ਹਰਵਿੰਦਰ ਗਿੱਲ, ਕੁਲਵਿੰਦਰ ਗਿੱਲ, ਬਲਵਿੰਦਰ ਰਾਏਭੱਟੀ, ਬਲਬੀਰ ਵਿਰਦੀ, ਚਰਨਪ੍ਰੀਤ ਧਾਲੀਵਾਲ, ਬੰਟੀ ਭੰਗੂ, ਜਗਦੇਵ ਗਰੇਵਾਲ, ਬਲਵਿੰਦਰ ਸਿੰਘ, ਪਲਵਿੰਦਰ ਸੇਠੀ, ਗੁਰਦੇਵ ਸੇਖੋਂ, ਜਸਵਿੰਦਰ ਜੱਗੀ, ਲਖਵੀਰ ਲੱਕੀ।

**(ਸ਼ਿਕਾਗੋ):** ਸਤਿੰਦਰ ਸੁਸਾਣਾ, ਜਸਕਰਨ ਧਾਲੀਵਾਲ, ਹੈਪੀ ਹੀਰ, ਡਾ. ਹਰਜਿੰਦਰ ਖਹਿਰਾ, ਦਰਸ਼ਨ ਬਸਰਾਓਂ, ਅਮਰਦੇਵ ਬਦੇਸ਼ਾ, ਲਵਦੀਪ ਦੁੱਲਤ, ਅਜੈਬ ਲੱਖਣ, ਮਿੱਕੀ ਕਾਹਲੋਂ, ਵਿਕਰਾਂਤ ਸਿੰਘ, ਵਿਕਰਾਂਤ ਸਿੰਘ, ਦੀਪਾ ਬਦੇਸ਼ਾ, ਸੰਨੀ ਕੁਲਾਰ, ਬਲਵਿੰਦਰ ਗਿਰਨ, ਪਰਮਿੰਦਰ ਵਾਲੀਆ, ਬਲਜੀਤ ਸਿੱਧੂ, ਅਜਮੇਰ ਪੰਨੂ, ਹਰਵਿੰਦਰ ਸਿੰਘ ਘੋਤੜਾ, ਸੰਤੋਖ ਸਿੰਘ ਡੀ ਸੀ, ਨਰਿੰਦਰ ਸਿੰਘ ਸਰਾਂ, ਟੋਨੀ ਸੰਘੇੜਾ, ਗੁਰਮੁਖ ਸਿੰਘ ਭੁੱਲਰ, ਜੈਰਾਮ ਸਿੰਘ ਕਾਹਲੋਂ, ਜੱਸੀ ਪਰਮਾਰ, ਬੇਅੰਤ ਬੋਪਾਰਾਏ, ਗੁਲਜ਼ਾਰ ਸਿੰਘ ਮੁਲਤਾਨੀ, ਲਵ ਮਿਨਹਾਸ, ਮਨਜੀਤ ਧਨੋਆ, ਸੁਰਿੰਦਰ ਕਾਲੜਾ, ਰਛਪਾਲ ਖੰਗੂੜਾ, ਠਾਕਰ ਬਸਾਤੀ, ਰਾਜਿੰਦਰ ਮਾਗੋ, ਨਿੱਕ ਗਾਖਲ, ਗੁਰਮੀਤ ਬਾਠ।

**(ਇੰਡੀਆਨਾ):** ਸਰਵਣ ਸਿੰਘ ਟਿਵਾਣਾ, ਗੁਰਿੰਦਰ ਢਿੱਲੋਂ, ਬਲਦੇਵ ਸੱਲ੍ਹਾਂ, ਪ੍ਰਿਥਪਾਲ ਘੋਤੜਾ, ਦਰਸ਼ਨ ਸਿੰਘ ਦਰੜ, ਕਿੱਟੂ ਬਾਵਾ, ਰਾਜਿੰਦਰ ਸਿੰਘ ਬੈਂਸ, ਮਨਦੀਪ ਸਿੰਘ ਭੂਰਾ, ਲਾਲੀ ਸਿੱਧੂ, ਵਰਿੰਦਰ ਸਾਹੀ, ਮਨਜੀਤ ਨਾਗਰਾ।

**(ਓਹਾਇਓ):** ਹਰਵਿੰਦਰ ਵਾਲੀਆ, ਸੁਰਜੀਤ ਮਾਵੀ, ਇਕਬਾਲ ਬੋਪਾਰਾਏ, ਹਰਜੀਤ ਢਿੱਲੋਂ, ਮਹਿੰਦਰ ਭੇਲਾ, ਅਮਰਜੀਤ ਕੰਗ, ਪਲਵਿੰਦਰ ਸੋਹਲ, ਅੰਮ੍ਰਿਤਪਾਲ ਗਰੇਵਾਲ, ਸੁਖਜੀਤ ਗਿੱਲ, ਦਲਜੀਤ ਢਿੱਲੋਂ, ਡਾ. ਮੁਖਤਾਰ ਨਿੱਜਰ।

**(ਵਿੰਡਸਰ, ਓਂਟਾਰੀਓ):** ਗੁਰਬਖ਼ਸ਼ ਭੁੱਲਰ, ਜੋਗਾ ਸਿੰਘ, ਬਿਕਰਮ ਗਰੇਵਾਲ, ਜੀਵਨ ਗਿੱਲ, ਜੈਸਨ ਸੇਖੋਂ, ਗੁਰਬਖ਼ਸ਼ ਵਾਹਿਦ, ਹਰਜਿੰਦਰ ਕੰਦੋਲਾ, ਭਗਵੰਤ ਸਿੰਘ।

**ਸਮਰਥਕ ਸੰਸਥਾਵਾਂ:** ਕਲੀਵਲੈਂਡ ਸਪੋਰਟਸ ਕਲੱਬ, ਸ਼ਿਕਾਗੋ ਸਪੋਰਟਸ ਕਲੱਬ, ਇੰਡੀਆਨਾ ਸਪੋਰਟਸ ਕਲੱਬ, ਸਿਨਸਿਨੈਟੀ ਸਪੋਰਟਸ ਕਲੱਬ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ (ਓਹਾਇਓ), ਐਨ ਵਾਈ ਐਕਸ ਕੰਪਨੀ, ਪੀ ਸੀ ਐਸ ਸ਼ਿਕਾਗੋ, ਪੀ ਐਚ ਓ ਸ਼ਿਕਾਗੋ, ਪੀ ਸੀ ਐਸ ਕਲੀਵਲੈਂਡ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ, ਪੰਜਾਬ ਸਪੋਰਟਸ ਕਲੱਬ ਮਿਡਵੈਸਟ, ਰੇਡੀਓ ਚੰਨ ਪ੍ਰਦੇਸੀ।

# ਪੰਜਾਬ ਸਪੋਰਟਸ ਕੱਲਬ, ਸ਼ਿਕਾਗੋ ਦਾ ਕਬੱਡੀ ਟੂਰਨਾਮੈਂਟ-ਤਸਵੀਰਾਂ ਦੀ ਜ਼ੁਬਾਨੀ




ਇਨਡੋਰ ਓਡੀਅਮ ਐਕਸਪੋ ਸੈਂਟਰ, ਜਿਥੇ ਖੇਡ ਮੇਲਾ ਹੋਇਆ



ਦਰਸ਼ਨ ਸਿੰਘ ਧਾਲੀਵਾਲ ਦਾ ਪਲੇਕ ਅਤੇ ਸਿਰੋਪਾਓ ਨਾਲ ਸਨਮਾਨ ਕਰਦੇ ਹੋਏ ਸ਼੍ਰੋਮਣੀ ਯੂਥ ਅਕਾਲੀ ਦਲ ਦੇ ਮੈਂਬਰ

























# ਪੰਜਾਬ ਸਪੋਰਟਸ ਕੱਲਬ ਦਾ ਕਬੱਡੀ ਟੂਰਨਾਮੈਂਟ-ਤਸਵੀਰਾਂ ਦੀ ਜ਼ੁਬਾਨੀ











ਜੀ ਆਇਆਂ ਨੂੰ ਧਾਲੀਵਾਲ ਸਾਹਿਬ,
ਜੀ ਆਇਆਂ ਨੂੰ...
-ਡਾ. ਹਰਜਿੰਦਰ ਸਿੰਘ ਖਹਿਰਾ



ਤੂੰ ਲੰਘ ਕੇ ਤਾਂ ਦਿਖਾ ਤਾਰੀ...ਰੋਪੜੀ ਜਿੰਦਾ ਲਾ ਦਊਂ, ਕਹਿੰਦਾ ਏ ਤਾਊ (ਜੂੜੇ ਵਾਲਾ)



ਜੱਸੀ ਪਰਮਾਰ ਤੇ ਪ੍ਰੋ. ਮੱਖਣ ਸਿੰਘ ਹਕੀਮਪੁਰੀ

















ਤਸਵੀਰਾਂ: ਮਹਿੰਦਰ ਰਕਾਲਾ

# ਯੇਲ ਸੁਣਾਏਗੀ 'ਨਿਰਭੈ' ਦੀ ਕਹਾਣੀ

ਕਲਾ ਪਰਿਕਰਮਾ

*ਦੱਖਣੀ ਅਫਰੀਕਾ ਦੀ ਨਾਟਕ ਲੇਖਕ ਅਤੇ ਰੰਗਕਰਮੀ ਕੁੜੀ ਯੇਲ ਫਾਰਬਰ ਅੱਜਕੱਲ੍ਹ ਆਪਣੇ ਨਵੇਂ ਨਾਟਕ 'ਨਿਰਭੈ' ਦੀ ਤਿਆਰੀ ਵਿਚ ਜੁਟੀ ਹੋਈ ਹੈ। ਇਸ ਨਾਟਕ ਦੀ ਪਹਿਲੀ ਪੇਸ਼ਕਾਰੀ ਪਹਿਲੀ ਅਗਸਤ, 2013 ਨੂੰ ਵਲਾਇਤ ਵਿਚ ਈਡਨਬਰਗ ਫੈਸਟੀਵਲ ਫਰਿੰਜ ਮੌਕੇ ਕੀਤੀ ਜਾ ਰਹੀ ਹੈ। 'ਨਿਰਭੈ' ਕਹਾਣੀ ਭਾਵੇਂ 16 ਦਸੰਬਰ 2012 ਨੂੰ ਨਵੀਂ ਦਿੱਲੀ ਵਿਖੇ ਵਾਪਰੀ ਘਟਨਾ ਨਾਲ ਜੁੜੀ ਹੋਈ ਹੈ ਜਿਸ ਵਿਚ 23 ਸਾਲ ਦੀ ਕੁੜੀ ਜਬਰ ਜਨਾਹ ਦੀ ਮਾਰ ਹੇਠ ਆ ਗਈ ਸੀ, ਪਰ ਇਸ ਵਿਚ ਯੇਲ ਨੇ ਪੱਛੀ-ਟੁੱਕੀ ਔਰਤ ਦਾ ਦਰਦ ਬਿਆਨ ਕੀਤਾ ਹੈ। ਜਿਸ ਵੇਲੇ ਇਹ ਘਟਨਾ ਵਾਪਰੀ ਸੀ, ਯੇਲ ਮਾਂਟਰੀਅਲ (ਕੈਨੇਡਾ) ਵਿਚ ਸੀ। ਉਦੋਂ ਉਸ ਨੇ ਫੇਸਬੁੱਕ ਉਤੇ ਆਪਣਾ ਦਰਦ ਇਹ ਲਿਖ ਕੇ ਜ਼ਹਿਰ ਕੀਤਾ ਸੀ-"ਮੇਰੀ ਭੈਣ, ਮੇਰੀ ਮਾਂ, ਮੇਰੀ ਧੀ, ਮੈਂ ਆਪ।"*



**ਥਿਏਟਰ ਦੀ ਤਾਕਤ ਬਾਰੇ ਯੇਲ ਬਹੁਤ ਸਪਸ਼ਟ ਹੈ। ਆਪਣੇ ਦਰਸ਼ਕਾਂ ਤੋਂ ਉਹ ਇਹ ਤਵੱਕੋ ਕਰਦੀ ਹੈ ਕਿ ਉਹ ਥਿਏਟਰ 'ਚੋਂ ਨਿਕਲਣ ਵੇਲੇ ਨਾਟਕ ਦੇ ਨਾਲ ਨਾਲ ਤੁਰਦੇ ਮਹਿਸੂਸ ਕਰਨ। ਅਸਲ ਵਿਚ ਇਹੀ ਉਸ ਦੇ ਥਿਏਟਰ ਦੀ ਤਾਕਤ ਹੈ। ਦਰਸ਼ਕ ਮੱਲੋਮੱਲੀ ਉਸ ਦੇ ਨਾਟਕਾਂ ਦੇ ਹਾਣੀ ਬਣਨ ਦੀ ਤਾਂਘ ਕਰਦੇ ਹਨ। ਉਸ ਦੇ ਨਾਟਕ ਬੰਦੇ ਦੇ ਮਨ ਨੂੰ ਧੁਰ ਅੰਦਰ ਤੱਕ ਕੁਰੇਰਦੇ ਹਨ। ਯੇਲ ਨੂੰ ਨਾਟਕ ਦੀ ਇਹ ਸ਼ਕਤੀ ਨਾਟਕ ਵਿਚ ਪੇਸ਼ ਕੀਤੇ ਪਾਤਰਾਂ ਤੋਂ ਮਿਲਦੀ ਹੈ ਅਤੇ ਫਿਰ ਮੋੜਵੇਂ ਰੂਪ ਵਿਚ ਉਹ ਖੁਦ ਇਨ੍ਹਾਂ ਸਿਰਜੇ ਗਏ ਪਾਤਰਾਂ ਨਾਲ ਖੁਦ ਸੰਵਾਦ ਰਚਾਉਂਦੀ ਹੈ। ਇਹ ਸੰਵਾਦ ਅਸਲ ਵਿਚ ਉਸ ਦੀ ਅਗਲੀ ਰਚਨਾ ਦੀ ਹੀ ਕਵਾਇਦ ਹੁੰਦੀ ਹੈ।**

'ਨਿਰਭੈ' 90 ਮਿੰਟ ਦਾ ਨਾਟਕ ਹੈ ਜਿਹੜਾ ਯੇਲ ਫਾਰਬਰ, ਭਾਰਤੀ ਅਦਾਕਾਰਾ ਪੂਰਨਾ ਜਗਨਨਾਥਨ ਨਾਲ ਰਲ ਕੇ ਤਿਆਰ ਕਰ ਰਹੀ ਹੈ। 'ਨਿਰਭੈ' ਵਾਲੀ ਘਟਨਾ ਨੇ ਉਸ ਨੂੰ ਬੁਰੀ ਤਰ੍ਹਾਂ ਝੰਜੋੜ ਸੁੱਟਿਆ ਸੀ। ਨਾਲ ਹੀ ਕੁੜੀ ਦੀ ਦਲੇਰੀ ਨੇ ਟੁੰਬਿਆ ਵੀ। ਯੇਲ ਆਖਦੀ ਹੈ- "ਲੋਕ ਬਹਿਸਾਂ ਕਰ ਰਹੇ ਸਨ ਕਿ ਇਕ ਇਹੀ ਮਾਮਲਾ ਹੀ ਇੰਨਾ ਕਿਉਂ ਚਰਚਿਤ ਹੋਇਆ? ਅਸਲ ਗੱਲ ਇਹ ਸੀ ਕਿ ਇਸ ਨੇ ਅਣਗਹਿਲੀ ਅਤੇ ਲਾਪ੍ਰਵਾਹੀ ਦਾ ਹਰ ਹੱਦ-ਬੰਨਾ ਤੋੜ ਸੁੱਟਿਆ ਸੀ ਅਤੇ ਲੋਕ ਰੋਹ ਤੇ ਰੋਸ ਨਾਲ ਨੱਕੋ ਨੱਕ ਭਰ ਗਏ ਸਨ। ਕੁੜੀ ਦੀ ਮੌਤ ਨੇ ਭਾਰਤ ਵਿਚ ਇਹ ਗੱਲ ਮੁੱਖ ਰੂਪ ਵਿਚ ਉਭਾਰ ਦਿੱਤੀ ਕਿ ਹੁਣ ਕੁਝ ਕਰਨ ਗੁਜ਼ਰਨ ਦਾ ਸਮਾਂ ਆ ਗਿਆ ਹੈ। ਨਾਟਕ ਲੇਖਕ ਵਜੋਂ ਮੈਂ ਇਸ ਗੱਲ ਨੂੰ ਮਹਿਸੂਸ ਕੀਤਾ। ਮੈਂ ਮੰਨਦੀ ਹਾਂ ਕਿ ਕਲਾਕਾਰਾਂ ਨੂੰ ਸੁਸਾਇਟੀ ਦੇ ਇਸ ਰੋਹ ਅਤੇ ਰੋਸ ਨੂੰ ਲੋਕਾਂ ਤੱਕ ਲੈ ਕੇ ਜਾਣਾ ਚਾਹੀਦਾ ਹੈ। ਮੈਂ ਦੱਖਣੀ ਅਫ਼ਰੀਕਾ ਤੋਂ ਹਾਂ ਜਿਸ ਨੂੰ ਸੰਸਾਰ ਦੀ ਜਬਰ ਜਨਾਹਾਂ ਦੀ ਰਾਜਧਾਨੀ ਵੀ ਕਿਹਾ ਜਾਂਦਾ ਹੈ। ਉਥੇ ਬੜਾ ਕੁਝ ਦੇਖਿਆ ਹੈ। ਬੱਸ ਇਸੇ ਇਕ ਦਰਦ ਨੇ ਮੈਨੂੰ 'ਨਿਰਭੈ' ਨਾਲ ਜੋੜ ਦਿੱਤਾ।

ਯੇਲ ਫਾਰਬਰ ਦੱਖਣੀ ਅਫਰੀਕਾ ਦੀ ਰਾਜਧਾਨੀ ਜੋਹੈੱਨਸਬਰਗ ਵਿਚ ਜੰਮੀ ਅਤੇ ਪਲੀ। ਯੂਨੀਵਰਸਿਟੀ ਆਫ ਵਿਟਵਾਟਰਸਟਰੈਂਡ ਤੋਂ ਉਹਨੇ ਡਰਾਮੈਟਿਕ ਆਰਟਸ ਦੀ ਪੜ੍ਹਾਈ ਕੀਤੀ ਅਤੇ ਫਿਰ ਕਦੀ ਪਿੱਛੇ ਮੁੜ ਕੇ ਨਹੀਂ ਦੇਖਿਆ। ਉਹਨੇ ਕਈ ਨਾਟਕਾਂ ਦੀ ਡਾਇਰੈਕਸ਼ਨ ਕੀਤੀ, ਪਰ ਜਦੋਂ ਉਸ ਦੀ ਕਲਾ ਦੀ ਚਾਸ਼ਣੀ ਵਿਚ ਭਿੱਜ ਨੇ ਤਿਆਰ ਕੀਤਾ ਨਾਟਕ 'ਸੌਪਿੰਗ ਐਂਡ ਫ**ਇੰਗ' ਲੋਕਾਂ ਨੇ ਦੇਖਿਆ ਤਾਂ ਉਸ ਦੀ ਬੱਲੇ ਬੱਲੇ ਹੋ ਗਈ। ਇਸ ਨਾਟਕ ਨੇ ਸੱਤ 'ਦੱਖਣੀ ਅਫਰੀਕੀ ਕੌਮੀ ਵੀਟਾ ਪੁਰਸਕਾਰ' ਵੀ ਫੁੰਡ ਲਏ। ਇਨ੍ਹਾਂ ਪੁਰਸਕਾਰਾਂ ਵਿਚ ਸਰਵੋਤਮ ਡਾਇਰੈਕਟਰ ਅਤੇ ਸਰਵੋਤਮ ਪ੍ਰੋਡਕਸ਼ਨ ਦੇ ਪੁਰਸਕਾਰ ਵੀ ਸ਼ਾਮਲ ਸਨ। 1998 ਵਿਚ ਯੇਲ ਨੂੰ ਨਿਊ ਯਾਰਕ ਵਿਚ ਲਿੰਕਨ ਥਿਏਟਰ ਡਾਇਰੈਕਟਰਜ਼ ਵਰਕਸ਼ਾਪ ਲਈ ਸੱਦਿਆ ਗਿਆ। ਫਿਰ ਉਹ ਪੂਰੇ ਦਸ ਮਹੀਨੇ ਆਇਰਲੈਂਡ ਵਿਚ ਗੁਜ਼ਾਰ ਕੇ ਮੁੜ ਨਿਊ ਯਾਰਕ ਪਰਤੀ ਅਤੇ ਮਨਹੱਟਨ ਦੇ ਐਕਸੈੱਸ ਥਿਏਟਰ ਵਿਖੇ ਫਗਾਰਡ ਦਾ ਨਾਟਕ 'ਹੈਲੋ ਐਂਡ ਗੁੱਡਬਾਇ' ਖੇਡਿਆ। ਇਕ ਵਾਰ ਫਿਰ ਉਸ ਦੀਆਂ ਧੁੰਮਾਂ ਪੈ ਗਈਆਂ। ਫਿਰ ਉਹਨੇ ਥੈਂਬੀ ਮਸ਼ਾਲੀ ਨਾਲ ਰਲ ਕੇ 'ਏ ਵਿਮੈਨ ਇਨ ਵੇਟਿੰਗ' ਬਾਰੇ ਸੋਚਿਆ ਅਤੇ ਨਾਟਕ ਤਿਆਰ ਕੀਤਾ। ਇਸ ਨਾਟਕ ਲਈ ਤਾਂ ਪੁਰਸਕਾਰਾਂ ਦੀ ਵਾਛੜ ਹੀ ਹੋ ਗਈ। ਉਸ ਵੱਲੋਂ ਤਿਆਰ ਜਿਨ੍ਹਾਂ ਹੋਰ ਨਾਟਕਾਂ ਲਈ ਉਸ ਦੀ ਪ੍ਰਸੰਸਾ ਹੋਈ, ਉਨ੍ਹਾਂ ਵਿਚ 'ਹੀ ਲੈਫਟ ਕੁਆਇਟਲੀ' (2002) ਅਤੇ 'ਜ਼ਫਰ' (2003) ਸ਼ੁਮਾਰ ਹੁੰਦੇ ਹਨ। ਇਨ੍ਹਾਂ ਵਿਚੋਂ 'ਹੀ ਲੈਫਟ ਕੁਆਇਟਲੀ' ਨਾਟਕ ਦੱਖਣੀ ਅਫਰੀਕਾ ਵਿਚ ਨਸਲੀ ਸਰਕਾਰ ਵੇਲੇ ਫਾਂਸੀਯਾਫਤਾ ਦੂਮਾ ਕਮਾਲੋ ਦੇ ਜੀਵਨ ਉਤੇ ਆਧਾਰਤ ਸੀ। ਉਸ ਦਾ ਇਕ ਹੋਰ ਨਾਟਕ 'ਮੋਲੋਰਾ' ਸੱਚ ਨਾਲ ਖਹਿਣ ਦੀ ਕਹਾਣੀ ਬਿਆਨ ਕਰਦਾ ਹੈ। ਇਹ ਨਾਟਕ ਕਰ ਕੇ ਉਸ ਨੂੰ ਬੇਹੱਦ ਤਸੱਲੀ ਹੈ। ਇਸ ਨਾਟਕ ਬਾਰੇ ਉਹ ਆਖਦੀ ਹੈ- ਦੱਖਣੀ ਅਫਰੀਕਾ ਦਾ ਦਰਦ ਇਸ ਨਾਟਕ ਦੀ ਰੂਹ ਵਿਚ ਵੱਸ ਗਿਆ ਹੈ। ਇਸ ਦਾ ਦਰਦ ਮੈਨੂੰ ਤੰਗ ਵੀ ਕਰਦਾ ਹੈ ਅਤੇ ਤਸੱਲੀ ਵੀ ਦਿੰਦਾ ਹੈ ਕਿ ਮੈਂ ਸੱਚੀ ਗੱਲ ਆਖਣ ਅਤੇ ਲੋਕਾਂ ਤੱਕ ਅੱਪੜਦੀ ਕਰਨ ਦੀ ਹਿੰਮਤ ਜੁਟਾ ਸਕੀ ਹਾਂ। 'ਮਿਸ ਜੂਲੀ' ਅਗਸਟ ਸਟ੍ਰਿੰਡਬਰਗ ਦੇ 1888 ਵਿਚ ਲਿਖੇ ਨਾਟਕ 'ਤੇ ਆਧਾਰਤ ਹੈ। ਇਹ ਨਾਟਕ ਵੀ ਔਰਤਾਂ ਨਾਲ ਹੋ ਰਹੀਆਂ ਜ਼ਿਆਦਤੀਆਂ ਦੀ ਹੀ ਬਾਤ ਪਾਉਂਦਾ ਹੈ।

ਥਿਏਟਰ ਦੀ ਤਾਕਤ ਬਾਰੇ ਯੇਲ ਬਹੁਤ ਸਪਸ਼ਟ ਹੈ। ਆਪਣੇ ਦਰਸ਼ਕਾਂ ਤੋਂ ਉਹ ਇਹ ਤਵੱਕੋ ਕਰਦੀ ਹੈ ਕਿ ਉਹ ਥਿਏਟਰ 'ਚੋਂ ਨਿਕਲਣ ਵੇਲੇ ਨਾਟਕ ਦੇ ਨਾਲ ਨਾਲ ਤੁਰਦੇ ਮਹਿਸੂਸ ਕਰਨ। ਅਸਲ ਵਿਚ ਇਹੀ ਉਸ ਦੇ ਥਿਏਟਰ ਦੀ ਤਾਕਤ ਹੈ। ਦਰਸ਼ਕ ਮੱਲੋਮੱਲੀ ਉਸ ਦੇ ਨਾਟਕਾਂ ਦੇ ਹਾਣੀ ਬਣਨ ਦੀ ਤਾਂਘ ਕਰਦੇ ਹਨ। ਉਸ ਦੇ ਨਾਟਕ ਬੰਦੇ ਦੇ ਮਨ ਨੂੰ ਧੁਰ ਅੰਦਰ ਤੱਕ ਕੁਰੇਰਦੇ ਹਨ। ਯੇਲ ਨੂੰ ਨਾਟਕ ਦੀ ਇਹ ਸ਼ਕਤੀ ਨਾਟਕ ਵਿਚ ਪੇਸ਼ ਕੀਤੇ ਪਾਤਰਾਂ ਤੋਂ ਮਿਲਦੀ ਹੈ ਅਤੇ ਫਿਰ ਮੋੜਵੇਂ ਰੂਪ ਵਿਚ ਉਹ ਖੁਦ ਇਨ੍ਹਾਂ ਸਿਰਜੇ ਗਏ ਪਾਤਰਾਂ ਨਾਲ ਖੁਦ ਸੰਵਾਦ ਰਚਾਉਂਦੀ ਹੈ। ਇਹ ਸੰਵਾਦ ਅਸਲ ਵਿਚ ਉਸ ਦੀ ਅਗਲੀ ਰਚਨਾ ਦੀ ਹੀ ਕਵਾਇਦ ਹੁੰਦੀ ਹੈ।



ਯੇਲ ਫਾਰਬਰ ਦੇ ਨਾਟਕ 'ਮੋਲੋਰਾ' ਦੀ ਝਲਕ।

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 22 ਜੂਨ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-69



*ਫੜ ਲੈ ਘੁੱਟ ਕੇ ਬਾਹਾਂ ਮੇਰੀਆਂ ਸੁਣ ਓਏ ਨਿੱਕੜੇ ਸਿੰਘਾ,*
*ਇਸ ਭੂਆ ਦੀ ਕੁੜੀ ਦਾ ਕਿਤੇ ਵਾਲ ਨਾ ਹੋ ਜਾਏ ਵਿੰਗਾ।*
*ਬੜਿਆਂ ਚਾਵਾਂ ਨਾਲ ਸ਼ਿੰਗਾਰਿਆ ਕੋਠੇ ਜਿੱਡਾ ਬੋਤਾ,*
*ਬਿਨਾ ਲਗਾਮੋਂ ਖਿੱਚੀ ਫਿਰਦਾ ਸੁਰਜਣ ਸਿਹੁੰ ਦਾ ਪੋਤਾ।*

## ਕੈਪਸ਼ਨ ਮੁਕਾਬਲਾ-67



ਬੈਠ ਸੋਹਣਿਆ ਛੈਲ ਜਵਾਨਾ,
ਤੈਨੂੰ ਨਜ਼ਰਾਂ ਵਿਚ ਉਤਾਰ ਲਵਾਂ।
ਬੁਰਸ਼ ਦੀ ਕੋਮਲ ਛੋਹ ਲਗਾ ਕੇ,
ਰੰਗਾਂ ਵਿਚ ਨਿਖਾਰ ਲਵਾਂ।
ਯਾਦ ਸਦੀਵੀ ਬਣ ਜਾਵੇ ਇਹ,
ਐਸਾ ਮਾਅਰਕਾ ਮਾਰ ਲਵਾਂ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਮੈਂ ਤੇ ਮੇਰੇ ਸ੍ਰੀਮਤੀ ਜੀ
ਆਏ ਸਾਂ ਤਸਵੀਰ ਬਣਵਾਉਣ,
ਇਹ ਕਹਿ ਕੇ ਉਹ ਉਠ ਗਈ ਕੋਲੋਂ,
ਚੁੱਪ ਕਰਕੇ ਇੰਜ ਬੈਠੇ ਕੌਣ?

***-ਫਕੀਰ ਚੰਦ ਸੈਂਪਲਾ, ਐਲ.ਏ.***

---

ਕੈਨਵਸ ਉਤੇ, ਰੰਗਾਂ ਨਾਲ
ਚਿੱਤਰ ਚਿੱਤਰਕਾਰ ਬਣਾਉਂਦਾ।
ਸਾਹਵੇਂ ਬੈਠਾ ਸਰਦਾਰ ਭਾਈ,
ਮਿੰਨਾ ਮਿੰਨਾ ਮੁਸਕਰਾਉਂਦਾ।
ਗੋਰਾ ਆਖੇ, ਪੇਚ ਪੱਗ ਦਾ
'ਕੱਲਾ 'ਕੱਲਾ ਉਕਰੂੰ ਸਰਦਾਰਾ।
ਕੈਮਰੇ ਵਾਲੇ ਭਾਈ ਨੇ ਵੀ,
ਕੈਦ ਕਰ ਲਿਆ ਇਹ ਨਜ਼ਾਰਾ।

***-ਹਰਮੀਕ ਸਿੰਘ ਵਿੱਕੀ***
***ਸਟਾਕਟਨ, ਕੈਲੀਫੋਰਨੀਆ।***

---

ਲੱਖ ਕੈਮਰੇ ਆ ਗਏ ਭਾਵੇਂ,
ਜੋ ਪਲ ਵਿਚ ਫੋਟੋ ਬਣਾਵੇ।
ਹੱਥਾਂ ਨਾਲ ਪਰ ਬਣਾਈ ਰਚਨਾ,
ਅੱਜ ਵੀ ਡਾਲਰ ਕਮਾਵੇ।
ਹੱਥ, ਕਿਰਤ ਤੇ ਕਲਾਕਾਰ ਜਦ
ਕਰਨ ਕਮਾਲਾਂ ਮਿਲ ਕੇ,
ਪਿਕਾਸੋ ਦੀ ਫਿਰ ਸੋਭਾ ਬਣਦੀ,
ਕਦਰਦਾਨ ਮੁੱਲ ਪਾਵੇ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

---

ਕਾਦਰ ਨੇ ਸਿਰਜੀ ਇਹ ਕੁਦਰਤ
ਅਨੇਕਾਂ ਰੰਗ-ਬਰੰਗੇ ਪ੍ਰਛਾਂਵੇਂ।
ਪਸ਼ੂ ਪ੍ਰਾਣੀ ਜਲ-ਥਲ ਮਹਿਅਲ
ਸਾਰੇ ਸਮਸਰ ਇਸ ਦੇ ਸਾਹਵੇਂ।
ਮਨੁੱਖ ਨੂੰ ਸੋਚ ਸਮਝ ਬਖਸ਼ ਕੇ
ਕੀਤਾ ਜੱਗ ਤੋਂ ਵੱਖਰਾ।
ਅੱਖ ਦੀ ਨਕਲ ਕੈਮਰਾ ਬਣਿਆ
ਮੇਚ ਨਾ ਆਵੇ ਹੁਣ ਇਸ ਦਾ ਨਖਰਾ।
ਸ੍ਰਿਸ਼ਟੀ ਦੀ ਇਹ ਨਕਲ ਉਤਾਰਨ
ਭਿੰਨ ਭਿੰਨ ਰੰਗ ਦੇ ਚਿੱਤਰ ਬਣਾਉਂਦੇ।
ਬਲਿਹਾਰੇ ਤਦ ਅਸੀਂ ਜਾਈਏ ਇਨ੍ਹਾਂ ਦੇ
ਜੇ ਕਲਾ ਕ੍ਰਿਤ ਵਿਚ ਜਾਨ ਇਹ ਪਾਉਂਦੇ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

# ਇਸਤਰੀ ਉਪਕਾਰਾਂ ਦੀ 150ਵੀਂ ਵਰ੍ਹੇਗੰਢ


ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com


ਮੈਂ ਹੁਣ ਤੱਕ ਆਪਣੇ ਆਪ ਨੂੰ ਚਮਕੌਰ ਸਾਹਿਬ ਤੇ ਫਤਿਹਗੜ੍ਹ ਸਾਹਿਬ ਦੇ ਸ਼ਹੀਦੀ ਸਾਕਿਆਂ ਦੀ ਧਰਤੀ ਦਾ ਜੰਮਪਲ ਕਹਿੰਦਾ ਆਇਆ ਹਾਂ। ਮੇਰੀ ਨਾਨੀ ਨੂੰ ਕੂਕਿਆਂ ਦੀ ਧੀ ਹੋਣ ਦੇ ਬਾਵਜੂਦ ਐਨ ਦੂਜੇ ਪਾਸੇ ਪੈਂਦੇ ਮਹਤਵਪੂਰਨ ਸਥਾਨ ਭੈਣੀ ਸਾਹਿਬ ਕਿਵੇਂ ਵਿਸਰੇ ਰਹੇ, ਇਸ ਦਾ ਮੇਰੇ ਕੋਲ ਕੋਈ ਉਤਰ ਨਹੀਂ। ਨਾਨੀ ਦੀਆਂ ਗੱਲਾਂ ਵਿਚ ਭੈਣੀ ਸਾਹਿਬ ਦਾ ਜ਼ਿਕਰ ਤਾਂ ਆਉਂਦਾ ਸੀ ਪਰ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ, ਬੰਦਾ ਬਹਾਦਰ ਦਾ ਡੰਕਾ ਸਮਰਾਲਾ-ਮਾਛੀਵਾੜਾ ਦੀ ਧਰਤੀ ਨਾਲੋਂ ਮੇਰੇ ਬਾਲ ਮਨ ਨੂੰ ਸਰਹਿੰਦ ਵਾਲੇ ਪਾਸੇ ਖਿਚ ਲੈ ਜਾਂਦਾ ਸੀ। ਉਸ ਉਮਰ ਵਿਚ ਜਿਨ੍ਹਾਂ ਕਿੱਸਿਆਂ ਨੇ ਮੈਨੂੰ ਪ੍ਰਭਾਵਤ ਕੀਤਾ, ਉਹ ਵੀ ਭੈਣੀ ਸਾਹਿਬ ਦੇ ਮਹੱਤਵ ਨੂੰ ਉਘਾੜਨ ਵਾਲੇ ਨਹੀਂ ਸਨ। ਅਪਣੀ ਅੱਧੀ ਉਮਰ ਦਿੱਲੀ ਵਿਚ ਬਿਤਾਉਣ ਉਪਰੰਤ ਹਰਵਿੰਦਰ ਸਿੰਘ ਹੰਸਪਾਲ ਨਾਲ ਹੋਈ ਇੱਕ ਬੈਠਕ ਦੌਰਾਨ ਬਾਬਾ ਰਾਮ ਸਿੰਘ ਜੀ ਵਲੋਂ ਸੁਤੰਤਰਤਾ ਸੰਗਰਾਮ ਤੋਂ ਹਟਵੇਂ ਪਰ ਸਮਾਜਕ ਤੇ ਸਭਿਆਚਾਰਕ ਕਲਿਆਣ ਵਿਚ ਪਾਏ ਯੋਗਦਾਨ ਦੀ ਗੱਲ ਹੋਈ ਤਾਂ ਮੈਂ ਦਿੱਲੀ ਤੋਂ ਉਚੇਚੇ ਤੌਰ 'ਤੇ ਭੈਣੀ ਸਾਹਿਬ ਦੇ ਦੌਰੇ ਉਤੇ ਆਇਆ। ਦੌਰਾ ਸਰਕਾਰੀ ਸੀ, ਕੇਂਦਰ ਦੇ ਖੇਤੀ ਮੰਤਰਾਲੇ ਵਲੋਂ ਵਿੱਢੇ ਗਏ ਸੰਘਣੀ ਖੇਤੀ ਪ੍ਰੋਗਰਾਮ ਨਾਲ ਸਬੰਧਤ, ਜਿਸ ਦੇ ਅਧੀਨ ਲੁਧਿਆਣਾ ਨੂੰ ਦੇਸ਼ ਭਰ ਦੇ ਦਰਜਨ ਭਰ ਜ਼ਿਲਿਆਂ ਵਿਚ ਸ਼ਾਮਲ ਕੀਤਾ ਗਿਆ ਸੀ, ਜਿਨ੍ਹਾਂ ਨੇ ਪੂਰੇ ਦੇਸ਼ ਦੀ ਖੇਤੀ ਦਾ ਮਾਡਲ ਬਣਨਾ ਸੀ। ਹਰਿਆਣਾ ਵਿਚੋਂ ਇਹ ਸਥਾਨ ਕਰਨਾਲ ਨੂੰ ਪ੍ਰਾਪਤ ਸੀ ਤੇ ਹੋਰਨਾਂ ਰਾਜਾਂ ਵਿਚੋਂ 10-12 ਹੋਰ ਜ਼ਿਲਿਆਂ ਨੂੰ। ਸਮਰਾਲਾ ਜ਼ਿਲਾ ਲੁਧਿਆਣਾ ਦੀ ਉਘੀ ਤਹਿਸੀਲ ਮੰਨੀ ਜਾਂਦੀ ਹੈ।

ਚੰਡੀਗੜ੍ਹ-ਲੁਧਿਆਣਾ ਮਾਰਗ ਉਤੇ ਨੀਲੋਂ ਦੇ ਪੁਲ ਵਾਲੀ ਨਹਿਰ ਸਰਹਿੰਦ ਦੀ ਬੁੱਕਲ ਵਿਚ ਪੈਂਦਾ ਭੈਣੀ ਸਾਹਿਬ ਸਤਿਗੁਰੂ ਰਾਮ ਸਿੰਘ ਦੇ ਵਿੱਢੇ ਸਮਾਜ ਕਲਿਆਣ ਵਾਲੇ ਕਾਰਜਾਂ ਕਾਰਨ ਰਮਣੀਕ ਵੀ ਲੱਗਿਆ ਤੇ ਮਹਾਨ ਵੀ। ਜੂਨ ਮਹੀਨੇ ਦੀ 9 ਤਰੀਕ ਨੂੰ ਭੈਣੀ ਸਾਹਿਬ ਵਿਖੇ ਵਰਤਮਾਨ ਸੰਚਾਲਕ ਠਾਕਰ ਉਦੈ ਸਿੰਘ ਦੀ ਦੇਖ ਰੇਖ ਵਿਚ ਉਨ੍ਹਾਂ ਕਾਰਜਾਂ ਦੀ 150 ਵੀਂ ਵਰ੍ਹੇ ਗੰਢ ਮਨਾਈ ਗਈ ਤਾਂ ਬਾਬਾ ਰਾਮ ਸਿੰਘ ਦੀ ਦੇਣ ਨੂੰ ਸ਼ਰਧਾ ਦੇ ਫੁੱਲ ਚੜ੍ਹਾਏ ਗਏ। ਮੇਰੀ ਵਾਰੀ ਆਈ ਤਾਂ ਮੈਨੂੰ ਆਪਣੀ ਨਾਨੀ ਚੇਤੇ ਆ ਗਈ ਜਿਹੜੀ ਅਪਣੇ



*ਅੰਮ੍ਰਿਤਪਾਨ ਕਰਨ ਰਹੀਆਂ ਨਾਮਧਾਰੀ ਬੀਬੀਆਂ*

ਸ਼ਾਹੂਕਾਰਾ ਕਰਨ ਤੇ ਸ਼ਿਕਾਰ ਖੇਡਣ ਵਾਲੇ ਪਤੀ ਭਾਵ ਮੇਰੇ ਨਾਨੇ ਨੂੰ ਆਪਣੇ ਆਪ ਨੂੰ ਕੂਕਿਆਂ ਦੀ ਧੀ ਕਹਿ ਕੇ ਉਚਾ ਬੋਲਣੋਂ ਵਰਜ ਦਿੰਦੀ ਸੀ। ਉਸ ਨੂੰ ਇਹ ਸ਼ਕਤੀ ਬਾਬਾ ਰਾਮ ਸਿੰਘ ਵਲੋਂ 150 ਸਾਲ ਪਹਿਲਾਂ ਇਸਤਰੀ ਨੂੰ ਦਿੱਤੀ ਬਰਾਬਰੀ ਦੀ ਧਾਰਨਾ ਵਿਚੋਂ ਮਿਲੀ ਹੋਈ ਸੀ। ਬਾਬਾ ਜੀ ਨੇ ਇਕ ਮਹਤਵਪੂਰਨ ਹੁਕਮਨਾਮੇ ਰਾਹੀਂ ਧੀ ਨੂੰ ਮਾਰਨ, ਵੇਚਣ ਤੇ ਵੱਟਾ ਕਰਨ ਵਾਲੇ ਮਾਪਿਆਂ ਦਾ ਬਾਈਕਾਟ ਕਰਨ ਤੇ ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਗੁਰਮੁਖੀ ਅਖਰਾਂ ਦਾ ਗਿਆਨ ਪ੍ਰਾਪਤ ਕਰਨ ਦੇ ਨਾਲ ਨਾਲ ਲੜਕੇ ਲੜਕੀਆਂ ਦੀ ਸ਼ਾਦੀ ਵਾਸਤੇ ਉਮਰ ਵੀ ਨਿਸ਼ਚਿਤ ਕੀਤੀ ਸੀ। ਅਪਣੇ ਵਚਨਾਂ ਨੂੰ ਅਮਲੀ ਜਾਮਾ ਪਹਿਨਾਉਣ ਹਿੱਤ ਸੰਨ 1863 ਦੀ ਪਹਿਲੀ ਜੂਨ ਨੂੰ ਲੁਧਿਆਣਾ ਜ਼ਿਲੇ ਦੇ ਪਿੰਡ ਸਿਆੜ੍ਹ ਵਿਖੇ ਬੀਬੀਆਂ ਨੂੰ ਮਰਦਾਂ ਦੇ ਬਰਾਬਰ ਅੰਮ੍ਰਿਤ ਛਕਾਉਣ ਦੀ ਉਪਕਾਰੀ ਰਸਮ ਨਿਭਾਈ ਤੇ ਦੋ ਦਿਨ ਪਿਛੋਂ 3 ਜੂਨ ਨੂੰ ਫਿਰੋਜ਼ਪੁਰ ਦੇ ਪਿੰਡ ਖੋਟੇ ਵਿਖੇ ਸ਼ਾਸਤਰੀ ਮਰਿਆਦਾ ਤੋਂ ਹਟਵਾਂ ਗੁਰਮਤਿ ਮਰਿਆਦਾ ਵਾਲਾ ਅਨੰਦ ਕਾਰਜ ਰਚਾਇਆ। ਇਸ ਕਾਰਜ ਦੀ ਸਰਲਤਾ, ਸਾਦਗੀ ਤੇ ਸੁਹੱਪਣ ਨੂੰ ਲਿਸ਼ਕਾਉਣ ਹਿੱਤ 6 ਜੋੜਿਆ ਦੇ ਵਿਆਹ ਇਸ ਲਈ ਇਕਠੇ ਰਚਾਏ ਗਏ ਕਿ ਅਜਿਹਾ ਕੀਤਿਆਂ ਇਸ ਰਸਮ ਉਤੇ ਉਕਾ ਹੀ ਕੋਈ ਖਰਚ ਨਹੀਂ ਸੀ ਆਇਆ। ਮੁਖ ਮਨੋਰਥ ਦਾਜ ਦੀ ਪ੍ਰਥਾ ਨੂੰ ਠਲ੍ਹ ਪਾਉਣ ਦਾ ਸੀ। ਖੂਬੀ ਇਹ ਕਿ ਇਨ੍ਹਾਂ ਛੇ ਜੋੜਿਆਂ ਵਿਚੋਂ ਦੋ ਜੋੜੇ ਅਜਿਹੇ ਵੀ ਸਨ ਜਿਨ੍ਹਾਂ ਵਿਚੋਂ ਇੱਕ ਕੇਸ ਵਿਚ ਲੜਕੀ ਤਰਖਾਣਾਂ ਦੀ ਸੀ ਤੇ ਲੜਕਾ ਅਰੋੜਿਆਂ ਦਾ ਤੇ ਦੂਜੇ ਵਿਚ ਲੜਕੀ ਅਰੋੜਿਆਂ ਦੀ ਸੀ ਤੇ ਲਾੜਾ ਛੀਂਬਾ ਬਰਾਦਰੀ ਦਾ।

ਬਾਬਾ ਰਾਮ ਸਿੰਘ ਵਲੋਂ ਇਹ ਪਿਰਤ ਪਾਏ ਜਾਣ ਦਾ ਇਲਾਕੇ ਦੇ ਬ੍ਰਾਹਮਣਾਂ ਨੂੰ ਏਨਾ ਦੁੱਖ ਹੋਇਆ ਕਿ ਉਨ੍ਹਾਂ ਨੇ ਬਾਬਾ ਜੀ ਦੇ ਇਸ ਅਮਲ ਲਈ ਉਸ ਵੇਲੇ ਦੀ ਗੋਰੀ ਸਰਕਾਰ ਨੂੰ ਏਨਾ ਭੜਕਾਇਆ ਕਿ ਬਾਬਾ ਜੀ ਨੂੰ 4-5 ਦਿਨ ਬਾਘਾ ਪੁਰਾਣਾ ਦੇ ਥਾਣੇ ਹੀ ਨਹੀਂ ਰਖਿਆ ਗਿਆ ਸਗੋਂ ਪੂਰਾ ਇਕ ਮਹੀਨਾ ਭੈਣੀ ਸਾਹਿਬ ਤੋਂ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਅਗੇ ਹਾਜ਼ਰੀ ਲਾਉਣੀ ਪਈ। ਮੇਰੀ ਨਾਮਧਾਰੀ ਨਾਨੀ ਨੇ ਨਾਮਧਾਰੀ ਸਰਲਤਾ ਦਾ ਪਾਲਣ ਕਰਦਿਆਂ ਆਪਣੀਆਂ ਚਾਰੇ ਧੀਆਂ ਦੇ ਨਾਂ ਵੀ ਕਿਸੇ ਧਾਰਮਕ ਪੋਥੀ ਦਾ ਅੱਖਰ ਕੱਢੇ ਬਿਨਾ ਸਿਧੇ ਗੁਰਦਿੱਤ ਕੌਰ, ਗੁਰਚਰਨ ਕੌਰ, ਗੁਰਦੇਵ ਕੌਰ ਤੇ ਗੁਰਬਚਨ ਕੌਰ ਹੀ ਰੱਖੇ ਤੇ ਵੱਡੀਆਂ ਦੋਨੋਂ ਧੀਆਂ ਦੇ ਵਿਆਹ ਵੀ ਇੱਕੋ ਸਮੇਂ ਰਚਾਏ। ਉਨ੍ਹਾਂ 'ਚੋਂ ਦੂਜੇ ਨੰਬਰ ਵਾਲੀ ਮੇਰੀ ਮਾਂ ਸੀ।

ਜੇ ਨਾਮਧਾਰੀ ਮਰਿਆਦਾ ਦੇ ਟਾਕਰੇ ਮੁਸਲਿਮ ਮਰਿਆਦਾ ਨੂੰ ਰੱਖ ਕੇ ਵੇਖਣਾ ਹੋਵੇ ਤਾਂ ਮੈਂ ਦੱਸਣਾ ਚਾਹਾਂਗਾ ਕਿ 1998 ਦੇ ਅਪਰੈਲ ਮਹੀਨੇ ਜਦੋਂ ਮੈਂ ਤੇ ਮੇਰੀ ਪਤਨੀ ਸੁਰਜੀਤ ਕੌਰ ਨਵਾਜ਼ ਸ਼ਰੀਫ ਦੇ ਜੱਦੀ ਪਿੰਡ ਜਾਤੀ ਉਮਰਾ ਦੇ ਸਰਪੰਚ ਅਰਜਣ ਸਿੰਘ ਦੀ ਸੰਗਤ ਵਿਚ ਪਾਕਿਸਤਾਨ ਗਏ ਤਾਂ ਮੀਆਂ ਮੀਰ ਦੇ ਮਜ਼ਾਰ ਦੀ ਅੰਦਰੋਂ ਤਸਵੀਰ ਲੈਣ ਸਮੇਂ ਮੇਰੀ ਪਤਨੀ ਨੂੰ ਸਰਦਲ ਦੇ ਅੰਦਰ ਪੈਰ ਧਰਨੋਂ ਵੀ ਵਰਜ ਦਿੱਤਾ ਗਿਆ ਸੀ। ਮੁਸਲਿਮ ਮਰਿਆਦਾ ਔਰਤਾਂ ਨੂੰ ਪੂਜਨੀਕ ਅਸਥਾਨਾਂ ਦੇ ਅੰਦਰ ਜਾਣ ਦੀ ਵੀ ਆਗਿਆ ਨਹੀਂ ਦਿੰਦੀ। ਬਾਬਾ ਰਾਮ ਸਿੰਘ ਵਲੋਂ ਡੇਢ ਸੌ ਸਾਲ ਪਹਿਲਾਂ ਦਿਵਾਈ ਬਰਾਬਰੀ ਦਾ ਹੱਕ ਤਾਂ ਬਹੁਤ ਦੂਰ ਦੀ ਗੱਲ ਹੈ।

ਮੈਨੂੰ ਭੈਣੀ ਸਾਹਿਬ ਦੀ ਸੱਜਰੀ ਫੇਰੀ ਨੇ ਆਪਣੇ ਨਾਨਕਿਆਂ ਦੀ ਧਰਤੀ ਅਤੇ ਮਰਿਆਦਾ ਹੀ ਚੇਤੇ ਨਹੀ ਕਰਵਾਈ, ਨਾਮਧਾਰੀਆਂ ਦੀ ਉਸ ਵਿਚਾਰਧਾਰਾ ਦੇ ਸਨਮੁਖ ਹੋਣ ਦਾ ਮੌਕਾ ਵੀ ਦਿੱਤਾ ਜਿਹੜੀ ਕਿ ਅੰਤਾਂ ਦੀ ਕਲਿਆਣਕਾਰੀ ਹੈ। ਇਹ ਸਬੱਬ ਦੀ ਗੱਲ ਹੈ ਕਿ ਇਸ ਮਰਿਆਦਾ ਦੀ 150ਵੀਂ ਵਰ੍ਹੇਗੰਢ ਵਰਤਮਾਨ ਸੰਚਾਲਕ ਠਾਕਰ ਉਦੈ ਸਿੰਘ ਦੇ ਹਿੱਸੇ ਆਈ ਹੈ। ਇਹ ਸਬੱਬ ਕੁਝ ਇਸੇ ਤਰ੍ਹਾਂ ਦਾ ਹੈ ਜਿਹੋ ਜਿਹਾ ਦੇਸ਼ ਦੀ ਸੁਤੰਤਰਤਾ ਦਾ 50ਵਾਂ ਵਰ੍ਹਾ ਇੰਦਰ ਕੁਮਾਰ ਗੁਜਰਾਲ ਦੇ ਰਾਜ ਕਾਲ ਵਿਚ ਪੈਣਾ। ਉਸ ਗੁਜਰਾਲ ਦੇ ਜਿਹੜਾ ਪੰਜਾਬੀ ਹੀ ਨਹੀਂ, ਓਧਰਲੇ ਪੰਜਾਬ ਤੋਂ ਉਜੜ ਕੇ ਆਇਆ ਸ਼ਰਨਾਰਥੀ ਸੀ। ਮੈਂ ਡਾ. ਮਨਮੋਹਨ ਸਿੰਘ ਦੇ ਰੂਪ ਵਿਚ ਇੱਕ ਹੋਰ ਪੰਜਾਬੀ ਦਾ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਬਹਿਣਾ ਵੀ ਉਸੇ ਦਾ ਚਿਨ੍ਹਾਤਮਕ ਵਿਕਾਸ ਵੇਖਦਾ ਹਾਂ।

ਗੁਜਰਾਲ ਤੇ ਮਨਮੋਹਨ ਸਿੰਘ ਤਾਂ ਕੇਵਲ ਇੱਕ ਦੇਸ਼ ਦੇ ਪ੍ਰਧਾਨ ਮੰਤਰੀ ਬਣੇ ਹਨ, ਠਾਕਰ ਉਦੈ ਸਿੰਘ ਤਾਂ ਦੇਸ਼ਾਂ-ਦੇਸਾਂਤਰਾਂ ਵਿਚ ਪਸਰੀ ਨਾਮਧਾਰੀ ਮਰਿਆਦਾ ਦੇ ਸੰਚਾਲਕ ਹੋ ਕੇ ਉਭਰੇ ਹਨ। ਇਸ ਸਰਲ, ਸਾਦਾ ਤੇ ਸੁਹਣੀ ਮਰਿਆਦਾ ਦੇ ਭਵਿਖੀ ਵਿਕਾਸ ਦੀ ਕਾਮਨਾ ਕਰਨਾ ਸੁਭਾਵਿਕ ਵੀ ਹੈ ਤੇ ਜ਼ਰੂਰੀ ਵੀ।

**ਅੰਤਿਕਾ** (ਬਾਬਾ ਕਾਲਾ ਸਿੰਘ ਦੇ 'ਪੰਥ ਪ੍ਰਕਾਸ਼' ਵਿਚੋਂ)

ਦੇਸੀ ਕਾਟ ਸਿੱਧੀ ਸਾਦੀ ਪਹਿਰ ਲੈਣੀ,
ਬਾਣਾ ਗੁਰਮੁਖੀ ਜੋ ਚੂੜੀਦਾਰ ਬੀਬੀ।
ਰੋਣਾ ਪਿੱਟਣਾ ਸਿਆਪਾ ਨਾ ਕਰੀਂ ਜਾ ਕੇ,
ਮਰੇ ਸਾਕ ਸਨਬੰਧ, ਵਿਚਾਰ ਬੀਬੀ।
ਲੋਰੀ ਦੇਣੀ ਹੈ, ਦੇਸ਼ ਅਜ਼ਾਦ ਕਰਨਾ,
ਕਰਨਾ ਦੇਸ਼ ਨੂੰ ਸਦਾ ਪਿਆਰ ਬੀਬੀ।

# ਕ੍ਰਿਕਟ ਚੜ੍ਹੀ ਕਾਲੇ ਧੰਦੇ ਵਾਲਿਆਂ ਦੇ ਢਹੇ

**ਖੇਡ ਤੇ ਖਿਡਾਰੀ**

ਕ੍ਰਿਕਟ ਜੋ ਜੈਂਟਲਮੈਨਾਂ ਦੀ ਖੇਡ ਕਹੀ ਜਾਂਦੀ ਸੀ, ਹੌਲੀ ਹੌਲੀ ਕਾਲੇ ਧੰਦੇ ਵਾਲਿਆਂ ਦੇ ਢਹੇ ਚੜ੍ਹ ਗਈ ਹੈ। ਚਾਲੀ ਹਜ਼ਾਰ ਕਰੋੜ ਰੁਪਿਆ ਕਹਿ ਦੇਣੀ ਗੱਲ ਹੈ। ਢੇਰ ਲੱਗ ਜਾਂਦੇ ਨੇ ਨੋਟਾਂ ਦੇ ਜਿਨ੍ਹਾਂ ਨੂੰ ਹੱਥਾਂ ਨਾਲ ਨਹੀਂ ਮਸ਼ੀਨਾਂ ਨਾਲ ਹੀ ਗਿਣਿਆ ਜਾ ਸਕਦੈ। ਏਨੇ ਪੈਸਿਆਂ ਨਾਲ ਦੇਸ਼ ਭਰ 'ਚ ਸੈਂਕੜੇ ਹਸਪਤਾਲ, ਸਕੂਲ, ਕਾਲਜ, ਯੂਨੀਵਰਸਿਟੀਆਂ ਤੇ ਖੇਡਾਂ ਦੇ ਅਦਾਰੇ ਚਲਾਏ ਜਾ ਸਕਦੇ ਨੇ। ਨਹਿਰਾਂ ਕੱਢੀਆਂ, ਕਾਰਖਾਨੇ ਲਾਏ ਤੇ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਦੇ ਨੇ। ਭੇਤ ਖੁੱਲ੍ਹਿਆ ਹੈ ਕਿ ਕ੍ਰਿਕਟ ਦੀ ਆਈ




**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**


ਪੀ ਐਲ 'ਚ ਏਨੇ ਪੈਸਿਆਂ ਦਾ ਸੱਟਾ ਲੱਗਾ ਸੀ! ਸੱਟੇਬਾਜ਼ਾਂ ਵੱਲੋਂ ਮਰਜ਼ੀ ਦਾ ਓਵਰ ਸੁਟਵਾਉਣ ਲਈ ਕਿਸੇ ਖਿਡਾਰੀ ਨੂੰ ਚਾਲੀ ਲੱਖ ਤੇ ਕਿਸੇ ਨੂੰ ਸੱਠ ਲੱਖ ਦੀ ਵੱਢੀ ਦਿੱਤੀ ਗਈ। ਚੌਕੇ ਛਿੱਕੇ ਲੱਖਾਂ 'ਚ ਲੱਗੇ। ਹਰ ਮੈਚ ਦਾ ਸੱਟਾ ਤਿੰਨ ਤੋਂ ਪੰਜ ਸੌ ਕਰੋੜ ਤਕ ਗਿਆ। ਸੱਚੀ ਗੱਲ ਤਾਂ ਇਹ ਹੈ ਕਿ ਕ੍ਰਿਕਟ ਹੁਣ ਜੈਂਟਲਮੈਨਾਂ ਦੀ ਖੇਡ ਰਹੀ ਹੀ ਨਹੀਂ, ਜੁਆਰੀਆਂ ਦਾ ਜੂਆ ਬਣ ਗਈ ਹੈ। ਕੋਈ ਵੀ ਖੇਡ ਜਦੋਂ ਪੈਸੇ ਦੇ ਢਹੇ ਚੜ੍ਹ ਜਾਵੇ ਤਾਂ ਉਹਦੇ 'ਚੋਂ ਖੇਡ ਭਾਵਨਾ ਅਲੋਪ ਹੋ ਜਾਂਦੀ ਹੈ ਤੇ ਨੋਟ ਲਾਲਸਾ ਭਾਰੂ ਹੋ ਜਾਂਦੀ ਹੈ। ਖਿਡਾਰੀ ਉਂਜ ਹੀ ਵਿਕਣ ਲੱਗਦੇ ਹਨ ਜਿਵੇਂ ਘੋੜੇ ਵਿਕਦੇ ਜਾਂ ਜਿਣਸਾਂ ਵਿਕਦੀਆਂ ਹਨ।

ਪਹਿਲਵਾਨ ਦਾਰਾ ਸਿੰਘ ਨੇ ਕੁਸ਼ਤੀਆਂ ਤੇ ਫਿਲਮਾਂ ਵਿਚ ਬੜਾ ਨਾਂ ਕਮਾਇਆ। ਉਹ ਗਰੀਬ ਕਿਸਾਨ ਦੇ ਘਰ ਜੰਮਿਆ ਸੀ। ਕਿੱਲਿਆਂ 'ਚ ਨਹੀਂ ਕਨਾਲਾਂ 'ਚ ਜ਼ਮੀਨ ਆਉਂਦੀ ਸੀ ਉਹਦੇ ਹਿੱਸੇ। ਉਹ ਮਜਬੂਰੀ ਵੱਸ ਰੋਟੀ ਕਮਾਉਣ ਮਲਾਇਆ ਸਿੰਗਾਪੁਰ ਗਿਆ ਸੀ। ਉਥੇ ਉਹ ਕੁਸ਼ਤੀਆਂ ਕਰਨੀਆਂ ਸਿੱਖਿਆ ਤੇ ਮਿਹਨਤ ਕਰ ਕੇ ਵੱਡਾ ਪਹਿਲਵਾਨ ਬਣਿਆ। ਫਿਰ ਉਹਦੇ ਵਾਰੇ ਨਿਆਰੇ ਹੋਣ ਲੱਗੇ ਪਰ ਉਹਨੇ ਪੈਰ ਨਾ ਛੱਡੇ। ਉਹ ਨਿਮਰ ਤੇ ਮਿਲਾਪੜਾ ਸੱਜਣ ਬਣਿਆ ਰਿਹਾ। ਮੁੰਬਈ ਵਿਚ ਉਹਦੇ ਨਾਂ ਦੀ ਗੁੱਡੀ ਚੜ੍ਹੀ ਰਹੀ। ਉਹ ਇਮਾਨਦਾਰ ਰਿਹਾ ਤੇ ਉਹਦੀ ਇਮਾਨਦਾਰੀ ਨੂੰ ਫਲ ਵੀ ਬੜਾ ਲੱਗਾ। ਉਹ ਆਪਣੇ ਪੁੱਤਰਾਂ-ਪੋਤਰਿਆਂ ਲਈ ਚੋਖੀ ਜਾਇਦਾਦ ਛੱਡ ਕੇ ਗਿਆ ਕਿ ਉਹ ਸੁਖੀ ਵਸਣ। ਪਰ ਉਹਦੇ ਇਕ ਐਕਟਰ ਪੁੱਤ ਵਿੰਦੂ ਨੇ ਕ੍ਰਿਕਟ ਦੇ ਸੱਟੇ 'ਚ ਨਾ ਸਿਰਫ ਆਪਣੀ ਬਦਨਾਮੀ ਕਰਵਾਈ, ਨਾਲ ਅੰਤਾਂ ਦੇ ਸ਼ਰੀਫ ਬੰਦੇ ਦਾਰਾ ਸਿੰਘ ਦਾ ਨਾਂ ਵੀ ਬੱਦੂ ਕਰ ਦਿੱਤਾ।

ਵਿੰਦੂ ਦਾਰਾ ਸਿੰਘ ਕੋਲ ਪੈਸੇ ਦੀ ਕਮੀ ਨਹੀਂ ਸੀ, ਕਮੀ ਸੀ ਤਾਂ ਬੱਸ ਸਬਰ ਸੰਤੋਖ ਦੀ, ਜੋ ਉਸ ਤੋਂ ਹੋ ਨਾ ਸਕਿਆ। ਚੰਡੀਗੜ੍ਹ ਦਾ ਦਾਰਾ ਸਟੂਡੀਓ ਤੇ ਮੁੰਬਈ ਦੇ ਫਲੈਟ ਅਰਬਾਂ ਖਰਬਾਂ ਦੇ ਹਨ। ਕ੍ਰਿਕਟ ਦੇ ਜਿਹੜੇ ਖਿਡਾਰੀ ਪੈਸੇ ਦੇ ਲਾਲਚ ਵਿਚ ਵਿਕੇ, ਪੈਸੇ ਦੀ ਕਮੀ ਉਨ੍ਹਾਂ ਕੋਲ ਵੀ ਨਹੀਂ ਸੀ ਤੇ ਨਾਂ ਕ੍ਰਿਕਟ ਬੋਰਡ ਦਾ ਜੁਆਈ ਨੰਗ ਮਲੰਗ ਸੀ। ਦੌਲਤ ਹੁੰਦਿਆਂ ਵੀ ਉਹ ਦੌਲਤ ਨਾਲ ਰੱਜ ਨਾ ਸਕੇ। ਉਨ੍ਹਾਂ ਨੇ ਕ੍ਰਿਕਟ ਦੇ ਨਾਂ 'ਤੇ ਵਹਿੰਦੀ ਮਾਇਆ ਦੀ ਨਦੀ 'ਚੋਂ ਹੱਥ ਧੋਂਦਿਆਂ ਛਾਲਾਂ ਮਾਰਨ ਦੀ ਕੀਤੀ। ਵਿੰਦੂ ਆਪ ਤਾਂ ਡੁੱਬਾ, ਨਾਲ ਕਈ ਹੋਰਨਾਂ ਨੂੰ ਵੀ ਲੈ ਡੁੱਬਾ!

ਭਾਰਤ ਵਿਚ ਕ੍ਰਿਕਟ ਦਾ ਬੁਖਾਰ ਦੋ ਮਹੀਨੇ ਜ਼ੋਰਾਂ ਉਤੇ ਰਿਹਾ। ਇਸ ਦੀ ਆਈ ਪੀ ਐਲ ਜੁ ਚਲਦੀ ਸੀ ਜਿਸ ਨੂੰ ਮਜ਼ਾਕ ਨਾਲ ਇੰਡੀਅਨ ਪੈਸਾ ਲੀਗ ਵੀ ਕਿਹਾ ਜਾਂਦਾ ਹੈ। ਪ੍ਰਿੰਟ ਮੀਡੀਏ ਤੋਂ ਲੈ ਕੇ ਬਿਜਲਈ ਮੀਡੀਏ ਤਕ ਹਰ ਪਾਸੇ ਕ੍ਰਿਕਟ-ਕ੍ਰਿਕਟ ਹੋ ਰਹੀ ਸੀ। ਕੰਮ ਕਾਰ ਦੇ ਅਰਬਾਂ ਖਰਬਾਂ ਘੰਟੇ ਕ੍ਰਿਕਟ ਦੇ ਖਾਤੇ ਖਪਤ ਹੋਏ। ਦੂਰੋਂ ਕੋਈ ਇਸ਼ਾਰਾ ਕਰਦਾ ਤਾਂ ਸਮਝ ਲਓ ਉਹ ਕ੍ਰਿਕਟ ਦਾ ਸਕੋਰ ਪੁੱਛਦਾ ਸੀ। ਪੁੱਛਦਾ ਸੀ ਪਈ ਆਈ ਪੀ ਐਲ 'ਚ ਟੀਮਾਂ ਦੀ ਪੁਜ਼ੀਸ਼ਨ ਕੀ ਐ? ਕ੍ਰਿਕਟ ਪ੍ਰੇਮੀ ਕਿਸੇ ਦੇ ਦਾਹ ਸਸਕਾਰ 'ਤੇ ਵੀ ਗਏ ਹੁੰਦੇ ਤਾਂ ਵੀ ਮੋਬਾਈਲ ਦੇ ਜਰੀਏ ਕ੍ਰਿਕਟ ਦਾ ਸਕੋਰ ਸੁਣਨੋ ਨਾ ਟਲਦੇ!

ਕ੍ਰਿਕਟ ਦਾ ਜਨਮ ਇੰਗਲੈਂਡ ਵਿਚ ਹੋਇਆ ਸੀ। ਇਹ ਬਰਤਾਨੀਆ ਦੇ ਵਿਹਲੜ ਲਾਰਡਾਂ ਦੀ ਖੇਡ ਸੀ। ਫਿਰ ਅੰਗਰੇਜ਼ ਜਿਥੇ-ਜਿਥੇ ਰਾਜ ਕਰਨ ਗਏ, ਕ੍ਰਿਕਟ ਵੀ ਨਾਲ ਈ ਲੈ ਜਾਂਦੇ ਰਹੇ। ਹੁਣ ਇਹ ਖੇਡ ਖੇਡਦੇ ਵੀ ਕਾਮਨਵੈਲਥ ਮੁਲਕਾਂ ਦੇ ਦੇਸ਼ ਹੀ ਹਨ। ਮਸਲਨ ਹਿੰਦ ਮਹਾਂਦੀਪ ਦੇ ਭਾਰਤ, ਪਾਕਿਸਤਾਨ, ਸ੍ਰੀਲੰਕਾ ਤੇ ਬੰਗਲਾ ਦੇਸ਼, ਅਫਰੀਕਾ ਮਹਾਂਦੀਪ ਦੇ ਜਮਾਇਕਾ ਤੇ ਦੱਖਣੀ ਅਫਰੀਕਾ ਤੇ ਆਸਟ੍ਰੇਲੀਆ ਨਿਊਜ਼ੀਲੈਂਡ। ਯੂਰਪ ਦਾ ਇਕੋ ਮੁਲਕ ਇੰਗਲੈਂਡ ਹੀ ਕ੍ਰਿਕਟ ਖੇਡਦੈ। ਓਲੰਪਿਕ ਖੇਡਾਂ 'ਚ ਵਧੇਰੇ ਤਗਮੇ ਜਿੱਤਣ ਵਾਲੇ ਅਮਰੀਕਾ, ਚੀਨ, ਰੂਸ, ਜਪਾਨ, ਕੋਰੀਆ, ਫਰਾਂਸ, ਬਰਾਜ਼ੀਲ ਤੇ ਜਰਮਨੀ ਵਰਗੇ ਮੁਲਕਾਂ ਨੇ ਕ੍ਰਿਕਟ ਆਪਣੇ ਵਿਹੜੇ ਨਹੀਂ ਵੜਨ ਦਿੱਤੀ।




ਇਹ ਲੰਮਾ ਸਮਾਂ ਲੈਣ ਵਾਲੀ ਖੇਡ ਅਮੀਰ ਲਾਰਡਾਂ ਦੇ ਹੀ ਅਨੁਕੂਲ ਸੀ। ਕੰਮੀਂ ਕਾਰੀਂ ਲੱਗੇ ਲੋਕਾਂ ਦੇ ਤਾਂ ਘੱਟ ਸਮਾਂ ਲੈਣ ਵਾਲੀਆਂ ਖੇਡਾਂ ਹੀ ਮਾਫਕ ਸਨ ਜੋ ਕ੍ਰਿਕਟ ਨਾਲੋਂ ਪੈਂਦੀਆਂ ਵੀ ਸਸਤੀਆਂ ਸਨ। ਖੇਡਾਂ ਤੋਂ ਚੇਤਨ ਦੇਸ਼ ਅਜੇ ਵੀ ਕ੍ਰਿਕਟ ਦੀ ਲਾਗ ਤੋਂ ਬਚੇ ਹੋਏ ਨੇ।

ਇੰਗਲੈਂਡ ਵਿਚ ਜਦ ਧੁੱਪ ਨਿਕਲਦੀ ਸੀ ਤਾਂ ਵਿਹਲੇ ਲਾਰਡ ਗੇਂਦ ਬੱਲੇ ਨਾਲ ਖੇਡਦੇ ਸਾਰੀ ਦਿਹਾੜੀ ਧੁੱਪ ਸੇਕੀ ਜਾਂਦੇ ਸਨ। ਇਹ ਉਨ੍ਹਾਂ ਦਾ ਟਾਈਮਪਾਸ ਸੀ ਤੇ ਸ਼ੁਗਲ ਦਾ ਸ਼ੁਗਲ! ਜਦੋਂ ਉਹ ਹਿੰਦੋਸਤਾਨ ਆਏ ਤਾਂ ਉਨ੍ਹਾਂ ਨੇ ਇਥੋਂ ਦੇ ਰਈਸ ਆਪਣੇ ਨਾਲ ਖੇਡਣ ਲਾ ਲਏ। ਰਈਸਾਂ ਦੇ ਵੀ ਇਹ ਖੇਡ ਫਿੱਟ ਬੈਠਦੀ ਸੀ। ਰੀਸੋ ਰੀਸ ਰਿਆਸਤਾਂ ਦੇ ਨਵਾਬ ਤੇ ਰਾਜੇ ਮਹਾਰਾਜੇ ਵੀ ਕ੍ਰਿਕਟ ਖੇਡਣ ਲੱਗੇ। ਜਿਹੜਾ ਕੁਝ ਅਮੀਰ ਵਰਗ ਕਰਨ ਲੱਗ ਪਵੇ ਉਹਦੀ ਰੀਸ ਫਿਰ ਗਰੀਬ ਵਰਗ ਵੀ ਕਰਨ ਲੱਗ ਪੈਂਦੈ। ਆਮ ਲੋਕ ਕ੍ਰਿਕਟ ਮਗਰ ਇਸੇ ਤਰ੍ਹਾਂ ਹੀ ਲੱਗੇ ਹਨ। ਕ੍ਰਿਕਟ ਹਿੰਦ ਮਹਾਂਦੀਪ ਦੇ ਲੋਕਾਂ ਨੂੰ ਨਸ਼ੇ ਵਾਂਗ ਚੜ੍ਹ ਚੁੱਕੀ ਹੈ। ਆਈ ਪੀ ਐਲ ਦੇ ਮੈਚਾਂ ਦੌਰਾਨ ਹਿੰਦਵਾਸੀ ਸੱਚੀਮੁੱਚੀਂ ਨਸ਼ੱਈਆਂ ਵਾਂਗ ਵਿਚਰੇ ਹਨ। ਮੀਡੀਏ ਦਾ ਰੋਲ ਵੀ ਲੋਕਾਂ ਨੂੰ ਕ੍ਰਿਕਟ ਦੇ ਨਸ਼ੱਈ ਕਰਨ ਵਾਲਾ ਸੀ। ਖਾਸ ਕਰ ਕੇ ਬਿਜਲਈ ਮੀਡੀਏ ਦਾ।

ਟੀ. ਵੀ. ਚੈਨਲਾਂ ਨੂੰ ਕ੍ਰਿਕਟ ਪੈਸਾ ਵੀ ਬੜਾ ਦਿੰਦੀ ਦੁਆਉਂਦੀ ਹੈ। ਇਹ ਕਿਹੜਾ ਹਾਕੀ, ਕਬੱਡੀ, ਬਾਸਕਟਬਾਲ, ਵਾਲੀਬਾਲ ਜਾਂ ਫੁਟਬਾਲ ਦਾ ਮੈਚ ਹੈ ਜਿਹੜਾ ਘੰਟੇ ਡੇਢ ਘੰਟੇ ਵਿਚ ਮੁੱਕ ਜਾਵੇਗਾ। ਅਜਿਹੇ ਮੈਚਾਂ ਵਿਚ ਖੜੋਤ ਕੋਈ ਨਹੀਂ ਹੁੰਦੀ ਯਾਨਿ ਖੱਪੇ ਨਹੀਂ ਹੁੰਦੇ। ਕ੍ਰਿਕਟ ਦੀ ਖੇਡ ਤਾਂ ਇਕ ਦਿਨ ਤੋਂ ਲੈ ਕੇ ਪੰਜਾਂ ਦਿਨਾਂ ਦੀ ਹੈ ਤੇ ਇਹਦੇ ਵਿਚ ਗੈਪ ਹੀ ਗੈਪ ਹਨ ਜਿਥੇ ਜਿੰਨੀਆਂ ਮਰਜ਼ੀ ਐਡਾਂ ਭਰ ਦਿੱਤੀਆਂ ਜਾਣ। ਇਹ ਹੈ ਵਿਹਲੇ ਲਾਰਡਾਂ ਦੀ ਖੇਡ ਨੂੰ ਆਮ ਕਿਰਤੀ ਲੋਕਾਂ 'ਤੇ ਸਵਾਰ ਕਰਨ ਦਾ ਰਾਜ਼। ਉਤੋਂ ਕਾਲੇ ਧਨ ਨੇ ਕ੍ਰਿਕਟ ਖਿਡਾਰੀਆਂ ਦੀਆਂ ਜ਼ੇਬਾਂ ਵੀ ਭਰੀਆਂ ਹਨ ਤੇ ਸੱਟੇਬਾਜ਼ਾਂ ਦੇ ਵੀ ਵਾਰੇ ਨਿਆਰੇ ਕੀਤੇ ਹਨ। ਅਰਬਾਂ-ਖਰਬਾਂ ਦਾ ਜੂਆ ਖੇਡਿਆ ਗਿਆ ਹੈ ਕ੍ਰਿਕਟ ਦੇ ਜ਼ਰੀਏ। ਟਿਕਟਾਂ ਦੀ ਬਲੈਕ ਵੀ ਇਸੇ ਦਾ ਹਿੱਸਾ ਹੈ ਅਤੇ ਮੈਚ ਫਿਕਸਿੰਗ ਤੇ ਸਪਾਟ ਫਿਕਸਿੰਗ ਵੀ ਇਸੇ ਵਿਚ ਆਉਂਦੀ ਹੈ। ਕਾਲੀ ਕਮਾਈ ਨੇ ਕਈਆਂ ਦੇ ਮੂੰਹ ਕਾਲੇ ਕੀਤੇ ਹਨ ਤੇ ਕ੍ਰਿਕਟ ਨੂੰ ਵੀ ਕਾਲਖ ਮਲ ਦਿੱਤੀ ਹੈ। ਬਥੇਰੇ ਹਨ ਜਿਹੜੇ ਤਰੀਕਾਂ ਭੁਗਤਣਗੇ।

ਕੁਝ ਸੁਆਲ ਮਨ 'ਚ ਉਠਦੇ ਹਨ। ਕ੍ਰਿਕਟ ਦਾ ਵਰਲਡ ਕੱਪ ਤਾਂ ਭਾਰਤ ਨੇ ਦੋ ਵਾਰ ਜਿੱਤ ਲਿਆ ਹੈ ਤੇ ਆਈ ਪੀ ਐਲ ਵੀ ਕਰਾਈ ਜਾ ਰਿਹੈ। ਕੀ ਉਹ 125 ਕਰੋੜ ਲੋਕਾਂ ਦੀ ਜਨ ਸੰਖਿਆ ਨਾਲ 2016 ਵਿਚ ਬਰਜ਼ੀਲ ਵਿਖੇ ਹੋ ਰਹੀਆਂ ਓਲੰਪਿਕ ਖੇਡਾਂ 'ਚ ਕੋਈ ਕ੍ਰਿਸ਼ਮਾ ਕਰੇਗਾ? ਹਜ਼ਾਰ ਕੁ ਮੈਡਲਾਂ ਵਿਚੋਂ ਕਿੰਨੇ ਮੈਡਲ ਜਿੱਤੇਗਾ? ਫੁਟਬਾਲ ਦਾ ਵਰਲਡ ਕੱਪ ਖੇਡਣ ਲਈ ਕਦੋਂ ਕੁਆਲੀਫਾਈ ਕਰੇਗਾ? ਹਾਕੀ ਦਾ ਵਰਲਡ ਕੱਪ ਦੂਜੀ ਵਾਰ ਕਦੋਂ ਜਿੱਤੇਗਾ? ਕਦੇ ਅਥਲੈਟਿਕਸ ਵਿਚ ਵੀ ਓਲੰਪਿਕ ਖੇਡਾਂ 'ਚੋਂ ਕੋਈ ਤਮਗਾ ਹਾਸਲ ਕਰੇਗਾ? ਹੋਰ ਕਿਹੜੀਆਂ ਖੇਡਾਂ ਹਨ ਜਿਨ੍ਹਾਂ 'ਚ ਕੋਈ ਮਾਅਰਕਾ ਮਾਰੇਗਾ? ਪੰਜ ਸੱਤ ਨਹੀਂ, ਓਲੰਪਿਕ ਖੇਡਾਂ ਵਿਚ ਅਠਾਈ ਖੇਡਾਂ ਹਨ। ਕੀ ਉਹ ਕ੍ਰਿਕਟ ਤੋਂ ਮਾੜੀਆਂ ਹਨ? ਭਾਰਤ ਕੋਲ ਕ੍ਰਿਕਟ ਲਈ ਤਾਂ ਅਰਬਾਂ-ਖਰਬਾਂ ਰੁਪਏ ਹਨ, ਹੋਰਨਾਂ ਖੇਡਾਂ ਲਈ ਕਰੋੜਾਂ ਵੀ ਕਿਓਂ ਨਹੀਂ? ਇਹਦਾ ਕਾਰਨ ਕਿਤੇ ਕ੍ਰਿਕਟ ਦਾ ਲਾਰਡਾਂ ਦੀ ਲਾਡਲੀ ਧੀ ਤੇ ਅੰਡਰ ਵਰਲਡ ਦੇ ਵੈਲੀਆਂ ਦੀ ਰਖੇਲ ਹੋਣਾ ਤਾਂ ਨਹੀਂ?

# ਬਹਾਦਰ ਸਿੰਘਣੀਆਂ-2



ਡਾ. ਗੁਰਨਾਮ ਕੌਰ, ਕੈਨੇਡਾ

**ਬੀਬੀ ਸ਼ਰਨ ਕੌਰ:** ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਦੀ ਹੀ ਬੀਬੀ ਸ਼ਰਨ ਕੌਰ ਦਾ ਨਾਂ ਵੀ ਬਹੁਤ ਮਾਣ ਅਤੇ ਸਤਿਕਾਰ ਨਾਲ ਲਿਆ ਜਾਂਦਾ ਹੈ ਕਿਉਂਕਿ ਉਹ ਅਜਿਹੀ ਬਹਾਦਰ ਬੀਬੀ ਹੋਈ ਹੈ ਜਿਸ ਨੇ ਖਤਰਿਆਂ ਨਾਲ ਖੇਲਣ ਤੋਂ ਕਦੇ ਗੁਰੇਜ਼ ਨਹੀਂ ਸੀ ਕੀਤਾ ਅਤੇ ਤਨੋਂ, ਮਨੋਂ ਸਿੱਖ ਰਾਜ ਦੀ ਸੇਵਾ ਕੀਤੀ। ਸ਼ਰਨ ਕੌਰ ਦਾ ਮੁਢਲਾ ਨਾਂ ਸ਼ਰਨੀ ਸੀ ਜੋ ਉਤਰੀ-ਪੱਛਮੀ ਪੰਜਾਬ ਦੇ ਇੱਕ ਹਿੰਦੂ ਪਰਿਵਾਰ ਵਿਚ ਪੈਦਾ ਹੋਈ। ਇਸ ਇਲਾਕੇ ਵਿਚ ਹਿੰਦੂ ਵੱਸੋਂ ਨਾਂਮਾਤਰ ਸੀ ਅਤੇ 90% ਤੋਂ ਵੀ ਵੱਧ ਵੱਸੋਂ ਮੁਸਲਮਾਨ ਪਠਾਣਾਂ ਅਤੇ ਅਫਗਾਨਾਂ ਦੀ ਸੀ। ਸ਼ਰਨ ਕੌਰ ਦਾ ਪਿਤਾ ਇੱਕ ਆਮ ਦੁਕਾਨਦਾਰ ਸੀ। 16 ਸਾਲ ਦੀ ਉਮਰ ਤੱਕ ਪਹੁੰਚਦਿਆਂ ਸ਼ਰਨ ਕੌਰ ਦਾ ਵਿਆਹ ਨੇੜੇ ਦੇ ਪਿੰਡ ਦੇ ਨੌਜੁਆਨ ਜਗਤ ਰਾਮ ਨਾਲ ਹੋ ਗਿਆ। ਦੋਵਾਂ ਪਿੰਡਾਂ ਦੇ ਰਸਤੇ ਵਿਚ ਜੰਗਲ ਪੈਂਦਾ ਸੀ। ਜਦੋਂ ਬਰਾਤ ਡੋਲੀ ਲੈ ਕੇ ਵਾਪਸ ਆਪਣੇ ਪਿੰਡ ਨੂੰ ਆ ਰਹੀ ਸੀ ਤਾਂ ਜੰਗਲ ਵਿਚੋਂ ਗੁਜ਼ਰਦਿਆਂ ਹਥਿਆਰਬੰਦ ਡਾਕੂਆਂ ਦੇ ਗਰੋਹ ਨੇ ਬਰਾਤੀਆਂ 'ਤੇ ਹਮਲਾ ਕਰ ਦਿੱਤਾ। ਉਨ੍ਹਾਂ ਨੇ ਹੁਕਮ ਦਿੱਤਾ ਕਿ ਨਕਦੀ, ਗਹਿਣਾ, ਕੀਮਤੀ ਸਮਾਨ ਅਤੇ ਵਿਆਹੁਤਾ ਕੁੜੀ ਦੀ ਪਾਲਕੀ ਛੱਡ ਕੇ ਤੁਰੰਤ ਉਥੋਂ ਪੱਤਰਾ ਵਾਚ ਜਾਣ। ਨਿਹੱਥੇ ਅਤੇ ਬੇਬਸ ਬਰਾਤੀਆਂ ਨੇ ਡਾਕੂਆਂ ਦੀਆਂ ਮਿੰਨਤਾਂ ਕੀਤੀਆਂ ਕਿ ਉਹ ਸਾਰਾ ਸਮਾਨ ਰੱਖ ਲੈਣ ਪਰ ਲਾੜੀ ਨੂੰ ਉਸ ਦੇ ਪਤੀ ਨਾਲ ਜਾਣ ਤੋਂ ਨਾ ਰੋਕਣ। ਪਰ ਉਨ੍ਹਾਂ ਨੇ ਬੇਨਤੀ ਠੁਕਰਾ ਦਿੱਤੀ ਅਤੇ ਲਾੜੀ ਦੀ ਪਾਲਕੀ ਉਥੇ ਹੀ ਛੱਡ ਕੇ ਭੱਜਣ ਲਈ ਮਜ਼ਬੂਰ ਕਰ ਦਿੱਤਾ। ਉਹ ਬਹੁਤ ਰੋਈ ਅਤੇ ਮਿੰਨਤਾਂ ਕੀਤੀਆਂ ਕਿ ਉਸ ਨੂੰ ਉਸ ਦੇ ਪਤੀ ਨਾਲ ਜਾਣ ਦਿੱਤਾ ਜਾਵੇ ਪਰ ਸਭ ਬੇ-ਸਿੱਟਾ ਰਿਹਾ। ਉਨ੍ਹਾਂ ਨੇ ਕੁੜੀ ਨੂੰ ਧੂਹ ਕੇ ਡੋਲੀ ਤੋਂ ਬਾਹਰ ਕੱਢਿਆ ਅਤੇ ਆਪਣੇ ਸਰਦਾਰ ਅੱਗੇ ਪੇਸ਼ ਕੀਤਾ, ਜਿਸ ਨੇ ਉਨ੍ਹਾਂ ਨੂੰ ਹੁਕਮ ਦਿੱਤਾ ਕਿ ਇਸ ਨੂੰ ਕੁੱਝ ਸਮੇਂ ਲਈ ਬੰਦੀ ਬਣਾ ਕੇ ਰੱਖਣ ਅਤੇ ਉਹ ਏਨੀ ਸੁੰਦਰ ਕੁੜੀ ਨਾਲ ਵਿਆਹ ਕਰੇਗਾ।

ਵਿਚਾਰਾ ਲਾੜਾ ਬਹੁਤ ਹੀ ਨਿਰਾਸ ਅਤੇ ਗਮਗੀਨ ਹੋ ਗਿਆ ਤੇ ਆਪਣੇ ਪਿੰਡ ਵਾਪਸ ਜਾ ਕੇ ਜੱਗ-ਹਸਾਈ ਦਾ ਕਾਰਨ ਨਹੀਂ ਸੀ ਬਣਨਾ ਚਾਹੁੰਦਾ। ਇਹ ਉਨੀਵੀਂ ਸਦੀ ਦਾ ਪਹਿਲਾ ਅੱਧ ਸੀ ਅਤੇ ਮਹਾਨ ਜਰਨੈਲ ਸਰਦਾਰ ਹਰੀ ਸਿੰਘ ਨਲਵਾ ਪਠਾਣ ਪ੍ਰਾਂਤ ਦਾ ਗਵਰਨਰ ਸੀ। ਇਹ ਉਹੀ ਸੂਰਮਾ ਸੀ ਜਿਸ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਪੰਜਾਬ ਦੇ ਪੱਛਮ ਵਿਚੋਂ ਅਫਗਾਨਾਂ ਅਤੇ ਪਠਾਣਾਂ ਦੇ ਅੱਠ ਸਦੀਆਂ ਤੋਂ ਹੁੰਦੇ ਹਮਲਿਆਂ ਨੂੰ ਸਦਾ ਲਈ ਠੱਲ ਪਾ ਦਿੱਤੀ ਸੀ ਅਤੇ ਸਿੱਖ ਰਾਜ ਦਾ ਦਬਦਬਾ ਕਾਇਮ ਕਰ ਰੱਖਿਆ ਸੀ। ਪਠਾਣ ਔਰਤਾਂ ਆਪਣੇ ਰੋਂਦੇ ਬੱਚਿਆਂ ਨੂੰ ਹਰੀ ਸਿੰਘ ਨਲਵਾ ਦਾ ਨਾਂ ਲੈ ਕੇ ਡਰਾਉਂਦੀਆਂ ਤੇ ਚੁੱਪ ਕਰਾਉਂਦੀਆਂ ਸਨ। ਜਗਤ ਰਾਮ ਸਿੱਧਾ ਜਮਰੌਦ ਹਰੀ ਸਿੰਘ ਪਾਸ ਪਹੁੰਚਿਆ ਜਿੱਥੇ ਕਿਲੇ ਦੀ ਉਸਾਰੀ ਹੋ ਰਹੀ ਸੀ। ਉਸ ਨੇ ਆਪਣੀ ਦਰਦ-ਭਰੀ ਵਿੱਥਿਆ ਹਰੀ ਸਿੰਘ ਨੂੰ ਸੁਣਾਉਣੀ ਸ਼ੁਰੂ ਕੀਤੀ ਤਾਂ ਹਰੀ ਸਿੰਘ ਨੇ ਦੇਖਿਆ ਕਿ ਦਰਬਾਰ ਦੇ ਬੂਹੇ ਕੋਲ ਖੜੋਤੇ ਦੋ ਓਪਰੇ ਬੰਦੇ ਉਸ ਦੀ ਗੱਲ ਬਹੁਤ ਧਿਆਨ ਨਾਲ ਸੁਣ ਰਹੇ ਹਨ। ਉਸ ਨੂੰ ਸ਼ੱਕ ਹੋਇਆ ਕਿ ਉਹ ਡਾਕੂਆਂ ਦੇ ਸੂਹੀਏ ਹਨ। ਹਰੀ ਸਿੰਘ ਨੇ ਉਚੀ ਕੜਕਦੀ ਆਵਾਜ਼ ਵਿਚ ਹੁਕਮ ਦਿੱਤਾ ਕਿ ਇਸ ਕਾਇਰ ਨੂੰ ਸੀਖਾਂ ਪਿੱਛੇ ਬੰਦ ਕਰ ਦਿਉ ਜਿਹੜਾ ਆਪਣੀ ਪਤਨੀ ਦੀ ਰੱਖਿਆ ਨਹੀਂ ਕਰ ਸਕਿਆ, ਉਹ ਕਿਸੇ ਕਿਸਮ ਦੀ ਮੱਦਦ ਦਾ ਹੱਕ ਨਹੀਂ ਰੱਖਦਾ। ਸੂਹੀਏ ਖੁਸ਼ੀ ਖੁਸ਼ੀ ਆਪਣੇ ਸਰਦਾਰ ਨੂੰ ਜਰਨੈਲ ਦਾ ਪ੍ਰਤੀਕਰਮ ਦੱਸਣ ਲਈ ਤੁਰ ਪਏ ਅਤੇ ਹਰੀ ਸਿੰਘ ਨੇ ਉਨ੍ਹਾਂ ਦੇ ਮਗਰ ਹਥਿਆਰਬੰਦ ਘੋੜ-ਸਵਾਰ ਸਿੰਘਾਂ ਨੂੰ ਲਾ ਦਿੱਤਾ। ਉਹ ਆਪਣੀ ਗੱਲ ਆਪਣੇ ਮੁਖੀ ਨੂੰ ਸੁਣਾ ਹੀ ਰਹੇ ਸਨ ਕਿ ਸਿੰਘਾਂ ਨੇ ਜਾ ਘੇਰਿਆ, ਸਣੇ ਲੁੱਟ ਦੇ ਸਮਾਨ, ਬੀਬੀ ਤੇ ਡਾਕੂਆਂ ਨੂੰ ਸਿੱਖ ਜਰਨੈਲ ਦੇ ਹਾਜ਼ਰ ਕਰ ਦਿੱਤਾ।

ਸਰਦਾਰ ਹਰੀ ਸਿੰਘ ਨੇ ਲੜਕੀ ਨੂੰ ਉਸ ਦਾ ਦਾਜ ਅਤੇ ਗਹਿਣੇ ਵਾਪਸ ਕਰਵਾ ਦਿੱਤੇ ਅਤੇ ਉਸ ਨੂੰ ਆਪਣੇ ਪਤੀ ਨਾਲ ਜਾਣ ਲਈ ਕਿਹਾ। ਪਰ ਪਤੀ-ਪਤਨੀ ਦੋਵਾਂ ਨੇ ਹੀ ਵਾਪਸ ਜਾਣ ਤੋਂ ਨਾਂਹ ਕਰਦਿਆਂ ਉਥੇ ਸਿਪਾਹੀ ਬਣ ਕੇ ਰਹਿਣ ਦੀ ਆਗਿਆ ਮੰਗੀ ਕਿਉਂਕਿ ਉਹ ਕਾਇਰਾਂ 'ਚ ਜਾ ਕੇ ਉਨ੍ਹਾਂ ਦੀ ਤਰ੍ਹਾਂ ਜਿਉਣਾ ਨਹੀਂ ਸੀ ਚਾਹੁੰਦੇ। ਬੀਬੀ ਅੰਮ੍ਰਿਤ ਛਕ ਕੇ ਸ਼ਰਨ ਕੌਰ ਬਣ ਗਈ ਅਤੇ ਪਤੀ ਜਗਤ ਸਿੰਘ ਬਣ ਗਿਆ। ਬੀਬੀ ਪਹਿਲਾਂ ਲੰਗਰ 'ਚ ਸੇਵਾ ਕਰਦੀ ਸੀ ਅਤੇ ਪਤੀ ਫੌਜ ਵਿਚ ਪਰ ਬੀਬੀ ਦੀ ਕਾਬਲੀਅਤ ਨੂੰ ਦੇਖਦਿਆਂ ਉਸ ਨੂੰ 'ਸੂਹੀਏ' ਦੀ ਸਿਖਲਾਈ ਦਿੱਤੀ ਗਈ। ਉਹ ਭੇਖ ਧਾਰ ਕੇ ਦੁਸ਼ਮਣ ਦੇ ਭੇਦ ਲਿਆ ਕੇ ਦਿੰਦੀ। ਇਸ ਤਰ੍ਹਾਂ ਇੱਕ ਵਾਰ ਜਦੋਂ ਪਠਾਣ ਹਮਲਾ ਕਰਨ ਦੀ ਤਿਆਰੀ ਕਰ ਰਹੇ ਸਨ ਤਾਂ ਬੀਬੀ ਸ਼ਰਨ ਕੌਰ ਨੇ ਪਠਾਣ ਔਰਤ ਦਾ ਭੇਸ ਧਾਰ ਕੇ ਨਾ ਸਿਰਫ ਦੁਸ਼ਮਣ ਦੀ ਤਿਆਰੀ ਅਤੇ ਫੌਜੀ ਜਾਣਕਾਰੀ ਹੀ ਲਿਆ ਕੇ ਦਿੱਤੀ ਸਗੋਂ ਪਠਾਣ ਮੁਖੀ ਦਾ ਕਤਲ ਕਰਕੇ ਪਠਾਣ ਸਿਪਾਹੀਆਂ ਦੀ ਪਕੜ ਵਿਚ ਆਉਣ ਤੋਂ ਪਹਿਲਾਂ ਪਹਿਲਾਂ ਜਮਰੌਦ ਪਹੁੰਚ ਗਈ।

ਇੱਕ ਵਾਰ ਜਦੋਂ ਪਠਾਣਾਂ ਨੂੰ ਪਤਾ ਲੱਗਿਆ ਕਿ ਹਰੀ ਸਿੰਘ ਨਲਵਾ ਬਿਮਾਰ ਹੈ ਤਾਂ ਉਨ੍ਹਾਂ ਨੇ ਬਗਾਵਤ ਕਰ ਦਿੱਤੀ ਅਤੇ ਜਮਰੌਦ ਦੇ ਕਿਲੇ ਨੂੰ ਘੇਰਾ ਪਾ ਲਿਆ। ਲੋਕਾਂ ਨੂੰ ਇਹ ਦਿਖਾਉਣ ਲਈ ਕਿ ਜਰਨੈਲ ਠੀਕ ਠਾਕ ਹੈ, ਉਹ ਕਿਲੇ ਦੀ ਉਪਰਲੀ ਮੰਜ਼ਿਲ ਤੋਂ ਦਰਸ਼ਨ ਦੇਣ ਗਿਆ। ਬਾਗੀ ਤਾਂ ਦੌੜ ਗਏ ਪਰ ਇੱਕ ਪਠਾਣ ਨੇ ਨਲਵੇ ਵੱਲ ਨਿਸ਼ਾਨਾ ਸੇਧ ਕੇ ਗੋਲੀ ਚਲਾ ਦਿੱਤੀ। ਬਦਕਿਸਮਤੀ ਨਾਲ ਉਹ ਘਾਤਕ ਸਿੱਧ ਹੋਈ ਅਤੇ ਦੂਸਰੇ ਦਿਨ 30 ਅਪਰੈਲ 1837 ਨੂੰ ਮਹਾਨ ਜਰਨੈਲ ਅਤੇ ਸਿੱਖ ਰਾਜ ਦੇ ਥੰਮ ਹਰੀ ਸਿੰਘ ਨਲਵਾ ਦੀ ਮੌਤ ਹੋ ਗਈ। ਮੌਤ ਨੂੰ ਭਾਵੇਂ ਗੁਪਤ ਰੱਖਿਆ ਗਿਆ ਪਰ ਸਾਰੇ ਹੀ ਬਹੁਤ ਉਦਾਸ ਸਨ। ਇਹ ਬੀਬੀ ਸ਼ਰਨ ਕੌਰ ਸੀ ਜੋ ਭੇਸ ਬਦਲ ਕੇ ਕਿਲੇ ਦੀ ਪਿਛਲੀ ਦੀਵਾਰ ਤੋਂ ਉਤਰ ਕੇ ਪਿਸ਼ਾਵਰ ਹੁੰਦੀ ਹੋਈ ਲਾਹੌਰ ਪਹੁੰਚੀ ਅਤੇ ਮਹਾਰਾਜਾ ਰਣਜੀਤ ਸਿੰਘ ਨੂੰ ਖਬਰ ਕੀਤੀ। ਮਹਾਰਾਜਾ ਤੁਰੰਤ ਫੌਜ ਲੈ ਕੇ ਜਮਰੌਦ ਪਹੁੰਚ ਗਿਆ ਅਤੇ ਬਗਾਵਤ ਦਬਾ ਦਿੱਤੀ। ਬੀਬੀ ਸ਼ਰਨ ਕੌਰ ਨੇ ਆਪਣੀ ਦਿਮਾਗੀ ਸੂਝ-ਬੂਝ ਅਤੇ ਬਹਾਦਰੀ ਨਾਲ ਸਾਬਤ ਕਰ ਦਿਖਾਇਆ ਕਿ ਉਹ ਗੁਰੂ ਗੋਬਿੰਦ ਸਿੰਘ ਦੀ ਸ਼ੇਰ-ਪੁੱਤਰੀ ਹੈ। ਇਹ ਗੁਰੂ ਦੇ ਅੰਮ੍ਰਿਤ ਦੀ ਬਰਕਤ ਸੀ ਕਿ ਉਹ ਇੱਕ ਰੋਣ-ਧੋਣ ਵਾਲੀ ਡਰਪੋਕ ਕੁੜੀ ਤੋਂ ਸ਼ੇਰਨੀ ਦਾ ਰੂਪ ਧਾਰ ਕੇ ਦੁਸ਼ਮਣ ਦੇ ਘਰ ਪਹੁੰਚ ਕੇ ਉਸ ਦੀ ਅਲਖ ਮੁਕਾਉਣ ਵਿਚ ਸਫਲ ਹੋ ਗਈ। ਸ਼ਰਮਾਕਲ ਮਜ਼ਬੂਰ ਲਾੜੀ ਸ਼ਰਨ ਕੌਰ ਅੰਮ੍ਰਿਤ ਛਕ ਕੇ ਇੱਕ ਬਹਾਦਰ ਸੰਤ-ਸਿਪਾਹੀ ਬਣ ਗਈ। ਸਿੱਖ ਇਤਿਹਾਸ ਵਿਚ ਉਸ ਨੂੰ ਬਹੁਤ ਬਹਾਦਰ ਇਸਤਰੀ ਵਜੋਂ ਯਾਦ ਕੀਤਾ ਜਾਂਦਾ ਹੈ। ਉਸ ਦੇ ਕਾਰਨ ਸਿੱਖ ਰਾਜ ਟੁੱਟਣ ਤੋਂ ਬਚ ਗਿਆ। (ਸੋਮਾ: ਗੇਟ ਵੇ ਟੂ ਸਿਖਇਜ਼ਮ)

**ਮਹਾਰਾਣੀ ਜਿੰਦਾਂ:** ਮਹਾਰਾਜਾ ਰਣਜੀਤ ਸਿੰਘ ਦੀ ਸਭ ਤੋਂ ਛੋਟੀ ਪਤਨੀ, ਸਿੱਖ ਰਾਜ ਦੇ ਆਖਰੀ ਵਾਰਿਸ ਛੋਟੀ ਉਮਰ ਦੇ ਮਹਾਰਾਜਾ ਦਲੀਪ ਸਿੰਘ ਦੀ ਮਾਂ ਮਹਾਰਾਣੀ ਜਿੰਦ ਕੌਰ ਦੇ ਜ਼ਿਕਰ ਤੋਂ ਬਿਨਾਂ ਸਿੱਖ ਰਾਜ ਦਾ ਇਤਿਹਾਸ ਅਧੂਰਾ ਹੈ। ਇੱਕ ਬਹਾਦਰ ਸਿੱਖ ਇਸਤਰੀ ਦੀ ਤਰ੍ਹਾਂ ਉਸ ਨੇ ਸਿੱਖ ਰਾਜ ਨੂੰ ਬਚਾਉਣ ਦੀ ਹਰ ਕੋਸ਼ਿਸ਼ ਕੀਤੀ ਪਰ ਗੱਦਾਰ ਡੋਗਰਿਆਂ ਅਤੇ ਸਿੱਖ ਰਾਜ ਦੇ ਹੋਰ ਗੱਦਾਰਾਂ ਕਾਰਨ ਉਹ ਅੰਗਰੇਜ਼ਾਂ ਦੀਆਂ ਸਿੱਖ ਰਾਜ ਨੂੰ ਹਥਿਆਉਣ ਦੀਆਂ ਲੂੰਬੜ ਚਾਲਾਂ ਤੋਂ ਬਚਾਉਣ ਵਿਚ ਕਾਮਯਾਬ ਨਹੀਂ ਹੋ ਸਕੀ। ਕੁੱਝ ਇਤਿਹਾਸਕਾਰਾਂ ਨੇ ਮਹਾਰਾਣੀ 'ਤੇ ਕਈ ਤਰ੍ਹਾਂ ਦੇ ਦੋਸ਼ ਲਾਏ ਹਨ ਕਿ ਅੰਗਰੇਜ਼ਾਂ ਨਾਲ ਲੜਾਈ ਵਿਚ ਮਹਾਰਾਣੀ ਨੇ ਖਾਲਸਾ ਫੌਜ ਨੂੰ ਬਰਬਾਦ ਕੀਤਾ। ਜੇ ਇਤਿਹਾਸਕ ਤੱਥਾਂ ਦੀ ਡੂੰਘੀ ਛਾਣ-ਬੀਣ ਕੀਤੀ ਜਾਵੇ, ਐਲਨਬਰੋ ਅਤੇ ਹਾਰਡਿੰਗਜ਼ ਦੀਆਂ ਨੀਤੀਆਂ ਅਤੇ ਦੂਸਰੀਆਂ ਰਾਜਨੀਤਕ ਘਟਨਾਵਾਂ, ਜਿਨ੍ਹਾਂ ਕਰਕੇ ਸਿੱਖਾਂ ਅਤੇ ਅੰਗਰੇਜ਼ਾਂ ਵਿਚ ਦਸੰਬਰ 1845 ਵਿਚ ਹਥਿਆਰਬੰਦ ਟਾਕਰਾ ਹੋਇਆ, ਦੀ ਚੰਗੀ ਤਰ੍ਹਾਂ ਘੋਖ ਕੀਤੀ ਜਾਵੇ ਤਾਂ ਸਾਰੀ ਸਥਿਤੀ ਸਪਸ਼ਟ ਹੋ ਜਾਂਦੀ ਹੈ ਤੇ ਤਸਵੀਰ ਸਾਫ ਹੋ ਜਾਂਦੀ ਹੈ। ਲੰਡਨ ਦੇ ਪਬਲਿਕ ਰਿਕਾਰਡ ਦਫਤਰ ਵਿਚ ਐਲਨਬਰੋ ਦਸਤਾਵੇਜ਼, ਖਾਸ ਕਰਕੇ ਐਲਨਬਰੋ ਅਤੇ ਹਾਰਡਿੰਗਜ਼ ਦੇ ਡਿਊਕ ਆਫ ਵੈਲਿੰਗਟਨ ਨਾਲ ਨਿਜੀ ਪੱਤਰ-ਵਿਹਾਰ ਤੋਂ ਸਪਸ਼ਟ ਪਤਾ ਲੱਗਦਾ ਹੈ ਕਿ ਸਿੱਖ ਰਾਜ ਦੀਆਂ ਸਰਹੱਦਾਂ ਤੇ ਅੰਗਰੇਜ਼ਾਂ ਦੀ ਫੌਜੀ ਤਿਆਰੀ ਕਿਸ ਹੱਦ ਤੱਕ ਚੱਲ ਰਹੀ ਸੀ। ਮਹਾਰਾਣੀ ਨੇ ਛੋਟੀ ਉਮਰ ਦੇ ਮਹਾਰਾਜਾ ਦਲੀਪ ਸਿੰਘ ਦਾ ਰਾਜ ਬਚਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ, ਜਿਸ ਕਰਕੇ ਉਸ ਨੂੰ ਬਹੁਤ ਸਾਰੀਆਂ ਦੁਸ਼ਵਾਰੀਆਂ ਵਿਚੋਂ ਵੀ ਲੰਘਣਾ ਪਿਆ। ਇਥੇ ਕੁੱਝ-ਇੱਕ ਘਟਨਾਵਾਂ ਦਾ ਜ਼ਿਕਰ ਕਰ ਸਕਣਾ ਹੀ ਸੰਭਵ ਹੈ ਜੋ ਮਹਾਰਾਣੀ ਦੀ ਪੰਜਾਬ ਅਤੇ ਸਿੱਖ ਰਾਜ ਨਾਲ ਵਫਾਦਾਰੀ ਦਰਸਾਉਣ ਲਈ ਕਾਫੀ ਹਨ।

ਅੰਗਰੇਜ਼ ਸ਼ਕਤੀ ਦੀ 1848-49 ਵਿਚ ਮੁਖਾਲਫਤ ਪਿੱਛੇ ਮੁੱਖ ਦਿਮਾਗ ਰਾਣੀ ਜਿੰਦ ਕੌਰ ਦਾ ਸੀ। ਉਹ ਆਪਣੀ ਦਿਮਾਗੀ ਸੂਝ ਅਤੇ ਨਿਡਰਤਾ ਲਈ ਜਾਣੀ ਜਾਂਦੀ ਸੀ। ਜਿੰਦਾਂ ਉਨ੍ਹਾਂ ਕੁੱਝ-ਇੱਕ ਵਿਅਕਤੀਆਂ ਵਿਚੋਂ ਸੀ ਜਿਨ੍ਹਾਂ ਤੋਂ ਅੰਗਰੇਜ਼ ਭੈ ਖਾਂਦੇ ਸਨ। ਆਪਣੇ ਪੁੱਤਰ ਦੇ ਲਾਹੌਰ ਰਾਜ ਦੇ ਤਖਤ 'ਤੇ ਬੈਠਣ ਤੋਂ ਬਾਅਦ ਰਾਣੀ ਜਿੰਦਾਂ ਨੇ ਪੰਜਾਬ ਦੀ ਰਾਜਨੀਤੀ ਵਿਚ ਬਹੁਤ ਹੀ ਅਹਿਮ ਅਤੇ ਸਪਸ਼ਟ ਭੂਮਿਕਾ ਨਿਭਾਈ। ਅੰਗਰੇਜ਼ਾਂ ਨੇ ਦਸੰਬਰ 1846 ਵਿਚ ਲਾਹੌਰ ਦਰਬਾਰ ਨਾਲ ਭੈਰੋਵਾਲ ਨਾਮਕ ਸਮਝੌਤਾ ਕੀਤਾ ਜਿਸ ਨੇ ਅੰਗਰੇਜ਼ਾਂ ਨੂੰ ਪੰਜਾਬ ਦੇ ਅਸਲ ਸ਼ਾਸਕ ਬਣਾ ਦਿੱਤਾ। ਉਨ੍ਹਾਂ ਨੇ ਰਾਣੀ ਨੂੰ ਨਾ-ਸਿਰਫ ਉਸ ਗੱਲਬਾਤ ਵਿਚ ਹਿੱਸਾ ਲੈਣ ਤੋਂ ਬਾਹਰ ਰੱਖਿਆ ਜਿਸ ਦਾ ਨਤੀਜਾ ਸਮਝੌਤੇ ਦੇ ਰੂਪ ਵਿਚ ਨਿਕਲਿਆ ਸਗੋਂ ਉਨ੍ਹਾਂ ਨੇ ਲਾਹੌਰ ਰਾਜ ਦੇ ਹਰ ਸਰਕਾਰੀ ਕਾਰਜ ਵਿਚੋਂ ਉਸ ਨੂੰ ਬਾਹਰ ਕਰ ਦਿੱਤਾ। ਉਸ ਨੂੰ ਰੀਜੈਂਸੀ ਕੌਂਸਲ ਤੋਂ ਕੱਢ ਦਿੱਤਾ ਗਿਆ ਜਿਸ ਨੇ ਮਹਾਰਾਜਾ ਦਲੀਪ ਸਿੰਘ ਦੇ ਨਾਬਾਲਗ ਹੋਣ ਦੇ ਸਮੇਂ ਵਿਚ ਰਾਜ-ਕਾਜ ਦਾ ਪ੍ਰਬੰਧ ਚਲਾਉਣਾ ਸੀ। ਉਸ ਨੇ ਅੰਗਰੇਜ਼ ਰੈਜ਼ੀਡੈਂਟ ਅਤੇ ਰੀਜੈਂਸੀ ਕੌਂਸਲ ਦੇ ਉਨ੍ਹਾਂ ਮੈਂਬਰਾਂ ਨੂੰ ਮਾਰਨ ਦੀ ਗੋਂਦ ਗੁੰਦੀ ਜਿਹੜੇ ਅੰਗਰੇਜ਼ਾਂ ਨਾਲ ਰਲੇ ਹੋਏ ਸੀ। ਗੁਲਾਬ ਸਿੰਘ ਦੇ ਪੁਰਾਣੇ ਸੇਵਕ ਪਰੇਮੇ ਅਤੇ ਕੁੱਝ ਹੋਰਾਂ ਨੇ ਇਸ ਵਿਉਂਤ ਨੂੰ ਅਮਲ ਵਿਚ ਲਿਆਉਣਾ ਸੀ। ਵਿਉਂਤ ਅਸਫਲ ਹੋ ਗਈ ਪਰ ਸਬੂਤਾਂ ਦੀ ਘਾਟ ਕਾਰਨ ਅੰਗਰੇਜ਼ ਰਾਣੀ ਦੇ ਖਿਲਾਫ ਕੋਈ ਕਾਰਵਾਈ ਨਾ ਕਰ ਸਕੇ ਪਰ ਉਹ ਰਾਣੀ ਤੋਂ ਛੁਟਕਾਰਾ ਚਾਹੁੰਦੇ ਸਨ ਇਸ ਲਈ ਰਾਣੀ 'ਤੇ ਉਨ੍ਹਾਂ ਨੇ ਬਹੁਤ ਸਾਰੀਆਂ ਪਾਬੰਦੀਆਂ ਲਾ ਦਿੱਤੀਆਂ। ਲਾਹੌਰ ਦਰਬਾਰ ਦੇ ਮੁਖੀਆਂ ਨੂੰ ਰਾਣੀ ਨੂੰ ਮਿਲਣ ਦੀ ਮਨਾਹੀ ਕਰ ਦਿੱਤੀ।

ਰਾਣੀ ਕੌਮੀ ਵੱਕਾਰ ਦਾ ਪ੍ਰਤੀਕ ਬਣ ਗਈ। ਉਸ ਨੇ ਪੰਜਾਬ ਵਿਚ ਆਜ਼ਾਦੀ ਘੁਲਾਟੀਆਂ ਨੂੰ ਬੇਰੋਕ ਜਦੋ-ਜਹਿਦ ਕਰਨ ਦੀ ਪ੍ਰੇਰਨਾ ਦੇਣੀ ਜਾਰੀ ਰੱਖੀ। ਆਪਣੇ ਭਰੋਸੇਮੰਦ ਸੇਵਕਾਂ ਰਾਹੀਂ ਉਸ ਨੇ ਬਗਾਵਤ ਦੇ ਮੁਖੀਆਂ-ਦੀਵਾਨ ਮੂਲ ਰਾਜ, ਸਰਦਾਰ ਚਤਰ ਸਿੰਘ ਅਤੇ ਰਾਜਾ ਸ਼ੇਰ ਸਿੰਘ ਨੂੰ ਚਿੱਠੀਆਂ ਭੇਜਣੀਆਂ ਜਾਰੀ ਰੱਖੀਆਂ। ਜਿਉਂ ਹੀ ਅੰਗਰੇਜ਼ਾਂ ਨੂੰ ਮਹਾਰਾਣੀ ਦੇ ਮਨਸੂਬਿਆਂ ਦਾ ਪਤਾ ਲੱਗਾ, ਉਨ੍ਹਾਂ ਰਾਣੀ ਨੂੰ 6 ਅਪਰੈਲ 1849 ਨੂੰ ਚੁਨਾਰ ਦੇ ਕਿਲੇ ਵਿਚ ਤਬਦੀਲ ਕਰ ਦਿੱਤਾ। ਉਸੇ ਸ਼ਾਮ ਉਹ ਆਪਣੀ ਸੇਵਾਦਾਰਨੀ ਦਾ ਰੂਪ ਧਾਰ ਕੇ ਕਿਲੇ ਵਿਚੋਂ ਬਚ ਕੇ ਨੇਪਾਲ ਲਈ ਰਵਾਨਾ ਹੋ ਗਈ ਅਤੇ 27 ਅਪਰੈਲ ਨੂੰ ਸੁਰਖਿਅਤ ਉਥੇ ਪਹੁੰਚ ਗਈ। ਹਿੰਦੁਸਤਾਨੀ ਸਰਕਾਰ ਨੇ ਬਨਾਰਸ ਵਿਚ ਉਸ ਦੇ ਸਾਰੇ ਹੀਰੇ ਅਤੇ ਹੋਰ ਜਾਇਦਾਦ ਜ਼ਬਤ ਕਰ ਲਈ ਅਤੇ ਉਸ ਨੂੰ ਮਹੀਨੇ ਦੀ ਇੱਕ ਹਜ਼ਾਰ ਰੁਪਏ ਦੀ ਪੈਨਸ਼ਨ ਤੇ ਨੇਪਾਲ ਵਿਚ ਰਹਿਣ ਦੀ ਆਗਿਆ ਦੇ ਦਿੱਤੀ। ਨੇਪਾਲ ਵਿਚ ਰਾਣੀ ਨੇ ਅੰਗਰੇਜ਼ਾਂ ਨੂੰ ਪੰਜਾਬ ਵਿਚੋਂ ਕੱਢਣ ਦੀਆਂ ਗੁਪਤ ਵਿਉਂਤਾਂ ਜਾਰੀ ਰੱਖੀਆਂ।

1857 ਦੀ ਬਗਾਵਤ ਵੇਲੇ ਉਸ ਨੂੰ ਨਵਾਂ ਮੌਕਾ ਮਿਲ ਗਿਆ ਪੰਜਾਬ ਵਿਚ ਬਗਾਵਤ ਕਰਾਉਣ ਦਾ ਪਰ ਅੰਗਰੇਜ਼ਾਂ ਦੀ ਚੌਕਸੀ ਨੇ ਉਸ ਦੀਆਂ ਸਾਰੀਆਂ ਕੋਸ਼ਿਸ਼ਾਂ ਨਕਾਰ ਦਿੱਤੀਆਂ। ਭਰਮ-ਨਵਿਰਤੀ ਤੋਂ ਉਦਾਸ ਹੋ ਕੇ ਉਸ ਨੇ ਆਪਣੇ ਪੁੱਤਰ ਦਲੀਪ ਸਿੰਘ ਨੂੰ ਮਿਲਣ ਦੀ ਇੱਛਾ ਦੱਸੀ ਜੋ ਉਸ ਵੇਲੇ ਈਸਾਈ ਬਣ ਕੇ ਇੰਗਲੈਂਡ ਵਿਚ ਰਹਿ ਰਿਹਾ ਸੀ। ਰਾਣੀ ਦੀ ਸਿਹਤ ਬਹੁਤ ਵਿਗੜ ਗਈ ਸੀ ਅਤੇ ਉਹ ਤਕਰੀਬਨ ਅੱਖਾਂ ਦੀ ਜੋਤ ਗੁਆ ਬੈਠੀ ਸੀ। ਅੰਗਰੇਜ਼ਾਂ ਨੇ ਦਲੀਪ ਸਿੰਘ ਨੂੰ ਮਿਲਣ ਅਤੇ ਇੰਗਲੈਂਡ ਨਾਲ ਲੈ ਜਾਣ ਦੀ ਆਗਿਆ ਦੇ ਦਿੱਤੀ। ਰਾਣੀ ਇੰਗਲੈਂਡ ਵਿਚ ਅਲੱਗ ਰਿਹਾਇਸ਼ ਵਿਚ ਰਹੀ ਅਤੇ ਉਥੇ ਹੀ ਉਸ ਦੀ ਮੌਤ ਹੋ ਗਈ। ਰਾਣੀ ਦੀ ਆਖਰੀ ਇੱਛਾ ਅਨੁਸਾਰ ਦਲੀਪ ਸਿੰਘ ਉਸ ਦੀ ਦੇਹ ਵਾਪਸ ਹਿੰਦੁਸਤਾਨ ਲੈ ਕੇ ਆਇਆ ਪਰ ਅੰਗਰੇਜ਼ਾਂ ਨੇ ਪੰਜਾਬ ਜਾਣ ਦੀ ਆਗਿਆ ਨਹੀਂ ਦਿੱਤੀ। ਇਸ ਲਈ ਨਾਸਿਕ ਵਿਚ ਉਸ ਦੀਆਂ ਅੰਤਮ ਰਸਮਾਂ ਪੂਰੀਆਂ ਕਰਕੇ ਦਲੀਪ ਸਿੰਘ ਵਾਪਸ ਇੰਗਲੈਂਡ ਚਲਾ ਗਿਆ। (ਸੋਮਾ: ਗੇਟ ਵੇ ਟੂ ਸਿਖਇਜ਼ਮ)

**ਬੀਬੀ ਸਾਹਿਬ ਕੌਰ:** ਬੀਬੀ ਸਾਹਿਬ ਕੌਰ ਪਟਿਆਲਾ ਰਿਆਸਤ ਦੇ ਰਾਜੇ ਸਾਹਿਬ ਸਿੰਘ ਦੀ ਭੈਣ ਇੱਕ ਬਹਾਦਰ ਜੋਧਾ ਅਤੇ ਉਨ੍ਹਾਂ ਪੁਰਸ਼ਾਂ ਦੀ ਮੁਖੀ ਸੀ ਜਿਨ੍ਹਾਂ ਨੇ 1793 ਤੋਂ 1801 ਤੱਕ ਸਤਿਲੁਜ ਦੀਆਂ ਰਿਆਸਤਾਂ ਵਿਚ ਨਿੱਗਰ ਰੋਲ ਨਿਭਾਇਆ। ਸਾਹਿਬ ਕੌਰ ਦਾ ਜਨਮ 1771 ਈਸਵੀ ਵਿਚ ਹੋਇਆ ਅਤੇ ਛੋਟੀ ਉਮਰ ਵਿਚ ਸ਼ਾਦੀ ਕਨ੍ਹੱਈਆ ਮਿਸਲ ਦੇ ਜੈਮਲ ਸਿੰਘ ਨਾਲ ਹੋ ਗਈ ਜੋ ਫਤਿਹਗੜ੍ਹ ਦਾ ਰਹਿਣ ਵਾਲਾ ਸੀ ਅਤੇ ਬਾਰੀ ਦੁਆਬ ਦੀਨਾ ਨਗਰ, ਵਰਤਮਾਨ ਪੰਜਾਬ ਦੇ ਗੁਰਦਾਸਪੁਰ ਦੇ ਇਲਾਕੇ ਦਾ ਮਾਲਕ ਸੀ। ਆਪਣੇ ਰਾਜ ਵਿਚ ਹਲਚਲ ਦੇਖ ਕੇ ਸਾਹਿਬ ਸਿੰਘ ਨੇ 1793 ਵਿਚ ਆਪਣੀ ਭੈਣ ਸਾਹਿਬ ਕੌਰ ਨੂੰ ਵਾਪਸ ਬੁਲਾ ਲਿਆ ਅਤੇ ਮੁਖ ਮੰਤਰੀ ਦਾ ਅਹੁਦਾ ਦੇ ਦਿੱਤਾ। ਜਲਦੀ ਹੀ ਉਸ ਨੂੰ ਪਟਿਆਲੇ ਤੋਂ ਫੌਜ ਲੈ ਕੇ ਵਾਪਸ ਆਪਣੇ ਪਤੀ ਨੂੰ ਛੁਡਾਉਣ ਲਈ ਜਾਣਾ ਪਿਆ ਜਿਸ ਨੂੰ ਉਸ ਦੇ ਦੁਸ਼ਮਣ ਫਤਿਹ ਸਿੰਘ ਨੇ ਫੜ ਲਿਆ ਸੀ। ਪਟਿਆਲੇ ਵਾਪਸ ਆ ਕੇ ਉਸ ਨੂੰ ਅੰਟਾ ਰਾਉ ਅਤੇ ਲਛਮਣ ਰਾਉ ਦੀ ਕਮਾਨ ਹੇਠ ਪਟਿਆਲੇ 'ਤੇ ਧਾਵਾ ਬੋਲਣ ਆ ਰਹੀਆਂ ਮਰਾਠਾ ਫੌਜਾਂ ਦਾ ਸਾਹਮਣਾ ਕਰਨਾ ਪਿਆ। ਜੀਂਦ ਦੇ ਰਾਜਾ ਭਾਗ ਸਿੰਘ, ਕਲਸੀਆਂ ਦੇ ਜੋਧ ਸਿੰਘ ਅਤੇ ਥਾਨੇਸਰ ਦੇ ਭੰਗਾ ਸਿੰਘ ਵੀ ਆਪਣੀਆਂ ਫੌਜਾਂ ਸਮੇਤ ਉਸ ਨਾਲ ਆ ਮਿਲੇ ਜਦ ਕਿ ਤਾਰਾ ਸਿੰਘ ਗੈਬਾ ਨੇ ਆਪਣੀ ਫੌਜ ਭੇਜ ਦਿੱਤੀ। ਇਨ੍ਹਾਂ ਫੌਜਾਂ ਨੇ ਅੰਬਾਲਾ ਨੇੜੇ ਮਰਦਾਨਪੁਰ ਵਿਚ ਮਰਾਠਿਆਂ ਨਾਲ ਗਹਿਗੱਚ ਲੜਾਈ ਕੀਤੀ। ਸਿੱਖਾਂ ਦੀ ਗਿਣਤੀ ਘੱਟ ਹੋਣ ਕਰਕੇ ਉਹ ਮਰਾਠਿਆਂ ਤੋਂ ਹਾਰ ਸਕਦੇ ਸੀ ਪਰ ਸਾਹਿਬ ਕੌਰ ਦੀ ਸੂਝ ਅਤੇ ਬਹਾਦਰੀ ਕਾਰਨ ਉਨ੍ਹਾਂ ਨੇ ਮਰਾਠਿਆਂ ਦੇ ਮੂੰਹ ਮੋੜ ਦਿੱਤੇ। ਇਸੇ ਤਰ੍ਹਾਂ ਨਾਹਨ ਦੇ ਰਾਜੇ ਦੇ ਬੇਨਤੀ ਕਰਨ ਤੇ ਉਸ ਨੇ ਆਪਣੀ ਫੌਜ ਲੈ ਕੇ ਉਸ ਦੇ ਰਾਜ ਵਿਚ ਬਗਾਵਤ ਦਬਾਈ ਅਤੇ ਉਸ ਨੂੰ ਮੁੜ ਗੱਦੀ ਤੇ ਬਹਾਲ ਕੀਤਾ। ਹਾਂਸੀ ਅਤੇ ਹਿਸਾਰ ਦੇ ਇਲਾਕੇ ਵਿਚ 1799 ਦੀਆਂ ਗਰਮੀਆਂ ਵਿਚ ਜਾਰਜ ਥਾਮਸ ਬਹੁਤ ਤਾਕਤਵਰ ਹੋ ਗਿਆ ਸੀ ਅਤੇ ਉਸ ਨੇ ਵੀ ਸਿੱਖ ਰਿਆਸਤਾਂ 'ਤੇ ਅੱਖ ਕੀਤੀ ਅਤੇ ਜੀਂਦ ਤੱਕ ਪਹੁੰਚ ਗਿਆ। ਸਾਹਿਬ ਕੌਰ ਨੇ ਸਿੱਖ ਰਾਜਿਆਂ ਨਾਲ ਰਲ ਕੇ ਭਾਰੀ ਫੌਜ ਨਾਲ ਦੁਬਾਰਾ ਜੀਂਦ 'ਤੇ ਕਬਜ਼ਾ ਕੀਤਾ ਅਤੇ ਉਸ ਨੂੰ ਪਿੱਛੇ ਹਟਣ ਲਈ ਮਜ਼ਬੂਰ ਕੀਤਾ। ਆਖਰੀ ਦਿਨਾਂ ਵਿਚ ਭਰਾ ਨਾਲ ਵਖਰੇਵਿਆਂ ਕਰਕੇ ਬੀਬੀ ਸਾਹਿਬ ਕੌਰ ਸੁਨਾਮ ਆਪਣੀ ਜਾਗੀਰ ਭੇਰੀਆਂ ਵਿਚ ਚਲੀ ਗਈ ਜਿੱਥੇ ਉਸ ਨੇ ਕਿਲਾ ਬਣਾਇਆ ਅਤੇ ਉਸ ਦਾ ਨਾਂ ਬਦਲ ਕੇ ਉਭੇਵਾਲ ਰੱਖ ਦਿੱਤਾ। ਇੱਥੇ 1801 ਵਿਚ ਉਸ ਦੀ ਮੌਤ ਹੋ ਗਈ। ਬੀਬੀ ਸਾਹਿਬ ਕੌਰ ਦਾ ਨਾਂ ਉਸ ਦੀ ਬਹਾਦਰੀ ਅਤੇ ਨਿਰਭੈਤਾ ਕਾਰਨ ਹਮੇਸ਼ਾ ਇਤਿਹਾਸ ਵਿਚ ਚਮਕਦਾ ਰਹੇਗਾ। (ਗੇਟ ਵੇ ਟੂ ਸਿਖਇਜ਼ਮ)

## ਗੁਰਬਾਣੀ ਗਿਆਨ

# ਜੋ ਦੀਸੈ ਗੁਰਸਿਖੜਾ...

**ਸੂਹੀ ਮਹਲਾ ੫ ਗੁਣਵੰਤੀ**

ਜੋ ਦੀਸੈ ਗੁਰਸਿਖੜਾ
ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥
ਆਖਾ ਬਿਰਥਾ ਜੀਅ ਕੀ
ਗੁਰੁ ਸਜਣੁ ਦੇਹਿ ਮਿਲਾਇ ਜੀਉ॥
ਸੋਈ ਦਸਿ ਉਪਦੇਸੜਾ
ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ॥
ਇਹੁ ਮਨੁ ਤੈ ਕੂੰ ਡੇਵਸਾ
ਮੈ ਮਾਰਗੁ ਦੇਹੁ ਬਤਾਇ ਜੀਉ॥
ਹਉ ਆਇਆ ਦੂਰਹੁ ਚਲਿ ਕੈ
ਮੈ ਤਕੀ ਤਉ ਸਰਣਾਇ ਜੀਉ॥
ਮੈ ਆਸਾ ਰਖੀ ਚਿਤਿ ਮਹਿ
ਮੇਰਾ ਸਭੋ ਦੁਖੁ ਗਵਾਇ ਜੀਉ॥
ਇਤੁ ਮਾਰਗਿ ਚਲੇ ਭਾਈਅੜੇ
ਗੁਰੁ ਕਹੈ ਸੁ ਕਾਰ ਕਮਾਇ ਜੀਉ॥
ਤਿਆਗੇਂ ਮਨ ਕੀ ਮਤੜੀ
ਵਿਸਾਰੇ ਦੂਜਾ ਭਾਉ ਜੀਉ॥
ਇਉ ਪਾਵਹਿ ਹਰਿ ਦਰਸਾਵੜਾ
ਨਹ ਲਗੈ ਤਤੀ ਵਾਉ ਜੀਉ॥
ਹਉ ਆਪਹੁ ਬੋਲਿ ਨ ਜਾਣਦਾ
ਮੈ ਕਹਿਆ ਸਭੁ ਹੁਕਮਾਉ ਜੀਉ॥
ਹਰਿ ਭਗਤਿ ਖਜਾਨਾ ਬਖਸਿਆ
ਗੁਰਿ ਨਾਨਕਿ ਕੀਆ ਪਸਾਉ ਜੀਉ॥
ਮੈ ਬਹੁੜਿ ਨ ਤ੍ਰਿਸਨਾ ਭੁਖੜੀ
ਹਉ ਰਜਾ ਤ੍ਰਿਪਤਿ ਅਘਾਇ ਜੀਉ॥
ਜੋ ਗੁਰ ਦੀਸੈ ਸਿਖੜਾ
ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸ਼ਬਦ ਵਿਚ ਆਖਦੇ ਹਨ ਕਿ ਮੈਨੂੰ ਜੋ ਵੀ ਗੁਰੂ ਦਾ ਪਿਆਰਾ ਸਿੱਖ ਮਿਲ ਪੈਂਦਾ ਹੈ; ਨਿਵਿ ਨਿਵਿ, ਭਾਵ ਝੁਕ ਝੁਕ ਕੇ ਬੜੀ ਹੀ ਨਿਮਰਤਾ ਅਤੇ ਅਧੀਨਗੀ ਨਾਲ ਮੈਂ ਉਸ ਦੇ ਪੈਰੀਂ ਲਗਦਾ ਹਾਂ। ਆਖਾ ਬਿਰਥਾ ਜੀਅ ਕੀ, ਭਾਵ ਮੈਂ ਉਸ ਨੂੰ ਆਪਣੇ ਦਿਲ ਦੀ ਪੀੜਾ ਅਤੇ ਬਿਹਬਲਤਾ ਦੱਸ ਕੇ ਬੇਨਤੀ ਕਰਦਾ ਹਾਂ ਕਿ ਹੇ ਗੁਰੂ ਦੇ ਪਿਆਰੇ! ਮੈਨੂੰ ਵੀ ਸੱਜਣ ਰੂਪੀ ਗੁਰੂ ਮਿਲਾ ਦੇਹ, ਤੇ ਮੈਨੂੰ ਕੋਈ ਐਸਾ ਉਪਦੇਸ਼ ਵੀ ਦੇਹ ਜਿਸ ਨਾਲ ਮੇਰਾ ਮਨ ਅਨਤ, ਭਾਵ ਹੋਰ ਕਿਸੇ ਪਾਸੇ ਵੱਲ ਨਾ ਜਾਵੇ।

ਇਹੁ ਮਨੁ ਤੈ ਕੂੰ ਡੇਵਸਾ
ਮੈ ਮਾਰਗੁ ਦੇਹੁ ਬਤਾਇ ਜੀਉ॥
ਹਉ ਆਇਆ ਦੂਰਹੁ ਚਲਿ ਕੈ
ਮੈ ਤਕੀ ਤਉ ਸਰਣਾਇ ਜੀਉ॥
ਮੈ ਆਸਾ ਰਖੀ ਚਿਤਿ ਮਹਿ
ਮੇਰਾ ਸਭੋ ਦੁਖੁ ਗਵਾਇ ਜੀਉ॥

ਹੇ ਮੇਰੇ ਗੁਰੂ ਦੇ ਪਿਆਰੇ ਸਿੱਖ! ਮੈਂ ਆਪਣਾ ਇਹ ਮਨ ਭੀ ਤੈਨੂੰ ਦੇ ਦਿਆਂਗਾ ਪਰ ਤੂੰ ਮੈਨੂੰ ਉਹ ਰਸਤਾ ਦੱਸ ਜਿਸ ਰਸਤੇ 'ਤੇ ਤੁਰ ਕੇ ਮੈਂ ਉਸ ਮਿਹਰਬਾਨ ਪ੍ਰਭੂ ਦੇ ਦਰਸ਼ਨ ਕਰ ਸਕਾਂ। ਹੇ ਗੁਰੂ ਦੇ ਪਿਆਰੇ! ਹਉ ਆਇਆ ਦੂਰਹੁ ਚਲ ਕੈ, ਭਾਵ ਮੈਂ ਤਾਂ ਕਈ ਜਨਮਾਂ ਜਿੰਨਾ ਪੈਂਡਾ ਤੈਅ ਕਰ ਕੇ ਆਇਆ ਹਾਂ ਤੇ ਹੁਣ ਮੈਂ ਤੇਰੀ ਸ਼ਰਨ ਵਿਚ ਆਇਆ ਹਾਂ, ਮੈਂ ਤਾਂ ਆਪਣੇ ਚਿਤ ਵਿਚ ਇਹੋ ਹੀ ਆਸ ਰੱਖੀ ਹੈ ਕਿ ਤੂੰ ਮੈਨੂੰ ਪ੍ਰਭੂ ਨਾਲ ਜੋੜ ਕੇ ਮੇਰਾ ਸਾਰਾ ਹੀ ਦੁੱਖ ਦੂਰ ਕਰ ਦੇਵੇਂਗਾ।

ਇਤੁ ਮਾਰਗਿ ਚਲੇ ਭਾਈਅੜੇ
ਗੁਰੁ ਕਹੈ ਸੁ ਕਾਰ ਕਮਾਇ ਜੀਉ॥
ਤਿਆਗੇ ਮਨ ਕੀ ਮਤੜੀ
ਵਿਸਾਰੇ ਦੂਜਾ ਭਾਉ ਜੀਉ॥
ਇਉ ਪਾਵਹਿ ਹਰਿ ਦਰਸਾਵੜਾ
ਨਹ ਲਗੈ ਤਤੀ ਵਾਉ ਜੀਉ॥

ਗੁਰਦੇਵ ਪਿਤਾ ਆਖਦੇ ਹਨ-ਇਤੁ ਮਾਰਗਿ ਚਲੇ ਭਾਈਅੜੇ, ਭਾਵ ਜੋ ਗੁਰਭਾਈ ਇਸ ਸੱਚ ਦੇ ਰਸਤੇ 'ਤੇ ਤੁਰ ਪੈਂਦੇ ਹਨ, ਗੁਰੁ ਕਹੈ ਸੁ ਕਾਰ ਕਮਾਇ ਜੀਉ...ਉਹ ਫਿਰ ਗੁਰੂ ਦੀ ਦੱਸੀ ਹੋਈ ਮਤ 'ਤੇ ਹੀ ਤੁਰ ਕੇ ਸੇਵਾ ਸਿਮਰਨ ਕਰਦੇ ਹਨ। ਤੂੰ ਭੀ ਉਹੀ ਕੰਮ ਕਰ। ਆਪਣੇ ਮਨ ਦੀ ਮਤ ਦਾ ਤਿਆਗ ਕਰ ਦੇਹ ਤੇ ਆਪਣੇ ਪ੍ਰਭੂ ਤੋਂ ਬਿਨਾਂ ਸੰਸਾਰਕ ਵਿਕਾਰਾਂ ਨੂੰ ਕੱਢ ਦੇਹ। ਇਸ ਤਰ੍ਹਾਂ ਤੂੰ ਪ੍ਰਭ ਦਾ ਦਰਸ਼ਨ ਵੀ ਕਰ ਸਕਦਾ ਹੈਂ ਤਾਂ ਤੈਨੂੰ ਤਤੀ ਵਾਉ, ਭਾਵ ਕੋਈ ਦੁੱਖ ਕਲੇਸ਼ ਵੀ ਨਹੀਂ ਵਿਆਪੇਗਾ।

ਹਉ ਆਪਹੁ ਬੋਲਿ ਨ ਜਾਣਦਾ
ਮੈ ਕਹਿਆ ਸਭੁ ਹੁਕਮਾਉ ਜੀਉ॥
ਹਰਿ ਭਗਤਿ ਖਜਾਨਾ ਬਖਸਿਆ
ਗੁਰਿ ਨਾਨਕਿ ਕੀਆ ਪਸਾਉ ਜੀਉ॥
ਮੈ ਬਹੁੜਿ ਨ ਤ੍ਰਿਸਨਾ ਭੁਖੜੀ
ਹਉ ਰਜਾ ਤ੍ਰਿਪਤਿ ਅਘਾਇ ਜੀਉ॥
ਜੋ ਗੁਰ ਦੀਸੈ ਸਿਖੜਾ
ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥

ਹੇ ਭਾਈ! ਮੈਨੂੰ ਆਪ ਨੂੰ ਤਾਂ ਬੋਲਣਾ ਵੀ ਨਹੀਂ ਆਉਂਦਾ; ਜੋ ਤੈਨੂੰ ਦੱਸਿਆ ਹੈ, ਗੁਰੂ ਦਾ ਹੁਕਮ ਹੀ ਦੱਸਿਆ ਹੈ। ਮੇਰੇ ਅੰਦਰ ਤਾਂ ਕੋਈ ਅਕਲ ਨਹੀਂ। ਜਿਸ ਵੀ ਵਡਭਾਗੇ ਜੀਵ 'ਤੇ ਗੁਰੂ ਨਾਨਕ ਦੀ ਕ੍ਰਿਪਾ ਹੋ ਜਾਵੇ, ਪ੍ਰਭੂ ਉਸ ਨੂੰ ਆਪ ਹੀ ਭਗਤੀ ਦਾ ਖਜ਼ਾਨਾ ਬਖ਼ਸ਼ ਦਿੰਦਾ ਹੈ ਅਤੇ ਗੁਰੂ ਨਾਨਕ ਦੀ ਕ੍ਰਿਪਾ ਸਦਕਾ ਹੀ ਹੁਣ ਮੈਨੂੰ ਮਾਇਆ ਰੂਪੀ ਤ੍ਰਿਸ਼ਨਾ ਦੀ ਭੁੱਖ ਵੀ ਨਹੀਂ ਸਤਾਉਂਦੀ, ਕਿਉਂਕਿ ਮੈਂ ਤ੍ਰਿਪਤਿ ਹੋ ਗਿਆ ਹਾਂ। ਮੈਨੂੰ ਹੁਣ ਜਿਹੜਾ ਭੀ ਗੁਰੂ ਦਾ ਪਿਆਰਾ ਸਿੱਖ ਮਿਲਦਾ ਹੈ, ਮੈਂ ਨਿਮਰਤਾ ਸਹਿਤ ਉਸ ਦੇ ਪੈਰੀਂ ਲਗਦਾ ਹਾਂ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

## ਸਿੱਖੀ, ਬੰਦਾ ਸਿੰਘ ਬਹਾਦਰ ਅਤੇ ਇਤਿਹਾਸ-3

**ਇਤਿਹਾਸ ਦੇ ਝਰੋਖੇ 'ਚੋਂ**

# ਬਾਬਾ ਬੰਦਾ ਸਿੰਘ ਬਹਾਦਰ ਬਾਰੇ ਦੂਰ-ਪ੍ਰਚਾਰ

**ਹਰਪਾਲ ਸਿੰਘ**

ਕੌਣ ਸੀ ਉਹ ਬੈਰਾਗੀ ਸਾਧੂ? ਬ੍ਰਾਹਮਣ, ਰਾਜਪੂਤ, ਸੋਢੀ-ਖੱਤਰੀ? ਮਾਤਾ ਸੁੰਦਰੀ ਦਾ ਦੁਰਕਾਰਿਆ ਹੋਇਆ ਜਾਂ ਗੁਰੂ ਦਾ ਆਪਣਾ ਬੰਦਾ? ਉਸ ਦਾ ਪਿਛੋਕੜ, ਉਸ ਦੇ ਪੁਰਖੇ ਕੌਣ ਸਨ? ਜੀਵਨ ਦੇ ਮੁੱਢਲੇ ਸਾਲ ਕਿੱਥੇ ਤੇ ਕਿਵੇਂ ਗੁਜ਼ਾਰੇ? ਗੁਰੂ ਗੋਬਿੰਦ ਸਿੰਘ ਨਾਲ ਉਸ ਦਾ ਮੇਲ ਕਦੋਂ ਤੇ ਕਿੱਥੇ ਹੋਇਆ? ਇਹ ਸਿੱਖ ਇਤਿਹਾਸ ਦੇ ਅਣਸੁਲਝੇ ਪ੍ਰਸ਼ਨ ਹਨ...ਇਕ ਪਹੇਲੀ!

ਉਹ ਸਮੁੱਚੇ ਬ੍ਰਹਿਮੰਡ ਦਾ ਮਹਾਨਾਇਕ, ਸਿੱਖ ਰਾਜ ਦਾ ਬਾਨੀ, ਗੀਤਾ ਦਾ ਕ੍ਰਿਸ਼ਨ, ਮਹਾਂਭਾਰਤ ਦਾ ਅਰਜੁਨ ਅਤੇ ਸਦੀਆਂ ਤੋਂ ਲਤਾੜੇ ਜਾਂਦੇ ਲੋਕਾਂ ਜਿਨ੍ਹਾਂ ਨੂੰ ਸਮਾਜ ਦੀ ਮੈਲ ਕਿਹਾ ਜਾਂਦਾ ਸੀ, ਉਨ੍ਹਾਂ ਦਾ ਮਸੀਹਾ ਸੀ। ਸ਼ਹੀਦੀ ਤੋਂ ਪਹਿਲਾਂ ਬੰਦਾ ਸਿੰਘ ਬਹਾਦਰ ਦਾ ਸਬਰ, ਸਿਦਕ ਤੇ ਦਲੇਰੀ ਉਸ ਦੇ ਸਮੁੱਚੇ ਜੀਵਨ ਦੀ ਤਰਜਮਾਨੀ ਕਰਦੇ ਹਨ। ਬਹੁਤ ਸਾਰੇ ਇਤਿਹਾਸਕਾਰਾਂ ਨੇ ਬਿਨਾਂ ਜਾਣੇ-ਪਛਾਣੇ, ਹਵਾ ਵਿਚ ਤੀਰ ਮਾਰ ਕੇ ਸੱਚ ਨੂੰ ਫਾਹੇ ਲਾਉਣ ਦਾ ਯਤਨ ਕੀਤਾ ਹੈ। ਇਕ ਪਾਸੜ ਸੋਚ ਦੀਆਂ ਕੁਝ ਵੰਨਗੀਆਂ ਇਸ ਤਰ੍ਹਾਂ ਹਨ:

**ਕੇਸਰ ਸਿੰਘ ਛਿੱਬੜ**

ਕੇਸਰ ਸਿੰਘ ਛਿੱਬੜ 'ਬੰਸਾਵਲੀ ਦਸਾਂ ਪਾਤਿਸ਼ਾਹੀਆਂ' (1769) ਦਾ ਲਿਖਾਰੀ ਬ੍ਰਾਹਮਣੀ ਪਿਛੋਕੜ ਵਾਲਾ ਸੀ। ਉਹ ਆਪਣੇ ਨਾਂ ਨਾਲ 'ਦਿਜ' ਸ਼ਬਦ ਦੀ ਵਰਤੋਂ ਕਰਦਾ ਸੀ ਜਿਸ ਦਾ ਭਾਵ ਬ੍ਰਾਹਮਣ ਹੈ। ਉਹ ਲਿਖਦਾ ਹੈ, ਬੰਦੇ ਨੇ ਕਿਉਂਕਿ ਵਿਆਹ ਕਰਵਾ ਲਿਆ ਸੀ, ਇਸ ਲਈ ਉਸ ਨੇ ਰਹਿਤ ਭੰਗ ਕੀਤੀ ਸੀ, ਜਦੋਂ ਕਿ ਗੁਰੂ ਗੋਬਿੰਦ ਸਿੰਘ ਨੇ ਉਸ ਨੂੰ ਲੰਗੋਟ ਦਾ ਪੱਕਾ ਰਹਿਣ ਲਈ ਕਿਹਾ ਸੀ।

ਕੇਸਰ ਸਿੰਘ ਛਿੱਬੜ ਦਾ ਇਹ ਦੋਸ਼ ਨਿਰਮੂਲ ਹੈ। ਸਿੱਖ ਗੁਰੂਆਂ ਨੇ ਗ੍ਰਿਹਸਥ ਮਾਰਗ ਨੂੰ ਸਭ ਤੋਂ ਉੱਚਾ ਮਾਰਗ ਮੰਨਿਆ ਹੈ। ਮਰਦ ਤੇ ਇਸਤਰੀ ਨੂੰ ਬਰਾਬਰ ਦੇ ਹਕੂਕ ਦਿੱਤੇ ਗਏ ਹਨ। ਗੁਰੂ ਨਾਨਕ ਦੇਵ ਜੀ 'ਆਸਾ ਦੀ ਵਾਰ' ਵਿਚ ਫਰਮਾਉਂਦੇ ਹਨ,

ਸੋ ਕਿਉ ਮੰਦਾ ਆਖੀਐ<br>
ਜਿਤੁ ਜੰਮਹਿ ਰਾਜਾਨ॥<br>
ਭੰਡਹੁ ਹੀ ਭੰਡ ਉਪਜੈ<br>
ਭੰਡੈ ਬਾਝੁ ਨ ਕੋਇ॥<br>
ਨਾਨਕ ਭੰਡੈ ਬਾਹਰਾ<br>
ਏਕੋ ਸਚਾ ਸੋਇ॥

ਗੁਰੂ ਅਰਜਨ ਦੇਵ ਜੀ ਦੀਆਂ ਦੋ ਸ਼ਾਦੀਆਂ ਸਨ। ਪਹਿਲੀ ਪਤਨੀ ਰਾਮ ਦੇਵੀ ਸੀ ਜੋ ਲੰਬੀ ਬਿਮਾਰੀ ਦਾ ਸ਼ਿਕਾਰ ਸੀ। ਉਨ੍ਹਾਂ ਦੀ ਦੂਜੀ ਪਤਨੀ ਦਾ ਨਾਂ ਮਾਤਾ ਗੰਗਾ ਸੀ ਜੋ ਪਿੰਡ ਮੇਓ ਜ਼ਿਲ੍ਹਾ ਜਲੰਧਰ ਦੇ ਕਿਸ਼ਨ ਚੰਦ ਦੀ ਬੇਟੀ ਸੀ। ਗੁਰੂ ਹਰਗੋਬਿੰਦ ਜੀ ਦੀਆਂ ਤਿੰਨ ਸ਼ਾਦੀਆਂ ਸਨ-ਮਾਤਾ ਦਮੋਦਰੀ, ਮਾਤਾ ਮਹਾਂ ਦੇਵੀ ਅਤੇ ਮਾਤਾ ਨਾਨਕੀ। ਗੁਰੂ ਗੋਬਿੰਦ ਸਿੰਘ ਦੀਆਂ ਤਿੰਨ ਸ਼ਾਦੀਆਂ ਸਨ- ਮਾਤਾ ਸੁੰਦਰੀ, ਮਾਤਾ ਜੀਤੋ ਤੇ ਮਾਤਾ ਸਾਹਿਬ ਦੇਵਾਂ। ਉਹ ਬੰਦੇ ਨੂੰ ਵਿਆਹ ਨਾ ਕਰਵਾਉਣ ਲਈ ਕਿਵੇਂ ਕਹਿ ਸਕਦੇ ਸਨ? ਬੰਦੇ ਬਹਾਦਰ ਨੇ ਚੰਬੇ ਦੇ ਰਾਜਾ ਉਦੈ ਸਿੰਘ ਦੀ ਧੀ ਸੁਸ਼ੀਲ ਕੁੰਵਰ (ਮਗਰੋਂ ਸੁਸ਼ੀਲ ਕੌਰ) ਨਾਲ ਬਾਕਾਇਦਾ ਸ਼ਾਦੀ ਕੀਤੀ ਸੀ।

ਬੰਦੇ ਅਤੇ ਬਾਵਾ ਬਿਨੋਦ ਸਿੰਘ ਦਾ ਗੁਰਦਾਸ ਨੰਗਲ ਵਿਚ ਘਿਰੇ ਹੋਣ ਕਰ ਕੇ ਝਗੜਾ ਹੋ ਗਿਆ। ਪਹਿਲਾ ਕਾਰਨ ਇਹ ਸੀ ਕਿ ਬਾਵਾ ਬਿਨੋਦ ਸਿੰਘ ਬਾਕੀ ਸਿੰਘਾਂ ਨਾਲ ਵੰਡ ਕੇ ਨਹੀਂ ਖਾਂਦਾ ਸੀ ਅਤੇ ਦੂਜਾ ਇਹ ਕਿ ਬੰਦਾ ਸਿੰਘ ਘੇਰੇ ਵਿਚ ਘਿਰਿਆ ਹੋਇਆ ਇਕ ਹੋਰ ਵਿਆਹ ਕਰਾਉਣ ਦੀ ਇੱਛਾ ਪ੍ਰਗਟ ਕਰ ਰਿਹਾ ਸੀ। (ਕੇਸਰ ਸਿੰਘ ਛਿੱਬੜ 'ਤੇ ਕੇਵਲ ਤਰਸ ਹੀ ਕੀਤਾ ਜਾ ਸਕਦਾ ਹੈ, ਪਾਠਕ ਫੈਸਲਾ ਆਪ ਕਰਨ)

ਜਦੋਂ ਦਿੱਲੀ ਵਿਚ ਹਰ ਰੋਜ਼ ਸਿੰਘਾਂ ਦਾ ਕਤਲ ਹੋ ਰਿਹਾ ਸੀ ਤਾਂ ਜਿਸ ਦਿਨ ਬਾਬਾ ਕਾਹਨ ਸਿੰਘ ਦੀ ਵਾਰੀ ਆਈ ਤਾਂ ਬਾਵਾ ਬਿਨੋਦ ਸਿੰਘ ਨੇ ਦਰੋਗੇ ਨਾਲ ਮਿਲ ਕੇ ਕਾਹਨ ਸਿੰਘ ਦੀ ਥਾਂ ਕਿਸੇ ਗਰੀਬ ਨੂੰ ਬਿਠਾ ਕੇ ਕਤਲ ਕਰਵਾ ਦਿੱਤਾ ਸੀ। ਇਸ ਦਾ ਅਰਥ ਇਹ ਹੀ ਹੋ ਸਕਦਾ ਹੈ ਕਿ ਬਾਵਾ ਬਿਨੋਦ ਸਿੰਘ ਪਹਿਲਾਂ ਤੋਂ ਹੀ ਮੁਗਲਾਂ ਨਾਲ ਰਲਿਆ ਹੋਇਆ ਸੀ ਅਤੇ ਆਪਣੇ ਪੁੱਤਰ ਨੂੰ ਛੁਡਾਉਣ ਲਈ ਉਸ ਨੇ ਮੁਗਲਾਂ ਨਾਲ ਸਮਝੌਤਾ ਕਰ ਰੱਖਿਆ ਸੀ।

**ਸਰੂਪ ਦਾਸ ਭੱਲਾ**

ਸਰੂਪ ਦਾਸ ਭੱਲਾ 'ਮਹਿਮਾ ਪ੍ਰਕਾਸ਼' (1776) ਦੇ ਗ੍ਰੰਥ ਦਾ ਰਚਨਹਾਰਾ ਹੈ। ਸਿੱਖ ਧਰਮ ਦਾ ਅਨੁਯਾਈ ਹੋਣ ਦੇ ਬਾਵਜੂਦ ਉਸ ਉਪਰ ਸਨਾਤਨੀ ਹਿੰਦੂ ਰਹਿਤ ਮਰਿਆਦਾ ਪੂਰੀ ਤਰ੍ਹਾਂ ਹਾਵੀ ਸੀ। ਆਪਣੇ ਗ੍ਰੰਥ ਵਿਚ ਬੰਦੇ ਬਾਰੇ ਉਹ ਲਿਖਦਾ ਹੈ, ਕੋਈ ਅਕਲ ਗੁਆ ਚੁੱਕਿਆ ਹਾਕਮ ਹੀ ਰਾਜ ਭਾਗ ਪ੍ਰਾਪਤ ਕਰ ਕੇ ਬੁਰੇ ਕੰਮ ਕਰਦਾ ਹੈ, ਬੰਦਾ ਸਿੰਘ ਨੇ ਕਿਉਂਕਿ ਰਾਜ ਧਨ ਖਾਧਾ ਸੀ, ਇਸ ਕਰ ਕੇ ਬੰਦੇ ਨੂੰ ਗੁਰਦਾਸ ਨੰਗਲ ਵਿਚ ਤਸੀਹੇ ਝੱਲਣੇ ਪਏ। ਮੁਸਲਮਾਨਾਂ ਦੇ ਕਤਲ ਦਾ ਦੋਸ਼ ਉਹ ਬੰਦੇ ਉਪਰ ਲਾਉਂਦਾ ਹੈ।

ਆਪਣੇ ਰਾਜ ਸਮੇਂ ਬੰਦੇ ਨੇ ਹਲਵਾਹਕਾਂ ਨੂੰ ਜ਼ਮੀਨ ਦਾ ਮਾਲਕ ਬਣਾਇਆ। ਕਿਸਾਨਾਂ ਦੀ ਤਕਦੀਰ ਬਦਲ ਦਿੱਤੀ। ਨੀਵੇਂ ਤੋਂ ਨੀਵੇਂ ਲੋਕਾਂ ਨੂੰ ਆਪਣੇ ਰਾਜ ਪ੍ਰਬੰਧ ਵਿਚ ਉੱਚੀਆਂ ਪਦਵੀਆਂ 'ਤੇ ਪਹੁੰਚਾਇਆ। ਵਿਲੀਅਮ ਇਰਵਨ ਲਿਖਦਾ ਹੈ ਕਿ ਬੰਦਾ ਸਿੰਘ ਬਹਾਦਰ ਦੀ ਸੈਨਾ ਵਿਚ ਜਿਹੜੇ ਚੂਹੜੇ ਚਮਿਆਰ ਤੇ ਨੀਚਾਂ ਤੋਂ ਨੀਚ ਜਾਤੀ ਦੇ ਲੋਕ ਵੀ ਭਰਤੀ ਹੋਏ ਸਨ, ਉਹ ਵੀ ਆਪਣੇ ਘਰਾਂ ਨੂੰ ਹਾਕਮ ਬਣ ਕੇ ਮੁੜੇ ਸਨ।

ਬੰਦਾ ਨਾ ਤਾਂ ਹਤਿਆਰਾ ਸੀ, ਨਾ ਜ਼ਾਲਮ ਅਤੇ ਨਾ ਹੀ ਮੁਸਲਮਾਨਾਂ ਦੇ ਖੂਨ ਦਾ ਪਿਆਸਾ। ਉਸ ਨੇ ਕਦੀ ਵੀ ਮੁਸਲਮਾਨਾਂ ਦੇ ਸਿਰਾਂ ਦੇ ਮਿਨਾਰ ਨਹੀਂ ਚਿਣਵਾਏ ਅਤੇ ਨਾ ਹੀ ਕਿਸੇ ਬੱਚੇ ਨੂੰ ਜਾਣ-ਬੁੱਝ ਕੇ ਜ਼ਿਬ੍ਹਾ ਕਰਵਾਇਆ। ਲੜਾਈ ਵਿਚ ਲੋਕਾਂ ਦਾ ਮਰਨਾ ਅਤੇ ਲੁੱਟਮਾਰ ਤੇ ਅੱਗਜ਼ਨੀ ਦਾ ਵਰਤਾਰਾ ਹੋਣਾ ਆਮ ਗੱਲ ਹੈ। ਭਗਵਾਨ ਦਾਸ ਹਰਕਾਰੇ ਦੀ 28 ਅਪਰੈਲ 1711 ਦੀ ਰਿਪੋਰਟ ਵਿਚ ਦਰਜ ਹੈ ਕਿ ਉਸ (ਬੰਦਾ) ਨੇ ਵਚਨ ਦਿੱਤਾ ਹੈ ਅਤੇ ਸੱਚੇ ਦਿਲੋਂ ਇਕਰਾਰ ਕੀਤਾ ਹੈ ਕਿ ਉਹ ਮੁਸਲਮਾਨਾਂ ਨੂੰ ਨਾ ਤਾਂ ਕੋਈ ਦੁੱਖ ਦੇਵੇਗਾ ਅਤੇ ਨਾ ਹੀ ਕੋਈ ਨੁਕਸਾਨ ਪਹੁੰਚਾਵੇਗਾ। ਉਸ ਨੇ ਉਨ੍ਹਾਂ ਨੂੰ ਬਿਨਾਂ ਕਿਸੇ ਡਰ ਭੈਅ ਅਤੇ ਜਿਵੇਂ ਵੀ ਉਹ ਚਾਹੁਣ, ਨਮਾਜ਼ ਜਾਂ ਖੁਤਬਾ ਪੜ੍ਹਨ ਦੀ ਆਗਿਆ ਦੇ ਰੱਖੀ ਹੈ।

**ਰਤਨ ਸਿੰਘ ਭੰਗੂ**

ਰਤਨ ਸਿੰਘ ਭੰਗੂ ਦੀ ਪੁਸਤਕ 'ਪ੍ਰਾਚੀਨ ਪੰਥ ਪ੍ਰਕਾਸ਼' 1841 ਦੀ ਲਿਖਤ ਹੈ। ਉਹ ਬੰਦੇ ਬਹਾਦਰ ਦਾ ਸਮਕਾਲੀ ਨਹੀਂ ਹੈ। ਬੰਦੇ ਬਹਾਦਰ ਦੀ ਸ਼ਹਾਦਤ ਦੇ 125 ਸਾਲਾਂ ਬਾਅਦ ਇਹ ਪੁਸਤਕ ਲਿਖੀ ਗਈ ਹੈ। ਪੰਥ ਪ੍ਰਕਾਸ਼ ਦਾ ਗੁਰੂ ਨਾਨਕ ਤੋਂ ਬੰਦਾ ਸਿੰਘ ਬਹਾਦਰ ਤੱਕ ਦੇ ਸਮੇਂ ਦਾ ਭੰਗੂ ਦਾ ਵਰਣਨ ਪ੍ਰਮਾਣਿਕ ਨਹੀਂ ਕਿਹਾ ਜਾ ਸਕਦਾ, ਕਿਉਂਕਿ ਉਹ ਨਾ ਤਾਂ ਇਸ ਸਮੇਂ ਵਿਚ ਸੀ ਤੇ ਨਾ ਹੀ ਉਸ ਪਾਸ ਕੋਈ ਪ੍ਰਮਾਣਿਕ ਸਰੋਤ ਸਨ। ਭੰਗੂ ਬੰਦਾ ਬਹਾਦਰ ਨੂੰ ਸਿੱਖਾਂ ਦਾ ਨੇਤਾ ਮੰਨ ਕੇ ਨਹੀਂ ਚਲਦਾ, ਕਿਉਂਕਿ ਉਸ ਦੇ ਵੱਡੇ ਵਡੇਰੇ ਜਿਨ੍ਹਾਂ ਦਾ ਸਬੰਧ ਤੱਤ-ਖਾਲਸਾ ਨਾਲ ਸੀ, ਬੰਦਾ ਬਹਾਦਰ ਦੇ ਖਿਲਾਫ਼ ਸਨ। ਆਪਣੀ ਲਿਖਤ ਵਿਚ ਉਸ ਨੇ ਕਿਤੇ ਵੀ ਬੰਦੇ ਦੇ ਨਾਂ ਨਾਲ ਸਿੰਘ ਸ਼ਬਦ ਨਹੀਂ ਵਰਤਿਆ, ਕਿਉਂਕਿ ਉਹ ਬੰਦਾ ਬਹਾਦਰ ਨੂੰ ਅੰਮ੍ਰਿਤਧਾਰੀ ਨਹੀਂ ਸੀ ਮੰਨਦਾ। ਉਹ ਬੰਦਾ ਸ਼ਬਦ ਨੂੰ ਵਿਗਾੜ ਕੇ ਬੰਦੋ ਅਤੇ ਬੰਦੇ ਦੇ ਰੂਪ ਵਿਚ ਵਰਤਦਾ ਹੈ। ਬੰਦੇ ਪ੍ਰਤੀ ਆਪਣੇ ਮਨ ਵਿਚ ਛੁਪੀ ਤ੍ਰਿਸਕਾਰ ਦੀ ਭਾਵਨਾ ਦਾ ਪ੍ਰਗਟਾ ਕਰਦਾ ਹੋਇਆ ਉਹ ਲਿਖਦਾ ਹੈ,

1. ਬੰਦਾ ਅੰਮ੍ਰਿਤਧਾਰੀ ਨਹੀਂ ਸੀ।

2. ਬੰਦਾ ਸਿੱਖਾਂ ਦਾ ਨੇਤਾ ਨਹੀਂ ਸੀ। ਸਿੱਖ ਬੰਦੇ ਦੀ ਅਗਵਾਈ ਵਿਚ ਨਹੀਂ ਲੜਦੇ ਸਨ ਸਗੋਂ ਉਹ (ਬੰਦਾ) ਗੁਰੂ ਜੀ ਦੇ ਪੁੱਤਰਾਂ ਦਾ ਬਦਲਾ ਲੈਣ ਲਈ ਆਪਣੇ ਤੌਰ 'ਤੇ ਲੜ ਰਿਹਾ ਸੀ।

3. ਗੁਰੂ ਗੋਬਿੰਦ ਸਿੰਘ ਨੇ ਬੰਦੇ ਨੂੰ ਨੇਤਾ ਥਾਪਣ ਸਮੇਂ ਆਪਣਾ ਖੰਡਾ ਬੰਦੇ ਦੇ ਗਲ ਵਿਚ ਪਾ ਦਿੱਤਾ ਸੀ। ਭੰਗੂ ਅਨੁਸਾਰ ਖਾਲਸਾ ਪੰਥ ਨੇ ਇਸ ਖੰਡੇ ਨੂੰ ਬੰਦੇ ਕੋਲੋਂ ਖੋਹ ਲਿਆ ਸੀ। ਭੰਗੂ ਇਹ ਸਾਬਤ ਕਰਨਾ ਚਾਹੁੰਦਾ ਹੈ ਕਿ ਗੁਰੂ ਜੀ ਦੀ ਚੋਣ ਗਲਤ ਸੀ।

4. ਭੰਗੂ ਦੇ ਇਤਿਹਾਸ ਦਾ ਸੰਕਲਪ ਸਿਰਫ਼ ਜਾਦੂ ਟੂਣਿਆਂ ਉਪਰ ਹੀ ਆਧਾਰਤ ਹੈ। ਉਹ ਕਹਿੰਦਾ ਹੈ, ਸਰਹਿੰਦ ਦੀ ਲੜਾਈ ਸਿਰਫ਼ ਗੁਰੂ ਦਾ ਇਕ ਕਰਾਮਾਤੀ ਤੀਰ ਚਲਾਉਣ ਨਾਲ ਹੀ ਜਿੱਤੀ ਗਈ ਸੀ।

5. ਬੰਦੇ ਦੇ ਸੰਘਰਸ਼ ਨੂੰ ਮੁਸਲਮਾਨਾਂ ਦੇ ਖਿਲਾਫ਼ ਅਤੇ ਹਿੰਦੂਆਂ ਦੀ ਰੱਖਿਆ ਲਈ ਸਮਝਦਾ ਹੈ, ਉਹ ਹਰ ਥਾਂ ਮੁਸਲਮਾਨਾਂ ਦਾ ਕਤਲ ਹੁੰਦਾ ਦਿਖਾਉਂਦਾ ਹੈ ਅਤੇ ਮੁਸਲਮਾਨਾਂ ਦੀਆਂ ਕਬਰਾਂ ਪੁੱਟ ਕੇ ਮੁਰਦੇ ਸਾੜਦੇ ਹੋਏ ਦੱਸਦਾ ਹੈ।

6. ਬੰਦੇ ਪਾਸ ਜਾਦੂ ਟੂਣਿਆਂ ਦੀ ਪੋਥੀ ਸੀ। ਜਦੋਂ ਤੱਕ ਇਹ ਪੋਥੀ ਉਸ ਪਾਸ ਰਹੀ, ਬੰਦਾ ਹਰ ਪਾਸੇ ਫਤਿਹ ਪ੍ਰਾਪਤ ਕਰਦਾ ਰਿਹਾ। ਜਦੋਂ ਇਹ ਪੋਥੀ ਮੰਡੀ ਦੇ ਰਾਜੇ ਨੇ ਚੋਰੀ ਕਰ ਲਈ ਤਾਂ ਬੰਦਾ ਸਿੰਘ ਦੀ ਤਾਕਤ ਵੀ ਘੱਟ ਗਈ ਸੀ।

7. ਬੰਦੇ ਨੂੰ ਉਹ ਮਾਤਾ ਸੁੰਦਰੀ ਜੀ ਤੋਂ ਵੀ ਸਰਾਪ ਦਿਵਾ ਦਿੰਦਾ ਹੈ ਤੇ ਪੰਥ ਖਾਲਸਾ ਤੋਂ ਅਖਵਾ ਦਿੰਦਾ ਹੈ ਕਿ ਉਸ ਨੂੰ ਗੁਰੂ ਦੇ ਪੁੱਤਰਾਂ ਦਾ ਬਦਲਾ



ਲੈਣ ਲਈ ਭੇਜਿਆ ਗਿਆ ਸੀ ਅਤੇ ਇਹ ਬਦਲਾ ਕਿਉਂਕਿ ਹੁਣ ਲਿਆ ਜਾ ਚੁੱਕਾ ਹੈ, ਇਸ ਲਈ ਉਸ ਨੂੰ ਪੰਥ ਖਾਲਸੇ ਦਾ ਖਹਿੜਾ ਛੱਡ ਕੇ ਫਿਰ ਤੋਂ ਬੈਰਾਗੀ ਸਾਧਾਂ ਵਿਚ ਚਲੇ ਜਾਣਾ ਚਾਹੀਦਾ ਹੈ।

8. ਉਹ ਕਹਿੰਦਾ ਹੈ, ਜਦੋਂ ਬੰਦਾ ਗੁਰੂ ਤੋਂ ਬੇਮੁੱਖ ਹੋ ਗਿਆ ਅਤੇ ਆਪਣੇ ਆਪ ਨੂੰ ਗੁਰੂ ਕਹਾਉਣ ਲੱਗਾ ਤਾਂ ਉਸ ਦੀ ਸਾਰੀ ਕਰਾਮਾਤੀ ਸ਼ਕਤੀ ਜਾਂਦੀ ਰਹੀ। ਉਸ ਅਨੁਸਾਰ ਜਦੋਂ ਤੱਕ ਬੰਦਾ ਗੁਰੂ ਦਾ ਸੱਚਾ ਸਿੱਖ ਰਿਹਾ, ਉਦੋਂ ਤੱਕ ਉਹ ਹਰ ਮਾਈ ਭਾਈ ਨੂੰ ਦੁੱਧ ਪੁੱਤ ਵੀ ਬਖ਼ਸ਼ਦਾ ਰਿਹਾ, ਹਰ ਗਰੀਬ ਨੂੰ ਮੁੱਠੀਆਂ ਭਰ ਭਰ ਮੋਹਰਾਂ ਵੰਡਦਾ ਰਿਹਾ। ਦੀਪ ਸਿੰਘ ਭਾਈ ਨੂੰ ਦਾਣੇ ਖਾਣ ਲਈ ਦੰਦ ਤੇ ਜਾੜ੍ਹਾਂ ਵੀ ਬਖ਼ਸ਼ਦਾ ਰਿਹਾ। ਭੰਗੂ ਉਸ ਨੂੰ ਕਰਾਮਾਤੀ ਸਾਧੂ ਮੰਨਦਾ ਹੈ।

9. ਗੁਰਦਾਸ-ਨੰਗਲ ਦੇ ਘੇਰੇ ਸਮੇਂ ਵੀ ਭੰਗੂ ਬੰਦਾ ਸਿੰਘ ਕੋਲੋਂ ਦੇਵੀ ਦੀ ਪੂਜਾ ਕਰਵਾ ਰਿਹਾ ਹੈ ਅਤੇ ਦੇਵੀ ਨੂੰ ਸਵਾ ਲੱਖ ਸਿਰਾਂ ਦੀ ਭੇਟ ਚੜ੍ਹਾਉਣ ਵਜੋਂ ਮੱਖੀਆਂ ਮਰਵਾ ਕੇ ਸਿਰਾਂ ਦੀ ਗਿਣਤੀ ਪੂਰੀ ਕਰਵਾ ਰਿਹਾ ਹੈ।

10. ਬੰਦੇ ਦੀ ਇਕ ਨੌਕਰਾਣੀ ਵੀ ਸੀ। ਭੰਗੂ ਕਹਿੰਦਾ ਹੈ ਕਿ ਬੰਦੇ ਨੇ ਆਪਣੀ ਨੌਕਰਾਣੀ ਨੂੰ ਗਰਭਵਤੀ ਕਰ ਦਿੱਤਾ ਸੀ। ਨੌਕਰਾਣੀ ਦੇ ਵੀ ਮੁੰਡਾ ਹੋ ਗਿਆ। ਉਹ ਵੀ ਪਹਿਲੇ ਮੁੰਡੇ ਦੇ ਬਰਾਬਰ ਦਾ ਮਾਲਕ ਬਣ ਗਿਆ ਸੀ। ਭੰਗੂ ਦੀ ਅਸਲ ਲਿਖਤ ਵਿਚ ਇਸ ਦਾ ਵਰਣਨ ਕੀਤਾ ਗਿਆ ਹੈ,

ਤੋ ਬੰਦੇ ਜੀ ਘਰ ਬੇਟਾ ਭਯੋ।<br>
ਔਰ ਦਾਸੀ ਕੋ ਬੀ ਇਕ ਠਯੋ।<br>
ਭੌ ਦਾਸੀ ਸੁਤ ਖੇਡਤ ਆਯੋ।<br>
ਬੰਦੈ ਜੀ ਉਸ ਯੋ ਫਰਮਾਯੋ।<br>
ਤੂੰ ਭੀ ਖੇਡ ਜਾ ਭਾਈਆਨ ਸਾਥ।<br>
ਯੌ ਸੁਨ ਦਾਸੀ ਬੋਲੀ ਬਾਤ।<br>
ਸੁਨੋਂ ਬਚਨ ਸੰਗਤ ਤੁਮ ਸਾਰੀ।<br>
ਭਾਈ ਸੋ ਖੇਲੇ ਯੋ ਮਾਲਕ ਉਚਾਰੀ॥

**ਗਿਆਨੀ ਗਯਾਨ ਸਿੰਘ**

ਗਿਆਨੀ ਗਯਾਨ ਸਿੰਘ ਦਾ ਸਮਾਂ 1822 ਤੋਂ ਲੈ ਕੇ 1921 ਦਾ ਹੈ। ਚੜ੍ਹਦੀ ਜਵਾਨੀ ਵਿਚ ਉਹ ਨਿਰਮਲਾ ਸੰਤ ਬਣ ਗਿਆ ਸੀ। ਬੰਦਾ ਸਿੰਘ ਬਹਾਦਰ ਬਾਰੇ ਜਾਣਕਾਰੀ ਉਸ ਦੇ ਦੂਜੇ ਭਾਗ (ਸਮਸੇਰ ਖਾਲਸਾ) ਵਿਚੋਂ ਮਿਲਦੀ ਹੈ ਜੋ 1892 ਵਿਚ ਸਿਆਲਕੋਟ ਤੋਂ ਛਪਵਾਈ ਗਈ ਸੀ।

ਬੰਦਾ ਸਿੰਘ ਬਹਾਦਰ ਦੇ ਅਕਸ ਨੂੰ ਮਲੀਤ ਕਰਨ ਲਈ ਉਹ ਲਿਖਦਾ ਹੈ,

1. ਉਸ ਨੇ ਵਿਆਹ ਕਰਵਾ ਕੇ ਗੁਰੂ ਗੋਬਿੰਦ ਸਿੰਘ ਦੀ ਅਵੱਗਿਆ ਕੀਤੀ ਸੀ।

2. ਉਸ ਨੇ ਤੱਤ ਖਾਲਸਾ ਨਾਂ ਦਾ ਆਪਣਾ ਵੱਖਰਾ ਪੰਥ ਚਲਾ ਲਿਆ ਸੀ।

3. ਖੰਡੇ ਦੀ ਪਾਹੁਲ ਦੀ ਥਾਂ ਚਰਨ ਪਾਹੁਲ ਦੀ ਰੀਤ ਅਰੰਭ ਕੀਤੀ।

4. ਉਸ ਨੇ ਵਾਹਿਗੁਰੂ ਜੀ ਕੀ ਫਤਿਹ ਦੀ ਥਾਂ ਫਤਿਹ ਦਰਸ਼ਨ ਪ੍ਰਚਲਤ ਕੀਤਾ।

5. ਉਸ ਪਾਸ ਜਾਦੂ ਮੰਤਰਾਂ ਦੀ ਪੋਥੀ ਸੀ ਜਿਸ ਨਾਲ ਉਹ ਕੰਮ ਸਾਰਦਾ ਸੀ। ਲੜਾਈ ਵਿਚ ਉਸ ਦੇ ਬੀਰ ਉਸ ਦੀ ਮਦਦ ਕਰਦੇ ਰਹਿੰਦੇ ਸਨ (ਭਾਵ ਬੰਦਾ ਕਰਾਮਾਤੀ ਜਾਦੂਗਰ ਸੀ)।

6. ਬੰਦਾ ਸਿੰਘ ਅਤੇ ਉਸ ਦੇ ਪੁੱਤਰ ਨੂੰ ਸ਼ਹੀਦ ਕਰਨ ਤੋਂ ਬਾਅਦ ਜਦ ਉਸ ਦੀ ਪਤਨੀ ਨੂੰ ਮੁਸਲਮਾਨ ਬਣ ਜਾਣ ਲਈ ਕਿਹਾ ਗਿਆ ਤਾਂ ਉਸ ਨੇ ਮੁਸਲਮਾਨ ਬਣਨਾ ਸਵੀਕਾਰ ਕਰ ਲਿਆ ਅਤੇ ਉਸ ਨੂੰ ਦੱਖਣੀ ਬੇਗ਼ਮ ਦੇ ਹਵਾਲੇ ਕਰ ਕੇ ਮੱਕੇ ਹੱਜ ਕਰਨ ਲਈ ਭੇਜ ਦਿੱਤਾ।

ਕੁਝ ਲੋਕਾਂ ਦਾ ਮਤ ਹੈ ਕਿ ਉਸ ਨੂੰ ਬਾਦਸ਼ਾਹ ਦੀ ਮਾਂ ਦੇ ਮਹਿਲਾਂ ਵਿਚ ਭੇਜ ਦਿੱਤਾ ਗਿਆ ਸੀ, ਪਰ ਜ਼ਿੰਦਗੀ ਤੋਂ ਨਿਰਾਸ਼ ਹੋਈ ਰਾਜਕੁਮਾਰੀ ਨੇ ਚੋਰੀ ਛਿਪੇ ਮਹਿਲ ਦੇ ਖੂਹ ਵਿਚ ਛਾਲ ਮਾਰ ਕੇ ਜਾਨ ਦੇ ਦਿੱਤੀ।

**ਕਰਮ ਸਿੰਘ ਹਿਸਟੋਰੀਅਨ**

'ਬੰਦਾ ਕੌਣ ਸੀ' 1907 ਕਰਮ ਸਿੰਘ ਹਿਸਟੋਰੀਅਨ ਦੀ ਲਿਖਤ ਹੈ। ਆਪਣੀਆਂ ਲਿਖਤਾਂ ਵਿਚ ਉਸ ਨੇ ਪਹਿਲੀ ਵਾਰ ਫਾਰਸੀ ਸਰੋਤ ਦੀ ਸਹਾਇਤਾ ਲਈ। ਉਸ ਨੇ ਸਿੱਖ ਇਤਿਹਾਸ ਦੀ ਸਹੀ ਤਸਵੀਰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ, ਪਰ ਆਪਣੀਆਂ ਲਿਖਤਾਂ ਵਿਚ ਉਹ ਵੀ ਬੰਦੇ ਬਹਾਦਰ ਨਾਲ ਇਨਸਾਫ ਨਹੀਂ ਕਰ ਸਕਿਆ।

1. ਉਹ ਵੀ ਬੰਦੇ ਨੂੰ ਗ਼ੈਰ-ਅੰਮ੍ਰਿਤਧਾਰੀ ਮੰਨਦਾ ਹੈ (ਬਾਅਦ ਦੀ ਲਿਖਤ ਵਿਚ ਉਸ ਨੇ ਇਸ ਨੂੰ ਮੰਨ ਲਿਆ)।

2. ਬੰਦਾ ਦਿੱਲੀ ਵਿਚੋਂ ਬਚ ਕੇ ਨਿਕਲ ਗਿਆ ਸੀ। ਬਾਅਦ ਵਿਚ ਉਸ ਨੇ ਵਿਆਹ ਕਰਵਾ ਕੇ ਐਸ਼ੋ-ਅਰਾਮ ਦੀ ਜ਼ਿੰਦਗੀ ਬਤੀਤ ਕੀਤੀ।

ਡਾ. ਸੁਖਦਿਆਲ ਸਿੰਘ ਅਨੁਸਾਰ "ਬਾਦਸ਼ਾਹ ਨੇ ਖ਼ਫ਼ਾ ਹੋ ਕੇ ਬੰਦੇ ਨੂੰ ਹਾਥੀ ਦੇ ਪੈਰ ਨਾਲ ਬੰਨ੍ਹਵਾ ਦਿੱਤਾ ਤੇ ਘੜੀਸ ਕੇ ਮਾਰਨ ਦਾ ਹੁਕਮ ਦੇ ਦਿੱਤਾ। ਉਸੇ ਘੜੀਸ ਵਿਚ ਬੰਦੇ ਨੇ ਆਪਣੇ ਪ੍ਰਾਣ ਦਸਵੇਂ ਦੁਆਰ ਚਾੜ੍ਹ ਲਏ। ਮੁਸਲਮਾਨਾਂ ਨੇ ਮੁਰਦਾ ਸਮਝ ਕੇ ਜਮਨਾ ਕਿਨਾਰੇ ਸੁਟਵਾ ਦਿੱਤਾ। ਬੰਦੇ ਦੇ ਚੇਲੇ ਜੋ ਮਾਈ ਰਾਮ ਦੇਈ ਬੰਦੇ ਦੀ ਔਰਤ ਦੇ ਭੇਜੇ ਹੋਏ ਮੁਸਲਮਾਨੀ ਲਿਬਾਸ ਧਾਰ ਕੇ ਉਥੇ ਫਿਰ ਰਹੇ ਸਨ, ਰਾਤ ਪਈ ਬੰਦੇ ਨੂੰ ਚੁੱਕ ਕੇ ਪੰਜਾਬ ਵਿਚ ਠੱਕਰ ਭੁੱਚੋ ਪਿੰਡ, ਪਰਗਨੇ ਸ਼ਰਕਪੁਰ, ਬੰਦੇ ਦੀ ਇਸਤਰੀ ਪਾਸ ਲੈ ਆਏ। 'ਉਸ ਨੂੰ ਪ੍ਰਾਣ ਉਤਾਰ ਲੈਣੇ ਆਂਵਦੇ ਸੇ, ਮਾਕਸ਼ ਕਰਨੇ ਪਰ ਪ੍ਰਾਣ ਉਤਰ ਆਏ...' ਬੰਦਾ ਆਪਣੀਆਂ ਦੋਹਾਂ ਇਸਤਰੀਆਂ ਸਮੇਤ ਜੰਮੂ ਇਲਾਕੇ ਦੇ ਪਹਾੜਾਂ ਵਿਚ ਚਲਾ ਗਿਆ ਤੇ ਪਰਗਨੇ ਰਯਾਸੀ ਭੱਬਰ ਪਾਸ ਚੰਦਰ-ਭਾਗਾ ਦਰਿਆ ਕਿਨਾਰੇ ਪਹਾੜ ਦੀ ਗੁਫਾ ਵਿਚ ਸਾਰੀ ਉਮਰ ਗੁਜ਼ਾਰੀ।"

ਇਸ ਤੋਂ ਵੱਧ ਸਿੱਖ ਇਤਿਹਾਸ ਦੀ ਬਦਕਿਸਮਤੀ ਕੀ ਹੋ ਸਕਦੀ ਹੈ ਕਿ ਭਾਈ ਕਰਮ ਸਿੰਘ ਵਰਗੇ ਇਤਿਹਾਸਕਾਰ ਨੇ ਬੰਦੇ ਦੀ ਸ਼ਹੀਦੀ ਨੂੰ ਇੰਨੀ ਬੁਰੀ ਤਰ੍ਹਾਂ ਭੰਡਿਆ, ਜਿੰਨਾ ਸਿੱਖ ਇਤਿਹਾਸ ਵਿਚ ਕਿਸੇ ਹੋਰ ਯੋਧੇ ਨੂੰ ਨਹੀਂ ਭੰਡਿਆ ਗਿਆ। (ਸੀ.ਆਰ. ਵਿਲਸਨ, ਅਰਲੀ ਐਨਲਜ਼ ਆਫ ਇੰਗਲਿਸ਼ ਇਨ ਬੰਗਾਲ, ਸਫੇ 96-98)

ਇਸ ਸਬੰਧੀ ਦਿੱਲੀ ਵਿਚ ਰਹਿ ਰਹੇ ਫੋਰਟ ਵਿਲੀਅਮ, ਕਲੱਕਤਾ ਦੇ ਗਵਰਨਰ ਦੇ ਨੁਮਾਇੰਦੇ ਜੌਹਨ ਸੂਰਮਨ ਅਤੇ ਐਡਵਰਡ ਸਟੀਵਨਸਨ ਨੇ 16 ਮਾਰਚ 1716 ਨੂੰ ਆਪਣੇ ਗਵਰਨਰ ਨੂੰ ਲਿਖੀ ਚਿੱਠੀ ਵਿਚ ਇਨ੍ਹਾਂ ਸ਼ਹੀਦੀਆਂ ਦਾ ਅੱਖੀਂ ਡਿੱਠਾ ਹਾਲ ਇਨ੍ਹਾਂ ਲਫ਼ਜ਼ਾਂ ਵਿਚ ਬਿਆਨ ਕੀਤਾ ਹੈ, "ਜਿਸ ਧੀਰਜ ਨਾਲ ਉਹ ਆਪਣੀ ਤਕਦੀਰ ਦਾ ਸਾਹਮਣਾ ਕਰਦੇ ਰਹੇ, ਉਹ ਕੋਈ ਘੱਟ ਵਿਚਿੱਤਰ ਨਹੀਂ। ਕਿਸੇ ਇਕ ਨੇ ਵੀ ਆਪਣੇ ਇਸ ਨਵੇਂ ਸਥਾਪਤ ਧਰਮ ਤੋਂ ਮੁੱਖ ਮੋੜਿਆ ਹੋਵੇ, ਅਜਿਹੀ ਖ਼ਬਰ ਆਖਿਰ ਤੱਕ ਨਹੀਂ ਮਿਲੀ।"

*(ਚੱਲਦਾ)*

## ਮਿੰਨੀ ਕਹਾਣੀਆਂ

### ਟੈਨਸ਼ਨ

ਬਜ਼ੁਰਗ ਮਾਪੇ ਬੀਮਾਰੀ ਨਾਲ ਸਿਰਫ਼ ਮੰਜੇ ਜੋਗੇ ਹੀ ਰਹਿ ਗਏ ਸਨ। ਨੂੰਹ ਘਰੇ ਕਲੇਸ਼ ਕਰਦੀ। ਚੱਜ ਨਾਲ ਰੋਟੀ ਵੀ ਨਾ ਦਿੰਦੀ। ਹੁਣ ਪਿਛਲੇ ਦਿਨਾਂ ਤੋਂ ਉਹ ਲਗਾਤਾਰ ਉਨ੍ਹਾਂ ਨੂੰ ਅਲੱਗ ਕਰਨ ਲਈ ਘਰ 'ਚ ਕਲੇਸ਼ ਕਰ ਰਹੀ ਸੀ। ਉਸ ਦਾ ਪਤੀ ਬੇਵੱਸ ਹੋਇਆ ਆਪਣੀ ਅਤੇ ਮਾਪਿਆਂ ਦੀ ਮਜਬੂਰੀ ਦੱਸਦਾ ਪਰ ਉਸ 'ਤੇ ਇਸ ਭਾਵੁਕ ਦਲੀਲ ਦਾ ਕੋਈ ਅਸਰ ਨਹੀਂ ਸੀ।

ਇਸੇ ਮਜਬੂਰੀ ਦਾ ਲਾਹਾ ਤੱਕਦੀ ਆਪਣੇ ਕਲੇਸ਼ ਦੀ ਰਫ਼ਤਾਰ ਹੋਰ ਵੀ ਤੇਜ਼ ਕਰ ਦਿੰਦੀ। ਕੋਈ ਰਸਤਾ ਨਾ ਦੇਖ ਪਤਨੀ ਨੂੰ ਸਮਝਾਉਣ ਲਈ ਉਸ ਨੇ ਆਪਣੇ ਇੱਕ ਦੋਸਤ ਨੂੰ ਬੁਲਾਇਆ ਪਰ ਉਹ ਸਮਝਾਉਣ ਦੀ ਹਰ ਕੋਸ਼ਿਸ਼ ਨੂੰ ਅਸਫਲ ਕਰ ਰਹੀ ਸੀ। ਦੋਸਤ ਨੇ ਇੱਥੋਂ ਤਕ ਕਹਿ ਦਿੱਤਾ ਕਿ ਇਹ ਬਜ਼ੁਰਗ ਬੀਮਾਰ ਰਹਿੰਦੇ ਹਨ, ਪਤਾ ਨਹੀਂ ਕਿੰਨੇ ਦਿਨ ਦੀ ਜ਼ਿੰਦਗੀ ਹੋਰ ਹੈ।

ਉਸ ਦਾ ਜਵਾਬ ਸੀ ਕਿ ਇਨ੍ਹਾਂ ਕਰਕੇ ਮੈਂ ਆਪਣੀ ਜ਼ਿੰਦਗੀ ਨਰਕ ਨਹੀਂ ਬਣਾ ਸਕਦੀ। ਜੇ ਤੈਨੂੰ ਜ਼ਿਆਦਾ ਹਮਦਰਦੀ ਹੈ ਤਾਂ ਇਸ ਨੂੰ ਆਪਣੇ ਘਰ ਲੈ ਜਾ।

ਗੱਲ ਸੁਣ ਕੇ ਗੁੱਸਾ ਆਇਆ ਤਾਂ ਸਮਝਾਉਣ ਲਈ ਆਇਆ ਦੋਸਤ ਬੋਲਿਆ, "ਇਸ ਦੇ ਪੇਕੇ ਫੋਨ ਕਰਕੇ ਦੱਸਦਾ ਹਾਂ ਇਹ ਇੱਥੇ ਕੀ ਕਰ ਰਹੀ ਹੈ।" ਪਰ ਉਹ ਗੱਲ ਕੱਟ ਕੇ ਬੋਲੀ, "ਉਥੇ ਫੋਨ ਨਹੀਂ ਕਰਨਾ ਮੇਰੇ ਮਾਂ-ਬਾਪ ਤਾਂ ਦਿਲ ਦੇ ਮਰੀਜ਼ ਹਨ। ਉਨ੍ਹਾਂ ਨੂੰ ਟੈਨਸ਼ਨ ਹੋ ਜਾਵੇਗੀ।"

*-ਡਾ. ਅਸ਼ੋਕ ਮਿਲਨ*

-----

### ਹਾਸਾ

"ਮਾਂ ਸੇਠ ਜੀ ਦਾ ਮੁੰਡਾ ਕਹਿ ਰਿਹਾ ਸੀ ਕਿ ਮੈਂ ਹੱਸਦੀ ਹੋਈ ਬਹੁਤ ਸੋਹਣੀ ਲੱਗਦੀ ਹਾਂ।"

ਉਸ ਦੀ ਮਾਂ ਨੇ ਉਸ ਨੂੰ ਘੂਰਦੇ ਹੋਏ ਉਸ ਦੇ ਥੱਪੜ ਜੜ ਦਿੱਤਾ ਅਤੇ ਅਗਲੇ ਹੀ ਪਲ ਉਸ ਨੂੰ ਆਪਣੀ ਛਾਤੀ ਨਾਲ ਲਾਉਂਦੀ ਹੋਈ ਕਹਿਣ ਲੱਗੀ, "ਮੈਂ ਤੈਨੂੰ ਕਿਵੇਂ ਸਮਝਾਵਾਂ ਧੀਏ ਕਿ ਸੇਠ ਜੀ ਨੂੰ ਹੱਸਦੀ ਹੋਈ ਮੈਂ ਵੀ ਬਹੁਤ ਸੋਹਣੀ ਲੱਗਦੀ ਸਾਂ।"

*-ਇਸ਼ਵਰ ਧਰਾ*

*ਅਨੁ: ਹਰਪਾਲ ਸਨੇਹੀ ਘੱਗਾ*

# ਆਫੀਆ ਸਦੀਕੀ ਦਾ ਜਹਾਦ



1972 ਵਿਚ ਪਾਕਿਸਤਾਨ 'ਚ ਜਨਮੀ ਆਫੀਆ ਸਦੀਕੀ ਦੀ ਕਹਾਣੀ ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਅਮਰੀਕਾ ਵਿਚ ਪੜ੍ਹੀ ਇਹ ਹੋਣਕਾਰ ਕੁੜੀ ਪਹਿਲਾਂ ਡਾਕਟਰ, ਤੇ ਫਿਰ ਜਹਾਦੀ ਬਣੀ। ਆਫੀਆ ਦੀ ਇਹ ਕਹਾਣੀ ਅਸਲ ਵਿਚ ਉਸ ਪੀੜ੍ਹੀ ਦੀ ਹੋਣੀ ਦਾ ਬਿਆਨ ਹੈ ਜੋ ਜਹਾਦ ਦੇ ਨਾਂ ਹੇਠ ਰੜੇ ਮੈਦਾਨ ਵਿਚ ਕੁੱਦ ਪਏ ਪਰ ਕਿਸੇ ਤਣ-ਪੱਤਣ ਨਾ ਲੱਗ ਸਕੇ।

**ਇੱਕੀਵੀਂ ਅਤੇ ਆਖਰੀ ਕਿਸ਼ਤ**

## ਤੁਸੀਂ ਪੜ੍ਹ ਚੁੱਕੇ ਹੋ...

***ਪਾਕਿਸਤਾਨ 'ਚ ਆਫੀਆ ਦੀ ਮਾਂ ਇਸਮਤ ਜਹਾਨ, ਮਜ਼ਹਬੀ ਤਾਲੀਮ ਦੇ ਖੇਤਰ ਦੀ ਉਘੀ ਸ਼ਖਸੀਅਤ ਸੀ। ਇਸ ਮਜ਼ਹਬੀ ਤਾਲੀਮ ਦਾ ਆਫੀਆ ਉਤੇ ਬਹੁਤ ਗੂੜ੍ਹਾ ਰੰਗ ਚੜ੍ਹਿਆ। ਆਲੇ-ਦੁਆਲੇ ਦੇ ਮਾਹੌਲ ਨੇ ਵੀ ਅਸਰ ਪਾਇਆ। ਆਫੀਆ ਦੇ ਪਰਿਵਾਰ ਦਾ 'ਜਹਾਦੀ' ਜਨਰਲ ਜ਼ਿਆ-ਉਲ-ਹੱਕ ਅਤੇ ਹੋਰ ਕਹਿੰਦੇ-ਕਹਾਉਂਦੇ ਪਰਿਵਾਰਾਂ ਨਾਲ ਰਾਬਤਾ ਸੀ। ਫਿਰ ਉਹ ਪੜ੍ਹਾਈ ਲਈ ਅਮਰੀਕਾ ਪੁੱਜ ਗਈ। ਆਪਣੇ ਭਰਾ ਅਲੀ ਕੋਲ ਆਉਂਦੇ ਉਸ ਦੇ ਦੋਸਤਾਂ ਨਾਲ ਉਹ ਅਕਸਰ ਇਸਲਾਮ ਬਾਰੇ ਬਹਿਸਾਂ ਕਰਦੀ ਤੇ ਹਰ ਗੱਲ ਮਜ਼ਹਬ ਦੇ ਪ੍ਰਸੰਗ ਵਿਚ ਹੁੰਦੀ। ਇਸਲਾਮ ਉਸ ਨੂੰ ਦੁਨੀਆਂ ਦਾ ਨਿਆਰਾ ਅਤੇ ਬਿਹਤਰ ਮਜ਼ਹਬ ਜਾਪਦਾ। ਇਸੇ ਜੋਸ਼ ਵਿਚ ਉਹ ਦੂਜੇ ਮਜ਼ਹਬਾਂ ਦੀ ਕਦਰ ਕਰਨਾ ਵੀ ਭੁੱਲ ਜਾਂਦੀ। ਉਸ ਦੀ ਲੋਚਾ ਸੰਸਾਰ ਉਤੇ ਇਸਲਾਮ ਦਾ ਬੋਲਬਾਲਾ ਸੀ। ਉਹ ਬੋਸਟਨ ਦੀ ਮੈਸਾਚੂਸੈਟਸ ਇੰਸੀਚਿਊਟ ਆਫ ਟੈਕਨਾਲੋਜੀ ਵਿਚ ਦਾਖਲ ਹੋਈ ਤਾਂ ਉਸ ਦਾ ਸੰਪਰਕ ਮੁਸਲਿਮ ਸਟੂਡੈਂਟਸ ਐਸੋਸੀਏਸ਼ਨ ਨਾਲ ਹੋਇਆ ਤੇ ਫਿਰ ਜਹਾਦੀਆਂ ਨਾਲ ਜਿਨ੍ਹਾਂ ਦਾ ਨਾਅਰਾ ਵੱਧ ਤੋਂ ਵੱਧ ਕਾਫਰ ਮਾਰਨ ਦਾ ਸੀ। 1993 ਦੀਆਂ ਛੁੱਟੀਆਂ ਵਿਚ ਆਫੀਆ ਪਾਕਿਸਤਾਨ ਗਈ ਅਤੇ ਤਕਰੀਰਾਂ ਕੀਤੀਆਂ। ਵਾਪਸੀ ਵੇਲੇ ਉਹ ਅਤਿਅੰਤ ਊਰਜਾ ਨਾਲ ਭਰੀ ਪਈ ਸੀ। ਉਹ ਜਹਾਦ ਨਾਲ ਹੋਰ ਡੂੰਘਾ ਜੁੜ ਗਈ। ਘਰਵਾਲਿਆਂ ਦੇ ਕਹਿਣ 'ਤੇ ਉਸ ਦਾ ਨਿਕਾਹ ਅਹਿਮਦ ਮੁਹੰਮਦ ਖਾਨ ਨਾਲ ਪੜ੍ਹਿਆ ਗਿਆ। ਫਿਰ 9/11 ਵਾਲਾ ਭਾਣਾ ਵਰਤ ਗਿਆ। ਜਹਾਦ ਦੇ ਮਾਮਲੇ ਬਾਰੇ ਦੋਹਾਂ ਵਿਚਕਾਰ ਪਾੜਾ ਲਗਾਤਾਰ ਵਧਣ ਲੱਗ ਪਿਆ ਤੇ ਆਖਰਕਾਰ ਦੋਵੇਂ ਵੱਖ ਹੋ ਗਏ। ਅਮਜਦ ਖਾਨ ਨੇ ਇਕ ਹੋਰ ਕੁੜੀ ਨਾਲ ਨਿਕਾਹ ਕਰਵਾ ਲਿਆ। ਫਿਰ ਵਾਪਸ ਪਾਕਿਸਤਾਨ ਪੁੱਜੀ ਆਫੀਆ ਦਾ ਸਿੱਧਾ ਸੰਪਰਕ ਅਲ-ਕਾਇਦਾ ਦੇ ਅਹਿਮ ਬੰਦਿਆਂ ਨਾਲ ਹੋ ਗਿਆ। ਇਹ ਬੰਦੇ ਅਮਰੀਕਾ ਵਿਚ ਦੂਜੇ ਵੱਡੇ ਹਮਲੇ ਦੀ ਤਿਆਰੀ ਕਰ ਰਹੇ ਸਨ ਕਿ ਐਫ.ਬੀ.ਆਈ. ਨੇ ਸਾਰੀ ਸੂਹ ਕੱਢ ਲਈ। 9/11 ਹਮਲਿਆਂ ਦੇ ਸੂਤਰਧਾਰ ਖਾਲਿਦ ਸ਼ੇਖ ਮੁਹੰਮਦ ਫੜਿਆ ਗਿਆ। ਹੋਰ ਗ੍ਰਿਫਤਾਰੀਆਂ ਵੀ ਹੋਈਆਂ, ਪਰ ਆਫੀਆ ਘਰੋਂ ਫਰਾਰ ਹੋ ਗਈ। ਫਿਰ ਉਸ ਦੇ ਫੜੇ ਜਾਣ ਦੀ ਖਬਰ ਆ ਗਈ। ਉਸ ਖਿਲਾਫ ਕੇਸ ਚਲਾਇਆ ਗਿਆ। ਹੁਣ ਪੜ੍ਹੋ ਅੱਗੇ...***

ਉਸ ਰਾਤ ਆਫੀਆ ਦਾ ਸੈੱਲ ਬਦਲ ਦਿੱਤਾ ਗਿਆ। ਨਵਾਂ ਸੈੱਲ ਬਹੁਤਾ ਤਕਲੀਫਦੇਹ ਨਹੀਂ ਸੀ। ਰਾਤ ਵੇਲੇ ਰੋਜ਼ ਵਾਂਗ ਉਸ ਨੂੰ ਜਾਗਦੀ ਰੱਖਣ ਲਈ ਤੰਗ ਪ੍ਰੇਸ਼ਾਨ ਵੀ ਨਾ ਕੀਤਾ ਗਿਆ, ਪਰ ਅੱਜ ਉਸ ਨੂੰ ਆਪ ਨੂੰ ਨੀਂਦ ਨਹੀਂ ਆ ਰਹੀ ਸੀ। ਉਹ ਛੋਟੇ ਜਿਹੇ ਕਮਰੇ 'ਚ ਗੇੜੇ ਕੱਢੀ ਜਾ ਰਹੀ ਸੀ। ਆਖਰ ਉਹ ਬੈਠ ਗਈ ਤੇ ਪਾਸੇ ਪਿਆ ਕਾਗਜ਼ ਪੈੱਨ ਚੁੱਕ ਲਿਆ। ਕਾਫੀ ਦੇਰ ਪੈੱਨ ਦਾ ਪਿਛਲਾ ਪਾਸਾ ਮੂੰਹ 'ਚ ਲਈ ਉਹ ਕੰਧ ਵੱਲ ਵੇਖਦੀ ਰਹੀ। ਫਿਰ ਉਸ ਨੇ ਕਾਪੀ ਖੋਲ੍ਹੀ ਤੇ ਲਿਖਣ ਲੱਗੀ, "ਅਮਜਦ, ਕੱਲ੍ਹ ਨੂੰ ਮੇਰੀ ਜ਼ਿੰਦਗੀ ਦਾ ਫੈਸਲਾ ਹੋ ਜਾਣਾ ਐ। ਮੈਨੂੰ ਪਹਿਲਾਂ ਹੀ ਪਤਾ ਕਿ ਮੈਨੂੰ ਲੰਬੀ ਸਜ਼ਾ ਹੋਊਗੀ। ਇਸ ਗੱਲ ਦਾ ਕੋਈ ਅਫਸੋਸ ਨਹੀਂ। ਬੱਸ ਇੱਕ



**ਹਰਮਹਿੰਦਰ ਚਹਿਲ**
**ਫੋਨ: 703-362-3239**
e-mail: chahals57@yahoo.com

ਸਿੱਕ ਜਿਹੀ ਦਿਲ 'ਚ ਹੈ ਕਿ ਕਾਸ਼ ਤੂੰ ਕੱਲ੍ਹ ਨੂੰ ਕੋਰਟ 'ਚ ਮੌਜੂਦ ਹੋਵੇਂ। ਬੱਸ ਆਖਰੀ ਵਾਰ ਤੈਨੂੰ ਵੇਖਣ ਦੀ ਚਾਹਤ ਦਿਲ 'ਚ ਐ। ਤੂੰ ਇਹ ਨਾ ਸੋਚੀਂ...।" ਲਿਖਦੀ ਲਿਖਦੀ ਆਫੀਆ ਇੱਕਦਮ ਤ੍ਰਭਕੀ ਤੇ ਲਿਖਣੋਂ ਰੁਕ ਗਈ। ਫਿਰ ਉਸ ਨੇ ਲਿਖੀਆਂ ਹੋਈਆਂ ਲਾਈਨਾਂ ਪੜ੍ਹੀਆਂ। ਪੈੱਨ ਕਾਪੀ ਪਾਸੇ ਰੱਖਦਿਆਂ ਉਹ ਲਿਖੀ ਹੋਈ ਇਬਾਰਤ ਨੂੰ ਗਹੁ ਨਾਲ ਵੇਖਦੀ ਆਪਣੇ ਆਪ ਨੂੰ ਬੋਲੀ, 'ਹੈਂ ਅਮਜਦ! ਇਸ ਵੇਲੇ ਇਹ ਮੇਰੇ ਮਨ 'ਚ ਕਿਵੇਂ ਆ ਗਿਆ', ਉਸ ਨੇ ਅੱਖਾਂ ਮੀਚ ਲਈਆਂ ਤੇ ਉਸ ਦੀਆਂ ਅੱਖਾਂ ਦੇ ਕੋਏ ਗਿੱਲੇ ਹੋ ਗਏ। ਫਿਰ ਉਸ ਨੇ ਲਿਖਿਆ ਹੋਇਆ ਕਾਗਜ਼ ਪਾੜ ਦਿੱਤਾ ਤੇ ਕਾਪੀ ਪਾਸੇ ਰੱਖ ਦਿੱਤੀ।

ਉਹ ਉਠ ਕੇ ਫਿਰ ਤੋਂ ਕਮਰੇ 'ਚ ਗੇੜੇ ਕੱਢਣ ਲੱਗੀ। ਤੁਰਦੀ-ਫਿਰਦੀ ਰੁਕ ਗਈ ਤੇ ਕਾਗਜ਼ ਪੈੱਨ ਫਿਰ ਤੋਂ ਚੁੱਕ ਲਿਆ। ਐਤਕੀਂ ਵਾਰ ਉਹ ਠੀਕ ਹੋ ਕੇ ਬੈਠ ਗਈ ਤੇ ਬੜੇ ਧਿਆਨ ਨਾਲ ਲਿਖਣ ਲੱਗੀ, "ਮੇਰੀ ਪਿਆਰੀ ਅੰਮੀ, ਮੈਨੂੰ ਪਤਾ ਐ ਕਿ ਮੇਰੀ ਤਰ੍ਹਾਂ ਅੱਜ ਤੈਨੂੰ ਵੀ ਨੀਂਦ ਨਹੀਂ ਆਵੇਗੀ। ਤੂੰ ਤਾਂ ਸਗੋਂ ਪਤਾ ਨਹੀਂ ਪਿਛਲੇ ਕਿੰਨੇ ਈ ਚਿਰਾਂ ਤੋਂ ਚੰਗੀ ਤਰ੍ਹਾਂ ਸੁੱਤੀ ਨਹੀਂ ਹੋਵੇਂਗੀ। ਮੈਂ ਸਮਝ ਸਕਦੀ ਆਂ ਕਿ ਔਲਾਦ ਦਾ ਦੁੱਖ ਕੀ ਹੁੰਦਾ ਐ, ਪਰ ਮੇਰੀ ਪਿਆਰੀ ਅੰਮੀ, ਤੇਰੇ ਦੱਸੇ ਰਾਹਾਂ 'ਤੇ ਚੱਲਦੀ ਮੈਂ ਅੱਜ ਇੱਥੋਂ ਤੱਕ ਦਾ ਸਫਰ ਤੈਅ ਕਰ ਆਈ ਆਂ। ਮੈਂ ਤੇਰੀ ਸ਼ੁਕਰਗੁਜ਼ਾਰ ਹਾਂ ਜੋ ਤੂੰ ਮੈਨੂੰ ਮਜ਼ਹਬ ਦੇ ਇਸ ਅਸਲੀ ਰਾਹ ਪਾਇਆ, ਪਰ ਮੈਂ ਤੇਰੀਆਂ ਸੋਚਾਂ 'ਤੇ ਖਰੀ ਨਹੀਂ ਉਤਰੀ। ਤੂੰ ਚਾਹੁੰਦੀ ਸੀ ਕਿ ਮੈਂ ਰਾਜਨੀਤੀ 'ਚ ਮੱਲਾਂ ਮਾਰਦੀ, ਪਰ ਉਹ ਮੇਰਾ ਰਾਹ ਨਹੀਂ ਐ। ਮੈਨੂੰ ਪਤਾ ਐ ਕਿ ਅੱਜ ਮੈਂ ਜੋ ਵੀ ਆਂ, ਇਹ ਤੇਰੀ ਸਿੱਖਿਆ ਕਰ ਕੇ ਈ ਆਂ, ਪਰ ਆਪਣੇ ਰਾਹ ਉਥੇ ਆ ਕੇ ਵੱਖ ਵੱਖ ਹੋ ਜਾਂਦੇ ਨੇ ਜਦੋਂ ਤੂੰ ਇਸ ਮਜ਼ਹਬੀ ਕੰਮ ਨੂੰ ਰਾਜਨੀਤੀ ਲਈ ਪੌੜੀ ਬਣਾਉਣ ਨੂੰ ਕਹਿੰਦੀ ਐਂ ਤੇ ਮੈਂ ਇਸ ਪਾਕ ਕੰਮ ਨੂੰ ਅਸਲੀ ਮਾਅਨਿਆਂ 'ਚ ਨਿਭਾਉਣਾ ਚਾਹੁੰਦੀ ਆਂ। ਖੈਰ, ਇਹ ਗੱਲਾਂ ਹੁਣ ਦੂਰ ਦੀਆਂ ਨੇ।

ਮੈਨੂੰ ਪਤਾ ਐ ਕਿ ਤੂੰ ਵੀ ਹੋਰਾਂ ਵਾਂਗ ਮੇਰੇ ਕੇਸ ਦੀ ਹਰ ਰੋਜ਼ ਦੀ ਕਾਰਗੁਜ਼ਾਰੀ ਵੇਖਦੀ ਹੋਵੇਂਗੀ। ਅੱਜ ਤੂੰ ਵੀ ਬੇਹੱਦ ਨਿਰਾਸ਼ ਹੋਈ ਹੋਵੇਂਗੀ ਕਿ ਮੈਂ ਆਪਣੇ ਵਕੀਲਾਂ ਦਾ ਕਹਿਣਾ ਨਹੀਂ ਮੰਨਿਆਂ, ਨਹੀਂ ਤਾਂ ਸ਼ਾਇਦ ਮੈਂ ਬਚ ਰਹਿੰਦੀ। ਅੰਮੀ, ਤੁਹਾਡਾ ਸਭ ਦਾ ਇਹ ਭੁਲੇਖਾ ਐ, ਕਿਉਂਕਿ ਅਮਰੀਕਨਾਂ ਨੇ ਮੈਨੂੰ ਕਿਸੇ ਵੀ ਕੀਮਤ 'ਤੇ ਛੱਡਣਾ ਨਹੀਂ। ਇੱਕ ਕੇਸ ਨਾ ਹੋਇਆ ਤਾਂ ਕੋਈ ਹੋਰ ਘੜ ਲੈਣਗੇ। ਇਸ ਕਰ ਕੇ ਮੈਂ ਇਸ ਅਦਾਲਤ ਦੀ ਕਾਰਵਾਈ ਨੂੰ ਮਹਿਜ਼ ਡਰਾਮੇ ਦੇ ਤੌਰ 'ਤੇ ਲੈ ਰਹੀ ਆਂ। ਨਹੀਂ ਤਾਂ ਤੁਸੀਂ ਦੱਸੋ ਕਿ ਇਨ੍ਹਾਂ ਨੇ ਮੈਨੂੰ ਦੁਨੀਆਂ ਦੀ ਨਿਹਾਇਤ ਖਤਰਨਾਕ ਜਹਾਦੀ ਐਲਾਨਿਆਂ ਹੋਇਆ ਐ। ਇਨ੍ਹਾਂ ਦੀ ਲੋੜੀਂਦੇ ਮੁਜਰਮਾਂ ਦੀ ਲਿਸਟ ਵਿਚ ਮੇਰਾ ਸੱਤਵਾਂ ਨੰਬਰ ਐ। ਹਰ ਰੋਜ਼ ਟੀ.ਵੀ. 'ਤੇ ਮੇਰਾ ਜ਼ਿਕਰ ਚੱਲਦਾ ਐ ਤਾਂ ਉਸ ਵਿਚ ਵੀ ਮੈਨੂੰ ਹਊਆ ਬਣਾ ਕੇ ਪੇਸ਼ ਕੀਤਾ ਜਾਂਦਾ ਐ, ਪਰ ਜਦੋਂ ਮੇਰੇ 'ਤੇ ਕੇਸ ਚਲਾਉਣ ਦੀ ਗੱਲ ਆਈ ਤਾਂ ਇਨ੍ਹਾਂ ਐਵੇਂ ਫਰਜ਼ੀ ਜਿਹਾ ਕੇਸ ਘੜ ਲਿਆ। ਜਦੋਂ ਮੈਨੂੰ ਇੱਕ ਪਾਸੇ ਇਹ ਇੰਨੀ ਖਤਰਨਾਕ ਜਹਾਦੀ ਐਲਾਨਦੇ ਹਨ ਤਾਂ ਮੇਰੇ ਤੇ ਕੇਸ ਵੀ ਉਹੀ ਕਿਉਂ ਨਹੀਂ ਚਲਾਇਆ ਗਿਆ? ਗੱਲ ਤਾਂ ਫਿਰ ਬਣਦੀ, ਜੇ ਇਹ ਮੇਰੇ 'ਤੇ ਉਹੀ ਕੇਸ ਚਲਾਉਂਦੇ ਜਿਸ ਕਰ ਕੇ ਇਨ੍ਹਾਂ ਮੁਤਾਬਕ ਇਹ ਮੈਨੂੰ ਕਿੰਨੇ ਈ ਸਾਲਾਂ ਤੋਂ ਲੱਭਦੇ ਫਿਰਦੇ ਨੇ। ਜੇ ਮੇਰੇ 'ਤੇ ਦਹਿਸ਼ਤਪਸੰਦੀ ਦਾ ਕੇਸ ਚੱਲਦਾ ਤਾਂ ਮੈਂ ਵਿਖਾਉਂਦੀ ਇਨ੍ਹਾਂ ਨੂੰ, ਕਿ ਅਸਲੀ ਦਹਿਸ਼ਤਪਸੰਦੀ ਕੀ ਹੁੰਦੀ ਐ। ਮੈਂ ਇਨ੍ਹਾਂ ਦਾ ਦੂਹਰਾ ਚਿਹਰਾ ਦੁਨੀਆਂ ਸਾਹਮਣੇ ਨੰਗਾ ਕਰਦਿਆਂ ਇਨ੍ਹਾਂ ਦੇ ਬਖੀਏ ਉਧੇੜ ਸੁੱਟਦੀ, ਪਰ ਕੀ ਕਰਾਂ? ਇਨ੍ਹਾਂ ਦੋਗਲੇ ਲੋਕਾਂ ਨੇ ਆਪਣੇ ਆਪ ਨੂੰ ਬਚਾਉਣ ਲਈ ਮੇਰੇ 'ਤੇ ਉਹ ਕੇਸ ਚਲਾਇਆ ਈ ਨਹੀਂ, ਕਿਉਂਕਿ ਜੇ ਇਹ ਮੇਰੇ 'ਤੇ ਟੈਰਰਿਜ਼ਮ ਦਾ ਕੇਸ ਚਲਾਉਂਦੇ ਨੇ ਤਾਂ ਇਨ੍ਹਾਂ ਨੂੰ ਉਹ ਸਾਰੇ ਵੱਡੇ ਜਹਾਦੀ ਕੋਰਟ ਵਿਚ ਪੇਸ਼ ਕਰਨੇ ਪੈਂਦੇ ਹਨ ਜਿਹੜੇ ਇਨ੍ਹਾਂ ਨੇ ਅਫਗਾਨਿਸਤਾਨ ਦੀਆਂ ਨਿਹਾਇਤ ਭਿਆਨਕ ਜੇਲ੍ਹਾਂ 'ਚ ਬੰਦ ਕੀਤੇ ਹੋਏ ਨੇ। ਉਨ੍ਹਾਂ ਨੂੰ ਬਾਹਰ ਲਿਆ ਕੇ ਇਹ ਆਪਣਾ ਦੋਗਲਾ ਚਿਹਰਾ ਆਪ ਹੀ ਕਿਵੇਂ ਨੰਗਾ ਕਰ ਸਕਦੇ ਨੇ? ਚਲੋ ਫਿਰ ਜੋ ਵੀ ਮੇਰੇ 'ਤੇ ਕੇਸ ਬਣਾਇਆ ਗਿਆ, ਉਸ ਵਿਚ ਕਿਹੜਾ ਇਨ੍ਹਾਂ ਨੇ ਕੋਈ ਇਨਸਾਫ ਵਾਲੀ ਗੱਲ ਕੀਤੀ ਐ। ਬੱਸ ਪੰਜ ਸੱਤ ਬੰਦਿਆਂ ਨੇ ਕਹਿ ਦਿੱਤਾ ਕਿ ਆਫੀਆ ਨੇ ਸਾਡੇ 'ਤੇ ਗੋਲੀ ਚਲਾਈ, ਤੇ ਜੱਜ ਨੇ ਮੰਨ ਲਿਆ ਕਿ ਹਾਂ, ਆਫੀਆ ਇਨ੍ਹਾਂ ਬੰਦਿਆਂ ਦੇ ਕਤਲ ਦੇ ਇਰਾਦੇ ਦੀ ਦੋਸ਼ੀ ਐ। ਜੋ ਗੋਲੀ ਮੇਰੇ ਮਾਰੀ ਗਈ, ਉਹ ਤਾਂ ਸਭ ਨੂੰ ਦਿਸਦੀ ਐ, ਪਰ ਉਸ ਦੀ ਕੋਈ ਗੱਲ ਨਹੀਂ ਕਰਦਾ ਅਤੇ ਜੋ ਗੋਲੀਆਂ ਇਹ ਕਹਿੰਦੇ ਨੇ ਕਿ ਮੈਂ ਇਨ੍ਹਾਂ 'ਤੇ ਚਲਾਈਆਂ, ਉਨ੍ਹਾਂ ਦੇ ਕਿਧਰੇ ਖੋਲ ਵੀ ਬਰਾਮਦ ਨਹੀਂ ਕੀਤੇ ਗਏ। ਕਿਸੇ ਹਥਿਆਰ ਤੋਂ ਮੇਰੇ ਫਿੰਗਰ ਪ੍ਰਿੰਟ ਨਹੀਂ ਮਿਲੇ। ਕੋਈ ਫੋਰੈਂਸਿਕ ਜਾਂਚ ਨਹੀਂ ਹੋਈ। ਬੱਸ ਇਨ੍ਹਾਂ ਦੇ ਆਪਣੇ ਬੰਦਿਆਂ ਦੇ ਕਹਿਣ 'ਤੇ ਜੱਜ ਨੇ ਮੈਨੂੰ ਦੋਸ਼ੀ ਮੰਨ ਲਿਆ। ਅੱਛਾ, ਇਹ ਕਹਿੰਦੇ ਨੇ ਕਿ ਇਹ ਜਿਊਰੀ ਸਿਸਟਮ ਰਾਹੀਂ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿਤਾਰ ਦਿੰਦੇ ਨੇ, ਪਰ ਇੱਥੇ ਇਹ ਅਸੂਲ ਕਿਧਰ ਗਿਆ? ਕਿਸੇ ਜਿਊਰੀ ਮੈਂਬਰ ਨੇ ਵੀ ਇਹ ਸੁਆਲ ਉਠਾਉਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਕਮ ਸੇ ਕਮ ਕੋਈ ਇੱਕ ਅੱਧ ਸਬੂਤ ਹੀ ਪੇਸ਼ ਕੀਤਾ ਜਾਵੇ ਜਿਸ ਤੋਂ ਇਹ ਸਾਬਤ ਹੋਵੇ ਕਿ ਆਫੀਆ ਨੇ ਗੋਲੀ ਚਲਾਈ। ਇਹ ਹੋ ਵੀ ਨਹੀਂ ਸਕਣਾ ਸੀ, ਕਿਉਂਕਿ ਜਿਊਰੀ ਮੈਂਬਰ ਉਹੀ ਅਮਰੀਕੀ ਨੇ ਜਿਹੜੇ ਪਿਛਲੇ ਕਿੰਨੇ ਹੀ ਸਾਲਾਂ ਤੋਂ ਮੇਰੇ ਬਾਰੇ ਆਪਣੀ ਸਰਕਾਰ ਵਲੋਂ ਦੱਸਿਆ ਹੀ ਸੁਣਦੇ ਆ ਰਹੇ ਨੇ। ਉਨ੍ਹਾਂ ਲਈ ਤਾਂ ਮੈਂ ਪਹਿਲਾਂ ਤੋਂ ਈ ਦੋਸ਼ੀ ਆਂ। ਹਾਂ, ਗੱਲ ਫਿਰ ਬਣਦੀ ਜੇ ਕੇਸ ਕਿਸੇ ਅਜਿਹੀ ਜਗ੍ਹਾ ਚਲਾਇਆ ਜਾਵੇ ਜਿਥੇ ਲੋਕੀਂ ਅਮਰੀਕਾ ਦੇ ਗਲਬੇ ਤੋਂ ਉਪਰ ਹੋਣ, ਪਰ ਅਜਿਹਾ ਸੰਭਵ ਨਹੀਂ। ਇਸੇ ਕਰ ਕੇ ਮੈਂ ਇਨ੍ਹਾਂ ਦੇ ਕਿਸੇ ਡਰਾਮੇ ਦਾ ਹਿੱਸਾ ਨਹੀਂ ਬਣਨਾ ਚਾਹੁੰਦੀ ਸੀ ਤੇ ਨਾ ਹੀ ਬਣੀ। ਮੈਂ ਇਹ ਵੀ ਨਹੀਂ ਚਾਹੁੰਦੀ ਕਿ ਕੋਈ ਮੇਰੇ 'ਤੇ ਤਰਸ ਕਰੇ। ਹਾਂ! ਸਬੂਤਾਂ ਦੇ ਆਧਾਰ 'ਤੇ ਮੇਰੇ ਕੇਸ ਦਾ ਫੈਸਲਾ ਹੁੰਦਾ ਤਾਂ ਮੈਂ ਖਿੜੇ ਮੱਥੇ ਸਵੀਕਾਰ ਕਰਦੀ।



**ਫੈਡਰਲ ਮੈਡੀਕਲ ਸੈਂਟਰ ਕਾਰਸਵੈਲ (ਟੈਕਸਸ) ਜਿੱਥੇ ਆਫੀਆ 2083 ਤੱਕ ਦੀ ਕੈਦ ਲਈ ਅੱਜਕੱਲ੍ਹ ਬੰਦ ਹੈ।**

ਚਲੋ ਛੱਡੋ, ਇਸ ਕਚੀਰੇ ਨੂੰ ਹੋਰ ਕੀ ਵਧਾਉਣਾ ਐ। ਮੈਂ ਉਨ੍ਹਾਂ ਸਭਨਾਂ ਦੀ ਸ਼ੁਕਰਗੁਜ਼ਾਰ ਆਂ ਜਿਨ੍ਹਾਂ ਨੇ ਮੇਰੇ ਲਈ ਆਵਾਜ਼ ਉਠਾਈ। ਅੱਛਾ ਚਿੱਠੀ ਬਹੁਤ ਲੰਬੀ ਹੋ ਗਈ, ਬੱਸ ਕਰਦੀ ਆਂ। ਅੰਮੀ, ਜਦੋਂ ਤੱਕ ਭਾਈਜਾਨ ਰਾਹੀਂ ਇਹ ਚਿੱਠੀ ਤੈਨੂੰ ਮਿਲੂਗੀ, ਉਦੋਂ ਨੂੰ ਮੈਂ ਆਪਣੀ ਲੰਬੀ ਸਜ਼ਾ ਭੁਗਤਣ ਲਈ ਕਿਸੇ ਜੇਲ੍ਹ ਦੀ ਕੋਠੜੀ ਵਿਚ ਪੱਕੇ



***ਆਫੀਆ ਦੀ ਇਕ ਪੁਰਾਣੀ ਤਸਵੀਰ। ਉਸ ਨੂੰ ਬਚਾਉਣ ਲਈ ਉਸ ਦੇ ਵਕੀਲਾਂ ਨੇ ਬੜਾ ਤਰੱਦਦ ਕੀਤਾ ਪਰ ਆਫੀਆ ਨੇ ਅਦਾਲਤ ਵਿਚ ਆਪਣੀ ਮਰਜ਼ੀ ਕੀਤੀ***

ਤੌਰ 'ਤੇ ਬੰਦ ਹੋ ਚੁੱਕੀ ਹੋਵਾਂਗੀ। ਬੱਸ, ਇੱਕ ਆਖਰੀ ਗੱਲ ਹੋਰ। ਬੜਾ ਈ ਦਿਲ ਕਰਦਾ ਐ ਕਿ ਇੱਕ ਵਾਰ ਉਸ ਘਰ ਨੂੰ ਵੇਖਣ ਦਾ ਜਿਥੇ ਮੈਂ ਜੰਮੀ, ਪਲੀ ਪੜ੍ਹੀ ਤੇ ਵੱਡੀ ਹੋ ਕੇ ਉਸ ਘਰ 'ਚ ਹੱਸਦੀ ਖੇਡਦੀ ਨੇ ਆਪਣੀ ਜ਼ਿੰਦਗੀ ਦਾ ਸੁਹਾਵਣਾ ਸਮਾਂ ਗੁਜ਼ਾਰਿਆ। ਇਸ ਤੋਂ ਬਿਨਾਂ ਦਿਲ ਵਿਚ ਬੜੀ ਸਿੱਕ ਐ ਕਿ ਇੱਕ ਵਾਰ ਆਪਣੇ ਬੱਚਿਆਂ 'ਚ ਬਹਿ ਕੇ ਉਨ੍ਹਾਂ ਦੀਆਂ ਕਿਲਕਾਰੀਆਂ ਸੁਣ ਸਕਦੀ, ਪਰ ਮੈਨੂੰ ਪਤਾ ਐ ਕਿ ਇਹ ਖੁਆਹਿਸ਼ਾਂ ਕਦੇ ਪੂਰੀਆਂ ਨਹੀਂ ਹੋਣੀਆਂ। ਆਖਰ 'ਤੇ ਇਹੀ ਕਹਾਂਗੀ ਕਿ ਮੈਨੂੰ ਆਪਣੇ ਕੀਤੇ ਕਰਾਏ ਦਾ ਕੋਈ ਅਫਸੋਸ ਨਹੀਂ। ਮੈਨੂੰ ਤਾਂ ਸਗੋਂ ਮਾਣ ਐਂ ਕਿ ਮੈਂ ਵੀ ਅੱਲਾ ਦੇ ਦੱਸੇ ਰਾਹ 'ਤੇ ਚਲਦਿਆਂ ਜਹਾਦ ਦੀ ਥੋੜ੍ਹੀ ਬਹੁਤੀ ਖਿਦਮਤ ਕਰ ਸਕੀ...ਆਫੀਆ।" ਚਿੱਠੀ ਲਿਖ ਕੇ ਆਫੀਆ ਨੇ ਕੰਧ ਨਾਲ ਢੋਹ ਲਾ ਲਈ। ਹੌਲੀ ਹੌਲੀ ਉਸ ਦੀਆਂ ਅੱਖਾਂ ਮਿਚ ਗਈਆਂ।

ਸਤੰਬਰ 23, 2010 ਨੂੰ ਕੋਰਟ ਫਿਰ ਸ਼ੁਰੂ ਹੋਈ। ਕੋਰਟ ਖਚਾ-ਖਚ ਭਰੀ ਹੋਈ ਸੀ। ਮੀਡੀਏ ਤੋਂ ਇਲਾਵਾ ਆਫੀਆ ਦੇ ਹਮਦਰਦ ਅਤੇ ਰਿਸ਼ਤੇਦਾਰ ਕੋਰਟ ਵਿਚ ਹਾਜ਼ਰ ਸਨ। ਯੂ.ਐਸ. ਮਾਰਸ਼ਲਾਂ ਨੇ ਆਫੀਆ ਨੂੰ ਕੋਰਟ ਵਿਚ ਲਿਆਂਦਾ। ਉਸ ਨੇ ਬੈਠੇ ਲੋਕਾਂ ਵੱਲ ਨਜ਼ਰ ਮਾਰੀ। ਕੋਰਟ ਸ਼ੁਰੂ ਹੋਈ ਤਾਂ ਜੱਜ ਨੇ ਆਫੀਆ ਨੂੰ ਕਿਹਾ ਕਿ ਉਹ ਕੁਝ ਕਹਿਣਾ ਚਾਹੁੰਦੀ ਹੈ ਤਾਂ ਉਸ ਨੇ ਸਿਰ ਫੇਰਦਿਆਂ ਨਾਂਹ ਕਰ ਦਿੱਤੀ। ਸਜ਼ਾ ਸੁਣਾਉਣ ਤੋਂ ਪਹਿਲਾਂ ਜੱਜ ਨੇ ਬੋਲਣਾ ਸ਼ੁਰੂ ਕਰਦਿਆਂ ਕਿਹਾ, "ਡਾਕਟਰ ਆਫੀਆ ਦਾ ਕੇਸ ਉਲਝੀ ਹੋਈ ਕਹਾਣੀ ਵਾਂਗ ਐ। ਮੈਂ ਇਸ ਕੇਸ ਦੀ ਤਹਿ ਤੱਕ ਪਹੁੰਚਣ 'ਚ ਅਸਫਲ ਰਿਹਾ ਆਂ। ਉਸ 'ਤੇ ਜੋ ਵੀ ਦੋਸ਼ ਲੱਗੇ ਹਨ, ਉਨ੍ਹਾਂ ਮੁਤਾਬਕ ਭਾਵੇਂ ਉਹ ਮੁਲਜ਼ਿਮ ਸਾਬਤ ਹੋ ਗਈ ਐ, ਪਰ ਬਹੁਤ ਕੁਝ ਅਜਿਹਾ ਐ ਜੋ ਅਣਸੁਲਝਿਆ ਰਹਿ ਗਿਆ ਐ। ਇਸ ਅਜੀਬੋ-ਗਰੀਬ ਕਹਾਣੀ ਨੂੰ ਸੁਲਝਾਉਣ ਵਿਚ ਨਾ ਹੀ ਐਫ.ਬੀ.ਆਈ. ਨੇ ਮਦਦ ਕੀਤੀ ਤੇ ਨਾ ਹੀ ਡਾਕਟਰ ਆਫੀਆ ਨੇ। ਦੋਨੋਂ ਇਸ ਬਾਰੇ ਬੋਲਣ ਤੋਂ ਕਤਰਾਉਂਦੇ ਰਹੇ। ਇਸ ਕਰ ਕੇ ਇਹ ਕਹਿਣਾ ਮੁਸ਼ਕਿਲ ਐ ਕਿ ਅਸਲ 'ਚ ਪਿਛਲੇ ਇੰਨੇ ਸਾਲਾਂ ਦੌਰਾਨ ਹੋਇਆ ਕੀ? ਮਿਸਾਲ ਦੇ ਤੌਰ 'ਤੇ ਡਾਕਟਰ ਆਫੀਆ ਕਹਿ ਰਹੀ ਐ ਕਿ ਉਹ ਅਫਗਾਨਿਸਤਾਨ ਦੇ ਸ਼ਹਿਰ ਗਜ਼ਨੀ 'ਚ ਉਸ ਦਿਨ ਇਸ ਲਈ ਗਈ ਕਿ ਉਹ ਆਪਣੇ ਘਰਵਾਲੇ ਨੂੰ ਲੱਭ ਰਹੀ ਸੀ; ਜਦੋਂ ਕਿ ਸਰਕਾਰ ਕਹਿ ਰਹੀ ਐ ਕਿ ਆਫੀਆ ਉਸ ਦਿਨ ਆਤਮਘਾਤੀ ਹਮਲੇ ਕਰਨ ਲਈ ਅਫਗਾਨਿਸਤਾਨ ਗਈ ਸੀ, ਜਾਂ ਫਿਰ ਹੋ ਸਕਦਾ ਹੈ ਕਿ ਉਹ ਅਫਗਾਨਿਸਤਾਨ ਵਿਚ ਅਜਿਹੇ ਦਸਤਾਵੇਜ਼ ਦੇਣ ਗਈ ਹੋਵੇ ਜਿਨ੍ਹਾਂ ਤੋਂ ਡਰਟੀ ਬੰਬ ਬਣਾਇਆ ਜਾ ਸਕੇ। ਇਸ ਤੋਂ ਇਲਾਵਾ ਕੋਰਟ ਇਹ ਵੀ ਨਹੀਂ ਜਾਣ ਸਕੀ ਕਿ ਡਾਕਟਰ ਆਫੀਆ 2003 ਤੋਂ 2008 ਤੱਕ ਕਿੱਥੇ ਰਹੀ। ਇਹ ਟਰਾਇਲ ਵੀ ਬਹੁਤ ਔਖਾ ਰਿਹਾ ਕਿਉਂਕਿ ਡਾਕਟਰ ਆਫੀਆ ਨੇ ਕੋਰਟ ਦੀ ਕਾਰਵਾਈ ਬਹੁਤ ਵਾਰੀ ਰੋਕੀ।" ਆਪਣੀ ਗੱਲ ਕਹਿ ਕੇ ਜੱਜ ਕਾਗਜ਼ 'ਤੇ ਕੁਝ ਲਿਖਣ ਲੱਗ ਪਿਆ।

ਇਸ ਦੇ ਉਲਟ ਡਿਫੈਂਸ ਵਕੀਲ ਨੇ ਆਪਣੇ ਬਿਆਨ 'ਚ ਕਿਹਾ, "ਇਹ ਕੇਸ ਆਫੀਆ ਦੇ ਖਿਲਾਫ ਇਸ ਕਰ ਕੇ ਗਿਆ ਕਿਉਂਕਿ ਉਹ ਮਾਨਸਿਕ ਤੌਰ 'ਤੇ ਸਹੀ ਨਹੀਂ ਹੈ। ਜੋ ਊਟ-ਪਟਾਂਗ ਉਤਰ ਆਫੀਆ ਨੇ ਦਿੱਤੇ ਨੇ, ਉਹ ਉਸ ਨੇ ਜਾਣ ਬੁੱਝ ਕੇ ਨਹੀਂ ਦਿੱਤੇ ਬਲਕਿ ਉਸ ਦੀ ਮਾਨਸਿਕ ਹਾਲਤ ਖਰਾਬ ਹੋਣ ਕਾਰਨ ਉਸ ਦੇ ਹੱਥ-ਵੱਸ ਕੁਝ ਨਹੀਂ ਹੈ। ਵਾਰ ਵਾਰ ਉਹ ਬਿਨਾਂ ਮਤਲਬੋਂ ਈ ਚੱਲਦੀ ਕਾਰਵਾਈ 'ਚ ਬੋਲਣ ਲੱਗ ਪੈਂਦੀ ਸੀ, ਕਿਉਂਕਿ ਉਹ ਮਾਨਸਿਕ ਰੋਗੀ ਐ। ਨਹੀਂ ਤਾਂ ਡਾਕਟਰ ਆਫੀਆ ਵਰਗੀ ਪੜ੍ਹੀ ਲਿਖੀ ਔਰਤ ਤੋਂ ਅਜਿਹੇ ਵਤੀਰੇ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਸਾਰੇ ਹੀ ਕੇਸ ਦੌਰਾਨ ਰਿਹਾ ਉਸ ਦਾ ਵਤੀਰਾ ਇਹ ਸਾਬਤ ਕਰ ਦਿੰਦਾ ਐ ਕਿ ਉਹ ਦਿਮਾਗੀ ਤੌਰ 'ਤੇ ਬਿਮਾਰ ਹੈ। ਉਸ ਦੀ ਇਸ ਤਰ੍ਹਾਂ ਦੀ ਦਿਮਾਗੀ ਹਾਲਤ ਐਫ.ਬੀ.ਆਈ. ਦੇ ਅਣਮਨੁੱਖੀ ਤਸ਼ੱਦਦ ਕਾਰਨ ਹੋਈ ਐ। ਇਸੇ ਕਰ ਕੇ ਉਸ ਨੂੰ ਕੁਛ ਵੀ ਯਾਦ ਨਹੀਂ ਕਿ ਉਹ ਇਸ ਪਿਛਲੇ ਅਰਸੇ ਦੌਰਾਨ ਕਿੱਥੇ ਸੀ। ਜਿਹੜੀ ਔਰਤ ਇੰਨੇ ਸਾਲਾਂ ਤੋਂ ਆਪਣੇ ਬੱਚਿਆਂ ਨੂੰ ਲੈ ਕੇ ਆਪਣੀ ਅਤੇ ਉਨ੍ਹਾਂ ਦੀ ਜਾਨ ਬਚਾਉਂਦੀ ਲੁਕਦੀ ਫਿਰਦੀ ਰਹੀ ਹੋਵੇ, ਫਿਰ ਭਾਵੇਂ ਉਹ ਕਿਸੇ ਤੋਂ ਵੀ ਲੁਕਦੀ ਹੋਵੇ, ਉਹ ਨਰਮ ਵਤੀਰੇ ਦੀ ਹੱਕਦਾਰ ਐ। ਇੰਨੇ ਸਾਲਾਂ ਤੋਂ ਹਰ ਵਕਤ ਡਰ ਦੇ ਸਾਏ ਹੇਠ ਜਿਉ ਰਹੀ ਔਰਤ 'ਤੇ ਵੈਸੇ ਵੀ ਰਹਿਮ ਕਰਨ ਦਾ ਇਨਸਾਨੀ ਫਰਜ਼ ਐ। ਜਿੰਨੀ ਕੁ ਸਜ਼ਾ ਦੀ ਉਹ ਹੱਕਦਾਰ ਹੈ ਵੀ, ਉਹ ਉਸ ਨੇ ਪਿਛਲੇ ਸਾਲਾਂ ਦੌਰਾਨ ਭੁਗਤ ਲਈ ਐ। ਮੇਰੀ ਕੋਰਟ ਨੂੰ ਅਪੀਲ ਐ ਕਿ ਨਿੱਕੇ ਨਿੱਕੇ ਤਿੰਨ ਬੱਚਿਆਂ ਦੀ ਮਾਂ ਅਤੇ ਦਿਮਾਗੀ ਤਵਾਜ਼ਨ ਖੋ ਚੁੱਕੀ ਇਸ ਔਰਤ ਨੂੰ ਸਜ਼ਾ

***(ਬਾਕੀ ਸਫਾ 30 'ਤੇ)***

# ਨ੍ਹੇਰੀਆਂ ਝੱਖੜਾਂ 'ਚ ਬਾਲੇ ਦਿਲ ਕੋਈ...



ਮੂੰਹ ਆਈ ਬਾਤ

ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

"ਬਾਈ ਸਰਬਣ ਸਿਆਂ! ਜੇ ਗੁੱਸਾ ਨਾ ਕਰੇਂ ਤਾਂ ਇਕ ਗੱਲ ਕਰਨੀ ਸੀ ਤੇਰੇ ਨਾਲ," ਤੇਜੇ ਨੇ ਆਪਣੇ ਵੱਡੇ ਭਰਾ ਤੋਂ ਆਗਿਆ ਮੰਗਦਿਆਂ ਪੁੱਛਿਆ।

"ਜਿੰਨੀਆਂ ਗੱਲਾਂ ਮਰਜ਼ੀ ਕਰ ਛੋਟੇ ਵੀਰ," ਸਰਬਣ ਦੇ ਦੋ ਪੈਗ ਲੱਗ ਚੁੱਕੇ ਸਨ।

"ਬਾਈ! ਬੇਸ਼ੱਕ ਆਪਣਾ ਵੱਟ-ਬੰਨੇ ਦਾ ਰੌਲਾ ਚੱਲਦੈ, ਪਰ ਬਾਪੂ ਦੀ ਇੱਜ਼ਤ ਆਪਾਂ ਰਾਹਾਂ 'ਤੇ ਨਹੀਂ ਰੁਲਣ ਦੇਣੀ," ਤੇਜੇ ਨੇ ਥੋੜ੍ਹੇ ਸ਼ਬਦਾਂ ਵਿਚ ਸਮਝਾਉਣ ਦੀ ਕੋਸ਼ਿਸ਼ ਕਰਦਿਆਂ ਕਿਹਾ।

"ਤੇਰਾ ਮਤਲਬ ਕੀ ਐ?" ਸਰਬਣ ਉਠ ਕੇ ਖੜ੍ਹਾ ਹੋ ਗਿਆ।

"ਆਪਣੀ ਚੰਨੋ ਜਗਰਾਵਾਂ ਦੇ ਮੁੰਡੇ ਨਾਲ ਕੱਲ੍ਹ ਫਿਲਮ ਦੇਖ ਕੇ ਨਿਕਲੀ ਸੀ ਤੇ ਉਸ ਨੂੰ ਚੋਰੀ ਚੋਰੀ ਮਿਲਦੀ ਐ। ਹੁਣ ਵੇਲਾ ਐ, ਉਸ ਨੂੰ ਸਾਂਭ ਲੈ; ਨਹੀਂ ਫਿਰ ਅੱਖਾਂ ਵਿਚ ਘਸੁੰਨ ਦੇ ਕੇ ਰੋਵੇਂਗਾ।" ਤੇਜੇ ਨੇ ਸਭ ਕੁਝ ਖੋਲ੍ਹ ਕੇ ਬਿਆਨ ਕਰ ਦਿੱਤਾ।

"ਤੇਰੀ ਐਨੀ ਮਜਾਲ? ਤੂੰ ਮੇਰੀ ਧੀ ਬਾਰੇ ਇੰਨਾ ਘਟੀਆ ਕਿਵੇਂ ਸੋਚ ਲਿਆ?" ਸਰਬਣ ਨੇ ਤੇਜੇ ਦਾ ਗਲਾਵਾਂ ਫੜਦਿਆਂ ਕਿਹਾ। ਤੇਜੇ ਨੇ ਝਟਕੇ ਨਾਲ ਗਲਾਵਾਂ ਛੁਡਾਇਆ, ਤੇ ਚੁੱਪ ਕਰ ਕੇ ਬਾਹਰ ਨਿਕਲ ਗਿਆ। ਰੌਲਾ ਸੁਣ ਕੇ ਸਰਬਣ ਦੀ ਪਤਨੀ ਆਉਂਦੀ ਹੋਈ ਬੋਲੀ, "ਇਹ ਕੀ ਆ ਕੇ ਲਾਂਬੂ ਲਾ ਗਿਆ ਪੁੱਤਾਂ ਮਰਨੀ ਦਾ।"

"ਆਪਣੀ ਚੰਨੋ ਬਾਰੇ ਅਵਾ-ਤਵਾ ਬੋਲ ਕੇ ਗਿਆ ਮੇਰਾ ਸਾਲਾ।" ਸਰਬਣ ਨੇ ਤੀਜਾ ਪੈਗ ਖਾਲੀ ਕਰਦਿਆਂ ਕਿਹਾ।

ਨਾਂ ਅਤੇ ਥਾਂ ਬਦਲ ਕੇ ਇਕ ਪਰਿਵਾਰ ਨਾਲ ਵਾਪਰੀ ਘਟਨਾ ਲਿਖਣ ਲੱਗਾ ਹਾਂ:

ਸਰਬਣ ਤੇ ਤੇਜਾ ਦੋ ਸਕੇ ਭਰਾ ਹਨ। ਜ਼ਮੀਨ ਗੁਜ਼ਾਰੇ ਜੋਗੀ। ਮੱਝਾਂ ਦਾ ਦੁੱਧ ਪਾ ਕੇ ਤੋਰੀ-ਫੁਲਕਾ ਚਲਾਈ ਜਾਂਦੇ ਸਨ। ਮਾਂ ਤੇ ਪਿਉ ਦੋਵਾਂ ਨੂੰ ਵਿਆਹ ਕੇ ਸੁਰਖਰੂ ਹੋ ਸੰਸਾਰਕ ਯਾਤਰਾ ਪੂਰੀ ਕਰ ਚੁੱਕੇ ਸਨ। ਦੋਵੇਂ ਭਰਾ ਇਕੱਠੇ ਹੀ ਖੇਤੀਬਾੜੀ ਕਰੀ ਜਾਂਦੇ ਸਨ। ਸਰਬਣ ਟਰੈਕਟਰਾਂ ਦਾ ਵਪਾਰ ਵੀ ਕਰ ਛੱਡਦਾ। ਮਹੀਨੇ ਵਿਚ ਇਕ ਦੋ ਟਰੈਕਟਰ ਖਰੀਦ ਕੇ ਵੇਚ ਛੱਡਦਾ। ਸਰਬਣ ਦਾ ਮੂੰਹ ਕੌੜਾ ਹੋ ਜਾਂਦਾ ਤੇ ਘਰਦਿਆਂ ਦਾ ਮਿੱਠਾ ਕਰਵਾ ਛੱਡਦਾ। ਹਰ ਪਾਸੇ ਫੁੱਲਾਂ ਦੀ ਸੁਗੰਧ ਵਰਗੀ ਮਿਠਾਸ ਆ ਰਹੀ ਸੀ। ਸਰਬਣ ਦੀ ਕਾਟੋ ਚੌਵੀ ਘੰਟੇ ਫੁੱਲਾਂ 'ਤੇ ਖੇਡਦੀ ਸੀ। ਤੇਜਾ ਖੇਤਾਂ ਦਾ ਰਾਜਾ ਸੀ। ਉਸ ਨੇ ਸਾਰਾ ਕੁਝ ਵੱਡੇ ਭਰਾ 'ਤੇ ਛੱਡਿਆ ਹੋਇਆ ਸੀ। ਘਰਵਾਲੀ ਤੇ ਭਰਜਾਈ ਨਾਲ ਮਖੌਲ ਕਰ ਛੱਡਦਾ। ਉਸ ਦੀਆਂ ਘਰੇ ਹੀ ਤੀਆਂ ਲੱਗੀਆਂ ਰਹਿੰਦੀਆਂ। ਦਰਾਣੀ-ਜੇਠਾਣੀ ਵੀ ਸਕੀਆਂ ਭੈਣਾਂ ਤੋਂ ਵੱਧ ਇਕ ਦੂਜੀ ਦਾ ਆਦਰ-ਮਾਣ ਕਰਦੀਆਂ। ਨਾ ਸਿਰ 'ਤੇ ਸੱਸ ਸੀ ਤੇ ਨਾ ਨਣਾਨ। ਦੋਵੇਂ ਵਿਆਹ ਵਾਂਗ ਦਿਨ ਲੰਘਾਉਂਦੀਆਂ। ਖੱਟੇ ਡੋਰੀਏ ਹਵਾ ਵਿਚ ਉਡਦੇ, ਗਿੱਧਾ ਪਾਉਂਦੇ। ਦੋਵਾਂ ਦੇ ਪੈਰਾਂ ਦੀਆਂ ਝਾਂਜਰਾਂ ਤਾਲ ਨਾਲ ਤਾਲ ਮਿਲਾਉਂਦੀਆਂ। ਐਤਵਾਰ, ਸੰਗਰਾਂਦਾਂ ਵਿਚ ਬਦਲ ਕੇ ਨਵਾਂ ਸਾਲ ਲੈ ਆਉਂਦੇ। ਤਿੰਨ ਸਾਲਾਂ ਬਾਅਦ ਦਰਾਣੀ-ਜੇਠਾਣੀ ਦੇ ਇਕੱਠਿਆਂ ਹੀ ਪੈਰ ਭਾਰੀ ਹੋ ਗਏ। ਦੋਵੇਂ ਢਿੱਡਾਂ 'ਤੇ ਹੱਥ ਫੇਰ ਕੇ ਆਖ ਛੱਡਦੀਆਂ, 'ਰੱਬਾ! ਖੰਡ ਅਤੇ ਮਿਸਰੀ ਵਿਚ ਕੋਈ ਫਰਕ ਤਾਂ ਜ਼ਿਆਦਾ ਨਹੀਂ ਹੁੰਦਾ...ਤੂੰ ਸਾਨੂੰ ਦੋਵਾਂ ਨੂੰ ਖੰਡ ਦੇ ਖਿਡੌਣੇ ਬਖ਼ਸ਼ ਦੇਈਂ।' ਪਰ ਰੱਬ ਨੇ ਪਤਾ ਨਹੀਂ ਕਿਹੜੀ ਖੇਡ ਖੇਡੀ, ਖਰਬੂਜਿਆਂ ਦੀ ਵੇਲ ਨੂੰ ਇਕ ਅੰਬੀ ਲੱਗ ਗਈ। ਜੇਠਾਣੀ ਦੀ ਕੁੱਖੋਂ ਚੰਨੋ ਪੈਦਾ ਹੋਈ ਤੇ ਦਰਾਣੀ ਨੇ ਪ੍ਰਿੰਸ ਨੂੰ ਜਨਮ ਦਿੱਤਾ। ਦੋਵਾਂ ਦੇ ਧੀ, ਪੁੱਤ ਦੇ ਜਨਮ ਨੇ ਜੇਠਾਣੀ ਦੇ ਦਿਲ ਵਿਚ ਨਫਰਤ ਦਾ ਬੀਜ ਬੀਜ ਦਿੱਤਾ। ਵਿਆਹ ਵਰਗੇ ਦਿਨ ਮੁੜ ਨਾ ਆਏ। ਨਿੱਕੀ ਨਿੱਕੀ ਗੱਲ 'ਤੇ ਵੱਡੀ ਬਹਿਸ ਹੋ ਜਾਂਦੀ। ਸਰਬਣ ਹੁਰਾਂ ਦੀ ਮਾਸੀ ਰਾਏਕੋਟ ਰਹਿੰਦੀ ਸੀ ਜਿਸ ਦੇ ਕੋਈ ਔਲਾਦ ਨਹੀਂ ਸੀ। ਮਾਸੀ ਨੇ ਆਪਣੇ ਘਰ ਵਾਲੇ ਨੂੰ ਕਹਿ ਦਿੱਤਾ ਕਿ ਉਹਨੇ ਆਪਣੀ ਜ਼ਮੀਨ ਤੇ ਘਰ-ਬਾਰ ਆਪਣੇ ਭਾਣਜਿਆਂ ਨੂੰ ਦੇਣਾ ਹੈ। ਸਾਰੇ ਘਰ ਦੀ ਮੁਖਤਾਰ ਮਾਸੀ ਸੀ। ਸਰਬਣ ਤੇ ਤੇਜੇ ਦੇ ਨਿਆਣਿਆਂ ਦੀ ਖਬਰ ਸੁਣ ਕੇ ਮਾਸੀ ਤਾਂ ਅੱਠ ਵਾਲੀ ਬੱਸ ਚੜ੍ਹ ਆਈ ਤੇ ਬਲਦੀ ਉਤੇ ਤੇਲ ਪਾ ਦਿੱਤਾ। ਸਰਬਣ ਦੀ ਧੀ ਚੰਨੋ ਨੂੰ ਗੋਦੀ ਲੈ ਕੇ ਬੋਲੀ, "ਮੈਂ ਤਾਂ ਸਾਰੀ ਜ਼ਮੀਨ ਤੇਰੇ ਨਾਂ ਕਰਵਾ ਦਊਂ। ਵਿਆਹ ਤੱਕ ਤਾਂ ਤੇਰੇ ਜਿੰਨੀ ਉਚੀ ਰਕਮ ਦੀ ਢੇਰੀ ਲਾ ਦਊਂ। ਮੇਰੀ ਚੰਨ ਵਰਗੀ ਚੰਨੋ।" ਮਾਸੀ ਦੇ ਬੋਲਾਂ ਨੇ ਦਰਾਣੀ ਦਾ ਅੰਦਰ ਚੀਰ ਕੇ ਰੱਖ ਦਿੱਤਾ। ਮਾਸੀ ਨੇ ਉਸ ਦੇ ਪੁੱਤ ਲਈ ਤਾਂ ਇਕ ਪਲਾਟ ਵੀ ਨਾ ਰੱਖਿਆ।

ਸਰਬਣ ਤੇ ਉਸ ਦੀ ਪਤਨੀ ਨੇ ਪ੍ਰਿੰਸ ਦੀ ਲੋਹੜੀ ਮਨਾਉਣ 'ਤੇ ਵੀ ਲੜਾਈ ਸ਼ੁਰੂ ਕਰ ਦਿੱਤੀ। ਹੁਣ ਭਰਾਵਾਂ ਦੇ ਪਿਆਰ ਵਿਚ ਵੀ ਧੀ ਪੁੱਤ ਦਾ ਫਰਕ ਦੀਵਾਰ ਬਣਨ ਲੱਗਾ। ਦੋਹਾਂ ਬੱਚਿਆਂ ਦੇ ਖਿਡੌਣਿਆਂ-ਕੱਪੜਿਆਂ ਵਿਚ ਵੀ ਜੇਠਾਣੀ ਚਲਾਕੀ ਖੇਡ ਜਾਂਦੀ। ਦਰਾਣੀ ਨੇ ਸਬਰ ਦਾ ਘੁੱਟ ਭਰ ਲਿਆ ਕਿ ਜੋ ਇਹ ਕਰਦੀ ਹੈ, ਕਰ ਲੈਣ ਦੇ। ਦੋ ਸਾਲ ਨਾ ਲੰਘੇ, ਜੇਠਾਣੀ ਫਿਰ ਮਾਂ ਬਣਨ ਵਾਲੀ ਹੋ ਗਈ। ਮੋਰ ਦੇ ਖੰਭ ਨੂੰ ਗਾਂ ਦੇ ਦੁੱਧ ਵਿਚ ਡੁਬੋ ਕੇ ਪੀਂਦੀ। ਕਦੇ ਕੱਚੇ ਆਟੇ ਦੀਆਂ ਪੇੜੀਆਂ ਗਾਊਸ਼ਾਲਾ ਵੰਡ ਕੇ ਆਉਂਦੀ। ਦਰਾਣੀ ਤੋਂ ਚੋਰੀ ਕਿਤੇ ਪੁੰਨਿਆ ਨਹਾਉਂਦੀ, ਕਦੇ ਪਿੱਪਲ ਨੂੰ ਪਾਣੀ ਪਾ ਕੇ ਆਉਂਦੀ। ਦਰਾਣੀ ਸੋਚਦੀ ਕਿ ਘਰੇ ਛੇ ਮੱਝਾਂ ਤੇ ਤਿੰਨ ਗਾਊਆਂ ਹਨ, ਇਨ੍ਹਾਂ ਨੂੰ ਪੇੜੇ ਕਿਉਂ ਨਹੀਂ ਪਾਉਂਦੀ? ਘਰੇ ਸਬਜ਼ੀ ਦੀਆਂ ਵੇਲਾਂ ਬੀਜੀਆਂ ਨੇ, ਇਨ੍ਹਾਂ ਦੀਆਂ ਜੜ੍ਹਾਂ ਵਿਚ ਪਾਣੀ ਕਿਉਂ ਨਹੀਂ ਪਾਉਂਦੀ?

ਅੰਧ-ਵਿਸ਼ਵਾਸ ਦੀਆਂ ਵਿਧੀਆਂ ਨਾਲ ਅੱਕਾਂ ਨੂੰ ਅੰਬ ਨਹੀਂ ਲੱਗ ਸਕਦੇ! ਪਰਮਾਤਮਾ ਦੀ ਕਿਰਪਾ ਨਾਲ ਸੂਲੀ ਤੋਂ ਸੂਲ ਹੋ ਜਾਂਦੀ ਹੈ ਅਤੇ ਕੱਚਾ ਆਵਾ ਪੱਕਿਆਂ ਦੇ ਭਾਅ ਵਿਕ ਜਾਂਦਾ ਹੈ। ਪਰਮਾਤਮਾ ਵੱਲ ਪਿੱਠ ਕਰ ਕੇ ਦਾਤਾਂ ਨਹੀਂ ਮੰਗੀਆਂ ਜਾ ਸਕਦੀਆਂ। ਸ਼ਰਧਾ ਅਤੇ ਵਿਸ਼ਵਾਸ ਨਾਲ ਹੀ ਝੋਲੀਆਂ ਭਰ ਹੁੰਦੀਆਂ ਨੇ।

ਜੇਠਾਣੀ ਦਾ ਮੜ੍ਹੀਆਂ ਨੂੰ ਇਸ਼ਨਾਨ ਕਰਵਾਇਆ ਐਵੇਂ ਹੀ ਗਿਆ। ਉਸ ਨੇ ਦੂਜੀ ਧੀ ਰਾਣੋ ਨੂੰ ਜਨਮ ਦੇ ਦਿੱਤਾ। ਉਹ ਆਪਣੇ ਢਿੱਡ 'ਤੇ ਆਪੇ ਮੁੱਕੀਆਂ ਮਾਰਦੀ। ਸਰਬਣ ਨੇ ਗਮ ਨਾਲ ਦਾਰੂ ਵੱਧ ਪੀਣੀ ਸ਼ੁਰੂ ਕਰ ਦਿੱਤੀ। ਇਸ ਵਾਰ ਮਾਸੀ ਛੇ ਵਾਲੀ ਬੱਸ ਚੜ੍ਹ ਆਈ। ਆਪਣੇ ਵੱਲੋਂ ਤਾਂ ਸਰਬਣ ਤੇ ਉਸ ਦੀ ਪਤਨੀ ਨੂੰ ਹੌਸਲਾ ਦਿੰਦੀ ਸੀ, ਦੂਜੇ ਪਾਸੇ ਜਿਵੇਂ ਜ਼ਹਿਰ ਦੀਆਂ ਘੁੱਟਾਂ ਭਰ ਰਹੀ ਸੀ। ਤੇਜੇ ਦੇ ਪ੍ਰਿੰਸ ਨੂੰ ਚੁੱਕਦੀ ਵੀ ਨਾ, ਪਰ ਚੰਨੋ ਤੇ ਰਾਣੋ ਨੂੰ ਗੋਦੀ ਵਿਚੋਂ ਨਾ ਉਤਾਰਦੀ। ਮਾਸੀ ਨੇ ਤੇਜੇ ਤੋਂ ਚੋਰੀ ਚੰਨੋ ਤੇ ਰਾਣੀ ਦੇ ਨਾਂ ਇਕ-ਇਕ ਲੱਖ ਰੁਪਿਆ ਜਮ੍ਹਾਂ ਕਰਵਾ ਦਿੱਤਾ। ਪੈਸੇ ਕਾਹਦੇ ਜਮ੍ਹਾਂ ਕਰਵਾਏ, ਉਸ ਨੇ ਤਾਂ ਭਾਰਾਵਾਂ ਦੇ ਦਿਲਾਂ ਵਿਚਲਾ ਪਿਆਰ ਹੀ ਕੱਢ ਕੇ ਪਰ੍ਹਾਂ ਮਾਰਿਆ। ਕਹਿੰਦੇ ਨੇ ਨੀਵਿਆਂ ਦੀ ਰੱਬ ਸੁਣਦਾ ਹੈ। ਇੱਧਰ ਫਿਰ ਦਰਾਣੀ ਨੇ ਦੂਜਾ ਪੁੱਤ ਰਾਜਾ ਜੰਮ ਦਿੱਤਾ। ਜੇਠਾਣੀ ਦੀ ਹਿੱਕ 'ਤੇ ਸੱਪ ਮੇਲ੍ਹਣ ਲੱਗੇ। ਮਾਸੀ ਨੇ ਵੀ ਸ਼ਾਮ ਵਾਲੀ ਬੱਸ ਲੰਘਾ ਦਿੱਤੀ। ਉਹ ਨਾ ਆਈ। ਰੱਬ ਦੀ ਕਾਣੀ ਵੰਡ ਸਮਝੋ ਜਾਂ ਭਰਾਵਾਂ ਦੇ ਦਿਲਾਂ ਵਿਚ ਨਫਰਤ ਦਾ ਉਠਿਆ ਭੂਚਾਲ, ਜਿਸ ਨੇ ਘਰ ਵਿਚ ਉਚੀ ਕੰਧ ਅਤੇ ਖੇਤ ਵਿਚ ਵੱਟ ਪੁਆ ਦਿੱਤੀ। ਘਰ ਦਾ ਕਲੇਸ਼ ਖੇਤਾਂ ਵਿਚ ਜਾ ਕੇ ਲਲਕਾਰੇ ਮਾਰਨ ਲੱਗਿਆ। ਦੋਵਾਂ ਭਰਾਵਾਂ ਦੀਆਂ ਪੱਗਾਂ ਤੇ ਦਾੜ੍ਹੀਆਂ ਫੜੀਆਂ ਲੋਕਾਂ ਨੇ ਛੁਡਵਾਈਆਂ।

ਕੰਧ ਦੇ ਉਹਲੇ ਰਹਿੰਦਿਆਂ ਬਚਪਨ ਨੇ ਜਵਾਨੀ ਵਿਚ ਦਾਖਲ ਹੁੰਦਿਆਂ, ਆਪਣੇ ਅੰਦਰ ਦੀ ਨਫਰਤ ਇਕ ਦੂਜੇ ਨੂੰ ਦਿਖਾਉਣੀ ਸ਼ੁਰੂ ਕੀਤੀ। ਚੰਨੋ ਤੇ ਰਾਣੋ ਨੇ ਕਦੇ ਪ੍ਰਿੰਸ ਤੇ ਰਾਜੇ ਨੂੰ ਭਰਾ ਸਮਝਿਆ ਹੀ ਨਹੀਂ। ਸਰਬਣ ਦੀ ਪਤਨੀ ਆਪ ਭਲਾ ਲੂਣ ਤੇਲ ਲਿਆਉਣ ਲੱਗੀ ਸਰਫਾ ਕਰਦੀ, ਪਰ ਦੋਵਾਂ ਧੀਆਂ ਦੇ ਕੱਪੜੇ ਫੈਸ਼ਨ ਮੁਤਾਬਕ ਲਿਆ ਕੇ ਦਿੰਦੀ। ਪਿੰਡ ਦੇ ਮੱਸ-ਫੁੱਟ ਗੱਭਰੂ ਵੀ ਘਰ ਦੀ ਫੁੱਟ ਦਾ ਲਾਹਾ ਲੈਂਦੇ, ਸਰਬਣ ਦੇ ਘਰ ਅੱਗੇ ਗੇੜੀਆਂ ਕੱਢਦੇ। ਚੰਨੋ ਤੇ ਰਾਣੀ ਵੀ ਰਾਹ ਜਾਂਦਿਆਂ ਨੂੰ ਚੁੰਨੀ ਦੇ ਪੱਲੇ ਨਾਲ ਇਸ਼ਾਰੇ ਕਰਨ ਲੱਗੀਆਂ।

ਕਾਲਜ ਦੀਆਂ ਕਿਤਾਬਾਂ ਨਾਲ ਹੀ ਚੰਨੋ ਨੇ ਮੋਬਾਇਲ ਫੋਨ ਲੈ ਲਿਆ। ਫਿਰ ਜਗਰਾਵਾਂ ਦੇ ਪੰਡਤਾਂ ਦੇ ਮੁੰਡੇ ਨਾਲ ਇਸ਼ਕ ਦਾ ਪੇਚਾ ਪਾ ਲਿਆ। ਮੱਸਿਆ ਦੀਆਂ ਰਾਤਾਂ ਵਿਚ ਚੰਨੋ ਚੰਨ ਚੜ੍ਹਾਉਣ ਲੱਗੀ। ਟੱਚ ਸਕਰੀਨ ਫੋਨ ਨੇ ਚੰਨੋ ਦੀ ਇਸ਼ਕ ਵਾਲੀ ਖੇਡ ਕਾਫੀ ਸੁਖਾਲੀ ਕਰ ਦਿੱਤੀ ਸੀ। ਹੀਰ ਤੇ ਰਾਂਝਾ ਪੱਬਾਂ, ਕਲੱਬਾਂ ਤੇ ਸਿਨੇਮਿਆਂ ਵਿਚ ਮਿਲਣ ਲੱਗੇ ਤਾਂ ਇਕ ਦਿਨ ਪ੍ਰਿੰਸ ਨੇ ਆਪਣੀਆਂ ਅੱਖਾਂ ਨਾਲ ਚੰਨੋ ਨੂੰ ਜਗਰਾਵਾਂ ਵਾਲੇ ਮੁੰਡੇ ਨਾਲ ਬਾਂਹ ਵਿਚ ਬਾਂਹ ਪਾ ਕੇ ਤੁਰਦੀ ਨੂੰ ਦੇਖਿਆ, ਤੇ ਘਰ ਆ ਕੇ ਤੇਜੇ ਨੂੰ ਦੱਸਿਆ। ਤੇਜਾ ਸਰਬਣ ਦੇ ਘਰ ਗਿਆ ਤਾਂ ਉਹ ਉਲਟਾ ਹੀ ਗਲ ਪੈ ਗਿਆ।

ਫਿਰ ਉਸ ਦਿਨ ਤੋਂ ਬਾਅਦ ਹੋਰ ਨੇੜੇ ਵਾਲਿਆਂ ਨੇ ਵੀ ਸਰਬਣ ਦੇ ਕੰਨਾਂ ਵਿਚ ਚੰਨੋ ਦੀਆਂ ਗੁੱਝੀਆਂ ਮੁਲਕਾਤਾਂ ਦਾ ਹਾਲ ਬਿਆਨਿਆ, ਪਰ ਸਰਬਣ ਸਾਰਿਆਂ ਨਾਲ ਗੁੱਸੇ ਹੋਇਆ। ਫਿਰ ਇਕ ਦਿਨ ਸਰਬਣ ਨੇ ਆਪਣੀਆਂ ਅੱਖਾਂ ਨਾਲ ਆਪਣੇ ਹੀ ਘਰ ਉਸ ਮੁੰਡੇ ਨੂੰ ਦੇਖ ਲਿਆ ਜੋ ਦੇਖਣ ਦੀ ਹਾਲਤ ਵਿਚ ਨਹੀਂ ਸੀ। ਉਸ ਦਿਨ ਤੋਂ ਬਾਅਦ ਸਰਬਣ ਦੀਆਂ ਅੱਖਾਂ ਖੁੱਲ੍ਹ ਗਈਆਂ ਤੇ ਚੰਨੋ ਉਤੇ ਪਾਬੰਦੀਆਂ ਲੱਗ ਗਈਆਂ। ਚੰਨੋ ਦਾ ਪਿਆਰ ਬਹੁਤਾ ਸਮਾਂ ਟਿਕ ਕੇ ਨਾ ਬੈਠਾ। ਉਹ ਟੂਰ ਦੇ ਬਹਾਨੇ ਘਰੋਂ ਨਿਕਲ ਗਈ। ਫਿਰ ਜਦ ਦਸਾਂ ਦਿਨਾਂ ਬਾਅਦ ਵੀ ਨਾ ਆਈ, ਚੰਨੋ ਦੀ ਭਾਲ ਸ਼ੁਰੂ ਕੀਤੀ ਗਈ। ਮੋਬਾਇਲ ਦੀਆਂ ਕਾਲਾਂ ਅਤੇ ਉਸ ਦੀ ਰੇਂਜ ਤੋਂ ਪਤਾ ਲੱਗਿਆ ਕਿ ਉਹ ਹਰਿਆਣੇ ਦੇ ਕਿਸੇ ਪਿੰਡ ਵਿਚ ਠਹਿਰੇ ਹੋਏ ਹਨ। ਸਰਬਣ ਦੀ ਜਦੋਂ ਕੋਈ ਪੇਸ਼ ਨਾ ਗਈ ਤਾਂ ਉਹ ਤੇਜੇ ਦੇ ਘਰ ਆਇਆ ਤੇ ਰੋਂਦਾ ਹੋਇਆ ਬੋਲਿਆ, "ਛੋਟੇ ਵੀਰ, ਆਪਾਂ ਪੱਟੇ ਗਏ। ਚੰਨੋ ਨੇ ਚਾੜ੍ਹ'ਤਾ ਚੰਨ। ਮੇਰੀਆਂ ਅੱਖਾਂ ਤੋਂ ਪੱਟੀ ਉਦੋਂ ਖੁੱਲ੍ਹੀ ਜਦੋਂ ਪੱਗ ਪੈਰਾਂ ਵਿਚ ਆਣ ਡਿੱਗੀ। ਆਪਣੀ ਇੱਜ਼ਤ ਮਿੱਟੀ ਵਿਚ ਮਿਲ ਗਈ।"

"ਬਾਈ! ਤੈਨੂੰ ਉਸ ਦਿਨ ਸਮਝਾਉਣ ਹੀ ਗਿਆ ਸੀ। ਉਦੋਂ ਜਿਹੜਾ ਹੱਥ ਮੇਰੇ ਗਲਾਵੇਂ ਨੂੰ ਪਾਇਆ ਸੀ, ਉਸੇ ਹੱਥ ਨਾਲ ਉਸ ਦੀ ਗੁੱਤ ਫੜਦਾ ਤੇ ਪੁੱਛਦਾ, ਤਾਂ ਤੈਨੂੰ ਅੱਜ ਵਾਲਾ ਦਿਨ ਨਾ ਦੇਖਣਾ ਪੈਂਦਾ।" ਤੇਜੇ ਨੇ ਅੰਦਰਲਾ ਗੁੱਸਾ ਸ਼ਬਦਾਂ ਰਾਹੀਂ ਬਾਹਰ ਕੱਢਦਿਆਂ ਕਿਹਾ।

"ਜਿਹੜਾ ਕੁਝ ਹੋ ਗਿਆ, ਉਹ ਮੇਰੀ ਗਲਤੀ ਸੀ। ਹੁਣ ਉਸ ਨੂੰ ਮਨਾ ਕੇ ਲਿਆਈਏ ਤੇ ਕਿਤੇ ਫੇਰੇ ਦੇ ਕੇ ਫਾਹਾ ਵੱਢੀਏ।" ਸਰਬਣ ਕਿਸੇ ਫੈਸਲੇ 'ਤੇ ਪੁੱਜਣਾ ਚਾਹੁੰਦਾ ਸੀ।

ਤੇਜੇ ਦਾ ਇਕ ਰਿਸ਼ਤੇਦਾਰ ਪੁਲਿਸ ਵਿਚ ਸੀ। ਉਸ ਦੀ ਸਿਫਾਰਸ਼ ਨਾਲ ਚੰਨੋ ਤੇ ਉਸ ਦਾ ਪ੍ਰੇਮੀ ਲੱਭ ਲਏ, ਉਹ ਤਾਂ ਕੋਰਟ ਮੈਰਿਜ ਅਤੇ ਹਿੰਦੂ ਮਰਿਆਦਾ ਅਨੁਸਾਰ ਫੇਰੇ ਲੈ ਕੇ ਕਾਨੂੰਨਨ ਪਤੀ-ਪਤਨੀ ਬਣ ਚੁੱਕੇ ਸਨ। ਚੰਨੋ, ਕੌਰ ਤੋਂ ਮਿਸਿਜ਼ ਸ਼ਰਮਾ ਬਣ ਚੁੱਕੀ ਸੀ। ਤੇਜੇ ਹੁਰਾਂ ਨੇ ਬਹੁਤ ਜ਼ੋਰ ਲਾਇਆ ਕਿ ਚੰਨੋ ਨੂੰ ਵਾਪਸ ਲਿਆਂਦਾ ਜਾਵੇ, ਪਰ ਪੰਡਤਾਂ ਦਾ ਵੀ ਇਕੱਲਾ ਪੁੱਤ ਸੀ। ਉਸ ਦੀ ਖੁਸ਼ੀ ਵਿਚ ਹੀ ਪੰਡਤ ਖੁਸ਼ ਸਨ। ਚੰਨੋ ਨੇ ਆਪ ਹੀ ਜੱਜ ਅੱਗੇ ਕਹਿ ਦਿੱਤਾ ਕਿ ਉਹ ਮਰਜ਼ੀ ਨਾਲ ਘਰੋਂ ਆਈ ਸੀ ਤੇ ਮਰਜ਼ੀ ਨਾਲ ਹੀ ਵਿਆਹ ਕਰਵਾਇਆ ਹੈ। ਹੁਣ ਉਹ ਆਪਣੇ ਪਤੀ ਨਾਲ ਰਹਿ ਕੇ ਆਪਣਾ ਜੀਵਨ ਬਿਤਾਉਣਾ ਚਾਹੁੰਦੀ ਹੈ। ਜੇ ਉਹ ਘਰ ਵਾਪਸ ਜਾਂਦੀ ਹੈ, ਤਾਂ ਉਸ ਦੀ ਜਾਨ ਨੂੰ ਖਤਰਾ ਹੈ।

ਦੋਵੇਂ ਭਰਾ ਤੇ ਸਰਪੰਚ ਬਾਜ਼ੀ ਹਾਰ ਕੇ ਕੋਰਟ ਵਿਚੋਂ ਬਾਹਰ ਨਿਕਲੇ ਤਾਂ ਸਰਪੰਚ ਬੋਲਿਆ, "ਸਰਬਣ ਸਿਆਂ! ਛੋਟੇ ਵੀਰ ਸਾਡੇ ਬੰਦਿਆਂ ਵਿਚ ਇਸ ਗੱਲ ਦਾ ਹੀ ਵੱਡਾ ਭੈੜ ਹੈ। ਜਦੋਂ ਕੋਈ ਸਾਡੇ ਨੇੜੇ ਦਾ ਸਨੇਹੀ ਸਾਨੂੰ ਸਾਡੇ ਬੱਚਿਆਂ ਦੀਆਂ ਕਰਤੂਤਾਂ ਦੀ ਸੂਹ ਦਿੰਦਾ ਹੈ ਤਾਂ ਅਸੀਂ ਉਸ ਦੇ ਗਲ ਪੈ ਜਾਂਦੇ ਹਾਂ ਜਿਸ ਕਰ ਕੇ ਲੋਕ ਅੱਜਕੱਲ੍ਹ ਕਿਸੇ ਦੀ ਧੀ ਪੁੱਤ ਦੀ ਕੋਈ ਵੀ ਗੱਲ ਨਹੀਂ ਕਰਦੇ। ਤੈਨੂੰ ਤਾਂ ਤੇਰੇ ਆਪਣੇ ਨੇ ਸਮਝਾਇਆ ਸੀ, ਪਰ ਜੋ ਕੁਝ ਤੈਂ ਕੀਤਾ, ਉਹ ਤੈਨੂੰ ਪਤਾ ਹੀ ਹੈ। ਧੀ, ਪੁੱਤ ਤੇ ਰੰਬਾ ਤਾਂ ਚੰਡੇ ਹੀ ਚੰਗੇ ਹੁੰਦੇ ਨੇ। ਜਦੋਂ ਤੋਂ ਕੁੜੀਆਂ ਦੇ ਸਿਰੋਂ ਚੁੰਨੀਆਂ ਲਹਿ ਗਈਆਂ ਤੇ ਹੱਥਾਂ ਵਿਚ ਮੋਬਾਇਲ ਆ ਗਏ ਹਨ, ਉਦੋਂ ਤੋਂ ਤੇਰੇ ਵਰਗੇ ਕਈ ਸਰਬਣ ਇਸ ਕੋਰਟ ਵਿਚੋਂ ਰੋਂਦੇ ਨਿਕਲੇ ਹਨ।"

ਘਰ ਪਹੁੰਚੇ ਤਾਂ ਦਰਾਣੀ ਤੇ ਜੇਠਾਣੀ ਗਲ ਲੱਗ ਰੋ ਰਹੀਆਂ ਸਨ। ਪ੍ਰਿੰਸ ਤੇ ਰਾਜੇ ਨੂੰ ਮਾਸੀ ਬੁੱਕਲ ਵਿਚ ਲਈ ਬੈਠੀ ਸੀ। ਜੇਠਾਣੀ ਰੋਂਦੀ ਹੋਈ ਕਹਿ ਰਹੀ ਸੀ, "ਮੈਨੂੰ ਪਤਾ ਹੁੰਦਾ ਕਲਜੋਗਣ ਨੇ ਇੰਜ ਕਰਨੀ ਹੈ ਤਾਂ ਮੈਂ ਢਿੱਡ ਵਿਚ ਹੀ ਨਿੱਕਾ ਨਿੱਕਾ ਕਰ ਕੇ ਕਟਵਾ ਦਿੰਦੀ", ਪਰ ਹੁਣ ਸਮਾਂ ਲੰਘ ਚੁੱਕਿਆ ਸੀ। ਕੰਧਾਂ ਉਚੀਆਂ ਕਰਨ ਨਾਲ ਕਾਂ ਆਉਣੋਂ ਨਹੀਂ ਹਟਦੇ, ਰੋਟੀ ਦੇ ਟੁਕੜੇ ਆਪ ਹੀ ਬਚਾਉਣੇ ਪੈਂਦੇ ਨੇ।

# ਬੰਗਿਆਂ ਦੇ ਭੰਡ



ਚੱਲ ਸੋ ਚੱਲ

ਇਕਬਾਲ ਜੱਬੋਵਾਲੀਆ
ਫੋਨ:917-375-6395

"ਜੜ੍ਹਾਂ ਹਰੀਆਂ, ਭਾਗ ਲੱਗੇ ਰਹਿਣ। ਜਜ਼ਮਾਨਾਂ ਦੀ ਹਵੇਲੀ ਜੁੱਗ ਜੁੱਗ ਜੀਵੇ। ਹੈਡਮਾਸਟਰ ਸਾਹਿਬ ਦੀ ਹਵੇਲੀ ਨੂੰ ਭਾਗ ਲੱਗਣ। 'ਮਰੀਕਾ ਆਲਿਆਂ ਦੇ ਬੱਚੇ ਜੀਂਦੇ-ਵਸਦੇ ਰਹਿਣ।" ਕਹਿੰਦੇ ਬੰਗਿਆਂ ਦੇ ਭੰਡ ਡੌਰੂ ਵਜਾਉਂਦੇ ਗੇਟਾਂ 'ਚ ਆ ਖੜੇ।

ਮੈਂ ਹੈਰਾਨ ਅਤੇ ਖੁਸ਼ ਵੀ ਸਾਂ। ਹੈਰਾਨ ਇਸ ਕਰਕੇ ਕਿ ਮੇਰੇ ਆਉਣ ਦਾ ਇਨ੍ਹਾਂ ਨੂੰ ਕਿਵੇਂ ਪਤਾ ਲੱਗਾ। ਖੁਸ਼ ਇਸ ਕਰਕੇ ਕਿ ਮੇਰੇ ਇਲਾਕੇ ਦੇ ਭੰਡ ਪਿੰਡਾਂ 'ਚ ਮੈਨੂੰ ਕਿਤੇ ਨਾ ਕਿਤੇ ਮਿਲ ਪੈਂਦੇ ਹਨ। ਦੂਜਾ ਵੱਡੇ ਵੀਰ ਨੂੰ ਵੀ ਜਾਣਦੇ ਸਨ। ਉਹ ਵੀ ਉਨ੍ਹਾਂ ਨੂੰ ਕਦੇ ਖਾਲੀ ਨਹੀ ਸੀ ਮੋੜਦਾ।

"ਭੰਡਾ ਇਹ ਦੱਸ, ਤੈਨੂੰ ਮੇਰੇ ਆਉਣ ਦਾ ਪਤਾ ਕਿਵੇਂ ਲੱਗਾ," ਮੈਂ ਸਰਸਰੀ ਪੁੱਛਿਆ।

"ਸਰਦਾਰਾ! ਤੂੰ ਸਾਡਾ ਖਾਸ ਬੰਦਾ ਏਂ। ਤੇਰੇ ਕੋਲ ਝੂਠ ਨ੍ਹੀਂ ਬੋਲਣਾ। ਪਿੰਡਾਂ 'ਚ ਅਸੀਂ ਬੰਦੇ ਛੱਡੇ ਹੁੰਦੇ ਆ। ਉਹ ਸਾਨੂੰ ਝੱਟ ਦੱਸ ਦਿੰਦੇ ਆ। ਮਿੰਟ ਮਿੰਟ ਦੀ ਖ਼ਬਰ ਮਿਲਦੀ ਰਹਿੰਦੀ ਐ, ਸਾਨੂੰ। ਜਦੋਂ ਸਾਨੂੰ ਤੇਰੇ ਬਾਰੇ ਪਤਾ ਲੱਗਾ, ਚਾਅ ਚੜ੍ਹ ਗਿਆ। ਝੱਟ ਨੱਸੇ ਆਏ, ਰੋਟੀ ਵੀ ਨਾ ਖਾਧੀ।"

"ਜੇ ਕੈਮ ਆ ਤਾਂ, ਰੌਣਕ ਮੇਲਾ ਲਾਓ ਜਰਾ," ਮੇਰੇ ਕਹਿਣ ਦੀ ਦੇਰ ਸੀ, ਲੱਗ ਪਏ ਪਟਾਕੀਆਂ ਮਾਰਨ। ਜਿਥੇ ਪਟਾਕੀ ਵੱਜੇ, ਉਥੇ ਹੱਥ ਰੱਖ ਲਵੇ।

"ਭੰਡਾ ਪਟਾਕੀ ਅਸਲੀ ਐ ਜਾਂ ਨਕਲੀ। ਤੇਰੇ ਸੱਟ ਨ੍ਹੀਂ ਲੱਗਦੀ?"

"ਮਰੀਕਾ ਆਲਿਆ ਕਿਉਂ ਭੰਡਾ ਪਿਛੇ ਪੈ ਗਿਐਂ! ਜੇ ਪਟਾਕੀ ਅਸਲੀ ਹੋਵੇ ਤਾਂ ਰੋਜ਼ ਦਾ ਇਕ ਭੰਡ ਨਾ ਮਰ ਜਾਏ। ਇਹ ਪਲਾਸਟਿਕ ਕੱਠੀ ਕੀਤੀ ਹੁੰਦੀ ਐ। ਖੜਕਾ ਬਹੁਤ ਕਰਦੀ ਐ। ਸਾਡੇ ਸੱਟ ਸੁੱਟ ਕੋਈ ਨ੍ਹੀਂ ਜੇ ਲੱਗਦੀ। ਬੱਸ ਡਰਾਮਾ ਜਿਹਾ ਕਰਦੇ ਹੁੰਨੇ ਆਂ," ਕਹਿੰਦਾ ਉਹ ਹੱਸ ਪਿਆ।

"ਭੰਡੋ ਆਓ! ਤਾ'ਡੀ ਫੋਟੋ ਖਿਚਾਂ," ਕੈਮਰਾ ਸਿਧਾ ਕਰਦੇ ਨੇ ਮੈਂ ਕਿਹਾ।

"ਖਿਚ ਲੈ ਖਿਚ ਲੈ, ਸਾਡੇ ਭੰਡਾਂ ਦੇ ਵੀ ਭਾਗ ਜਾਗ ਪੈਣ। ਅਸੀਂ ਤਾਂ 'ਮਰੀਕਾ ਕੀ ਜਾਣੈ, ਸਾਡੀਆਂ ਫੋਟੋਆਂ ਲੈ ਜਾ। ਕਦੀ ਯਾਦ ਕਰਿਆ ਕਰੇਂਗਾ। ਜਜ਼ਮਾਨਾ, ਜਦੋਂ ਆਪਣੇ ਮੁੰਡਿਆਂ ਦਾ ਵਿਆਹ ਕਰਨ ਆਇਆ ਤਾਂ ਇਸ ਤਰ੍ਹਾਂ ਦਾ ਕੈਮਰਾ ਸਾਡੇ ਲਈ ਵੀ ਲੈ ਆਈਂ। ਭੰਡਾਂ ਦੀਆਂ 'ਸੀਸਾਂ ਲੈਣੀਆਂ ਨਾ ਭੁਲੀਂ। ਜਦੋਂ ਤਾ'ਡੀ ਸਫ਼ਾਰੀ ਗੱਡੀ ਪੁਰਾਣੀ ਹੋ ਜੇ ਨਾ, ਤਾਂ ਕਿਸੇ ਨੂੰ ਦੇਣੀ ਨਾ। ਚਾਰ ਦਿਨ ਅਸੀਂ ਵੀ ਝੂਟੇ ਲੈ ਲਾਂ'ਗੇ।"

ਹੁਣ ਜਦੋਂ ਵੀ ਮੈਂ ਪੰਜਾਬ ਜਾਂਦਾ ਹਾਂ ਤਾਂ ਮੈਨੂੰ ਭੰਡ ਆਲੇ-ਦੁਆਲੇ ਦੇ ਪਿੰਡਾਂ 'ਚ ਵਿਆਹ-ਸ਼ਾਦੀ ਜਾਂ ਹੋਰ ਖੁਸ਼ੀ ਦੇ ਪ੍ਰੋਗਰਾਮ ਵਿਚ ਕਿਤੇ ਨਾ ਕਿਤੇ ਮਿਲ ਹੀ ਜਾਂਦੇ ਹਨ। ਇਕ ਦਿਨ ਮੈਂ ਰਾਜਾ ਸਾਹਿਬ ਸਪੋਰਟਸ ਕਲੱਬ ਦੇ ਪ੍ਰਧਾਨ ਜਸਵੀਰ ਸਿੰਘ ਨੂੰ ਪੱਲੀਆਂ ਮਿਲਣ ਗਿਆ। ਕੁਦਰਤੀਂ ਕਲੱਬ ਦਾ ਕੈਸ਼ੀਅਰ ਪ੍ਰਦੀਪ ਸਿੰਘ ਦੀਪਾ ਵੀ ਪਿੰਡ ਗਿਆ ਹੋਇਆ ਸੀ। ਨਿੱਕਾ ਨਿੱਕਾ ਮੀਂਹ ਪੈ ਰਿਹਾ ਸੀ। ਅਸੀਂ ਜਸਵੀਰ ਦੇ ਘਰ ਮੋਹਰੇ ਵੱਡੇ ਚੌਰਸਤੇ 'ਚ ਖੜ੍ਹੇ ਗੱਲਾਂ ਕਰ ਰਹੇ ਸਾਂ। ਅਚਾਨਕ ਦੋ ਮੋਟਰਸਾਈਕਲਾਂ 'ਤੇ ਧੂੜਾਂ ਪੱਟਦੇ ਭੰਡ ਨਜ਼ਰ ਆਏ।

"ਲੈ ਬਈ ਜਸਵੀਰ, ਭੰਡ ਆ ਗਏ, ਹੁਣ ਲਾਉਨੇ ਆ ਮਜ਼ਮਾ," ਖੁਸ਼ ਹੁੰਦੇ ਨੇ ਮੈਂ ਕਿਹਾ।

ਦੋ ਮੋਟਰਸਾਈਕਲਾਂ 'ਤੇ ਛੇ ਜਣੇ-ਚਾਰ ਬੰਦੇ ਤੇ ਦੋ ਔਰਤਾਂ। ਤੇਜ਼ੀ ਨਾਲ ਆਉਂਦਿਆਂ ਨੂੰ ਮੈਂ ਹੱਥ ਦੇ ਕੇ ਰੋਕ ਲਿਆ।

"ਭੰਡਾ ਕਿਧਰ ਨੂੰ ਜਾ ਰਹੇਂ ਆਂ?" ਉਹਦਾ ਨਾਂ ਤਾਂ ਮੀਤਾ ਸੀ ਪਰ ਮੈਂ ਉਹਨੂੰ ਭੰਡ ਹੀ ਕਹਿੰਦਾ ਸਾਂ।

"ਜਾਣਾ ਅਸੀਂ ਢੱਠੇ ਖੂਹ 'ਚ ਆ? ਸੁਜੋਂ ਸੂਰਾਪੁਰ ਕਿਸੇ ਵਿਆਹ 'ਤੇ ਜਾ ਰਹੇ ਆਂ। ਦੋ ਪੈਸੇ ਬਣ ਜਾਣਗੇ।"

"ਵਿਆਹ 'ਤੇ ਬਾਅਦ 'ਚ ਜਾਇਓ, ਪਹਿਲਾਂ ਦੋ ਮਿੰਟ ਇਥੇ ਲਾਓ।"

ਪਿਛਿਓਂ ਤਿਆਰੀ 'ਚ ਆਏ ਭੰਡਾਂ ਨੇ ਨਾਲ ਦੀਆਂ ਦੋਵੇਂ ਔਰਤਾਂ ਨੂੰ ਇਸ਼ਾਰਾ ਕਰਕੇ ਸੁੱਜੋਂ ਸੂਰਾਪੁਰ ਵੱਲ ਨੂੰ ਤੋਰ ਦਿਤਾ ਤੇ ਲੱਗ ਪਏ ਪਟਾਕੀਆਂ ਮਾਰਨ। ਨਕਲਾਂ ਕਰਦੇ ਰਹੇ ਤੇ ਵੇਲ-ਰੁਪਏ ਦੀ ਵੇਲ, ਅਮਰੀਕਾ ਵਾਲਿਆਂ ਦੀ ਵੇਲ, ਭਾਗ ਲੱਗੇ ਰਹਿਣ, ਕਰਦੇ ਕਰਦੇ ਕਿੰਨੇ ਪੈਸੇ ਬਣਾ ਗਏ। ਖੁਸ਼ ਹੁੰਦੇ ਜੀਂਦੇ-ਵਸਦੇ ਰਹਿਣ ਦੀਆਂ ਦੁਆਵਾਂ ਦਿੰਦੇ ਮੋਟਰ ਸਾਈਕਲਾਂ 'ਤੇ ਚੜ੍ਹਨ ਲੱਗੇ ਜਸਵੀਰ ਨੂੰ ਕਹਿਣ ਲੱਗੇ, "ਜਸਵੀਰ ਸਿੰਹਾਂ ਆਪਣੇ ਭਰਾ ਸਤਵੀਰ ਸਿੰਘ ਨੂੰ ਕਹਿਣਾ ਜਦੋਂ ਕਾਰ ਪੁਰਾਣੀ ਹੋ ਜਾਵੇ ਤਾਂ ਕਿਸੇ ਨੂੰ ਦੇਵੇ ਨਾ, ਸਾਡੇ ਵਾਸਤੇ ਰੱਖ ਲਵੇ।"

"ਭੰਡਾ, ਮੇਰੇ ਕੋਲੋਂ ਸਫਾਰੀ ਮੰਗਦਾ ਸੈਂ, ਹੁਣ ਤੂੰ ਜਸਵੀਰ ਕੋਲੋਂ ਵੀ ਕਾਰ ਮੰਗੀ ਜਾਨੈਂ, ਐਨੀਆਂ ਗੱਡੀਆਂ ਕਿਥੇ ਰੱਖੇਂਗਾ," ਮੈਂ ਯਾਦ ਕਰਾਇਆ।

"ਅਮਰੀਕਾ ਆਲਿਓ, ਤੁਸੀਂ ਵੀ ਸਾਡੇ ਮਰਾਸੀਆਂ ਵਾਂਗ ਗੱਲਾਂ ਦੇ ਗੋਗਲੇ ਬਣਾਈ ਜਾਂਦੇ ਓ, ਤੁਸੀਂ ਕਿਹੜਾ ਸਾਡੇ ਘਰ ਖੜੀਆਂ ਕਰ 'ਤੀਆਂ। ਅਸੀਂ ਪਿਆਰ ਨਾਲ ਮੰਗਦੇ ਆਂ, ਕਿਹੜਾ ਜ਼ਬਰਦਸਤੀ ਮੰਗਦੇ ਆਂ।"

ਮੇਰੇ ਵਾਪਸ ਆਉਣ ਤੋਂ ਇਕ ਦਿਨ ਪਹਿਲਾਂ 'ਪੰਜਾਬ ਟਾਈਮਜ਼' ਦੇ ਕਾਮਲਨਵੀਸ ਐਸ. ਅਸ਼ੋਕ ਭੌਰਾ ਨੇ ਪਿੰਡ ਛੋਟਾ ਜਿਹਾ ਫੰਕਸ਼ਨ ਰੱਖਿਆ ਹੋਇਆ ਸੀ। ਮੈਂ ਉਥੇ ਗਿਆ ਤਾਂ ਭੰਡ ਵੀ ਉਥੇ ਪਹੁੰਚੇ ਹੋਏ ਸਨ।

"ਭੰਡਾ ਤੁਸੀਂ ਹਰ ਪਾਸੇ ਮੋਹਰੇ ਰਹਿੰਨੇਂ ਆਂ, ਕੀ ਗੱਲ?" ਹੱਸਦੇ ਨੇ ਮੈਂ ਕਿਹਾ।

"ਸਰਦਾਰਾ ਇਹ ਸਾਰਾ ਸਾਡਾ ਇਲਾਕਾ

(ਬਾਕੀ ਸਫਾ 30 'ਤੇ)



ਲੇਖਕ ਭੰਡਾਂ ਦੀਆਂ ਨਕਲਾਂ ਦਾ ਰੰਗ ਮਾਣਦਿਆਂ

## ਕਹਾਣੀ

# ਸਿੱਲ੍ਹ

***ਸਾਡੇ ਸਮਾਜ ਵਿਚ ਬੇਸ਼ੱਕ ਅੱਜ ਔਰਤ ਤੇ ਮਰਦ ਦੀ ਬਰਾਬਰੀ ਦੀ ਗੱਲ ਬਹੁਤ ਉਚੀ ਆਵਾਜ਼ ਵਿਚ ਕੀਤੀ ਜਾਂਦੀ ਹੈ ਪ੍ਰੰਤੂ ਸੱਚ ਇਹ ਹੈ ਕਿ ਅੱਜ ਵੀ ਇਹ ਬਰਾਬਰੀ ਸਹੀ ਅਰਥਾਂ ਵਿਚ ਮੌਜੂਦ ਨਹੀਂ ਹੈ। ਔਰਤ ਨੂੰ ਮਰਦ ਜਾਤ ਦੇ ਜ਼ੁਲਮਾਂ ਦਾ ਅੱਜ ਵੀ ਸਾਹਮਣਾ ਕਰਨਾ ਪੈਂਦਾ ਹੈ। ਅਮੀਰ ਘਰਾਣੇ ਵਿਚੋਂ ਹੋਵੇ ਤੇ ਭਾਵੇਂ ਗਰੀਬ ਘਰਾਣੇ ਵਿਚੋਂ, ਔਰਤਾਂ ਦੇ ਦੁੱਖਾਂ ਦੀ ਇਹ ਪੀੜ ਸਾਂਝੀ ਹੈ। ਇਸੇ ਪੀੜ ਦੀ ਵਾਰਤਾ ਚੰਦਨ ਨੇਗੀ ਨੇ ਆਪਣੀ ਇਸ ਕਹਾਣੀ ਵਿਚ ਬਿਆਨ ਕੀਤੀ ਹੈ। -ਸੰਪਾਦਕ***

**ਚੰਦਨ ਨੇਗੀ**

ਕਈ ਦਿਨਾਂ ਦੀ ਝੜੀ ਲੱਗੀ ਹੋਈ ਹੈ। ਕਦੀ ਕਿਣ-ਮਿਣ, ਕਿਣ-ਮਿਣ। ਕਦੀ ਰੁਣ-ਝੁਣ-ਰੁਣ-ਝੁਣ। ਕਦੀ ਸ਼ਰ-ਸ਼ਰ ਕਰਦੇ ਪਾਣੀ ਦਾ ਸ਼ੋਰ ਸ਼ਰਾਬਾ ਤੇ ਕਦੀ ਕਣੀਆਂ ਦੇ ਸੁਰ ਤੇ ਲੈਅ ਦਾ ਮਧੁਰ ਸੰਗੀਤ। ਬੱਦਲਾਂ ਦੀ ਗਰਜ, ਬਿਜਲੀ ਦੀ ਗਰਜ ਸੁਣ ਰੂਹ ਵੀ ਕੰਬ ਜਾਂਦੀ ਹੈ। ਸੁਰਮਈ ਕਾਲੇ ਬੱਦਲਾਂ ਦੀ ਚਾਦਰ ਨਾ ਘਸਦੀ ਹੈ, ਨਾ ਫਟਦੀ ਹੈ। ਸੂਰਜ ਦੀ ਕੋਈ ਕਿਰਨ ਵੀ ਧਰਤੀ ਦਾ ਕੋਈ ਕਣ ਨਹੀਂ ਚੁੰਮ ਸਕਦੀ। ਘਰ ਅੰਦਰ ਕਮਰੇ ਵਿਚ ਬੰਦ ਬੈਠੇ ਅਕੇਵਾਂ ਹੋ ਗਿਆ ਹੈ ਬੋਰੀਅਤ। ਟੀ. ਵੀ. ਵੇਖ ਵੇਖ ਅੱਖਾਂ ਥੱਕ ਗਈਆਂ ਹਨ। ਕਣੀਆਂ ਦਾ ਸੰਗੀਤ ਵੀ ਹੁਣ ਨਹੀਂ ਭਾਉਂਦਾ। ਬਿਜਲੀ ਦੀਆਂ ਤਾਰਾਂ ਨਾਲ ਲਟਕੀਆਂ ਸੁੱਚੇ-ਸੁੱਚੇ ਮੋਤੀਆਂ, ਕਰਿਸਟਲ ਦੀਆਂ ਬੂੰਦਾਂ ਦੀਆਂ ਲੜੀਆਂ ਵੀ ਨਹੀਂ ਸੁਖਾਉਂਦੀਆਂ। ਪਰਿੰਦੇ ਵੀ ਆਪੋ ਆਪਣੇ ਆਹਲਣਿਆਂ ਵਿਚ ਭੁਖੇ ਭਾਣੇ, ਭਿੱਜੇ-ਭਿੱਜੇ, ਸੁਸਤ-ਸੁਸਤ ਦੁਬਕ ਕੇ ਬੈਠੇ ਹਨ। ਪੰਛੀਆਂ ਦੇ ਸ਼ੁਭ ਪਰਭਾਤ ਦੇ ਸੰਗੀਤ ਦੀ ਧੁਨ ਵੀ ਮਧਮ-ਮਧਮ ਹੈ। ਨਾ ਡਾਰਾਂ ਰਿਜ਼ਕ ਦੀ ਭਾਲ ਵਿਚ ਉਡਦੀਆਂ ਹਨ ਨਾ ਸ਼ਾਮੀਂ ਸ਼ੋਰ ਮਚਾਂਦੇ ਰੱਜੇ-ਪੁਜੇ ਆਪੋ ਆਪਣੇ ਟਿਕਾਣੇ ਪਹੁੰਚਦੇ ਹਨ। ਮੈਂ ਵੀ ਘਰ ਅੰਦਰ ਕੈਦ ਜਿਹੀ ਛਿੱਥੀ ਪੈਂਦੀ ਹਾਂ। ਨਾ ਕਿਧਰੇ ਆਣਾ ਨਾ ਜਾਣਾ। ਘੜੀ ਮੁੜੀ ਬਾਲਕੋਨੀ ਵਿਚੋਂ ਬਾਗ ਵਾਲੇ ਪਾਸੇ ਝਾਤੀ ਮਾਰਦੀ ਹਾਂ।

ਮੇਰੇ ਘਰ ਦੀ ਬਾਲਕੋਨੀ ਦੇ ਸਾਹਮਣੇ ਹੀ ਬੜਾ ਵੱਡਾ ਖੁੱਲ੍ਹਾ ਬਾਗ ਹੈ। ਚਾਰੋ ਕੋਨਿਆਂ ਉਤੇ ਲੱਗੀ ਰਾਤ ਰਾਣੀ ਦੇ ਚਿੱਟੇ ਫੁੱਲਾਂ ਨਾਲ ਰਾਤ ਮਹਿਕ ਜਾਂਦੀ ਹੈ। ਹਾਰ ਸ਼ਿੰਗਾਰ ਦੇ ਫੁੱਲਾਂ ਨੂੰ ਵੇਖ ਉਦਾਸੀ ਇਕਲਾਪਾ ਕਫੂਰ ਹੋ ਜਾਂਦਾ ਹੈ। ਬਾਗ ਦੇ ਚੁਤਰਫੇ ਅਮਲਤਾਸ ਦੇ ਫੁੱਲਾਂ ਦੀਆਂ ਕਤਾਰਾਂ ਹਨ। ਪੀਲੇ-ਕੇਸਰੀ ਫੁੱਲਾਂ ਦੇ ਗੁੱਛਿਆਂ ਨਾਲ ਬੇਬਹਾਰੀ ਬਸੰਤ ਖਿੜ ਜਾਂਦੀ ਹੈ। ਬਾਗ ਵਿਚ ਬੱਚਿਆਂ ਲਈ ਪੀਂਘਾਂ, ਮੈਰੀ ਗੋ ਰਾਊਂਡ, ਫਿਸਲਣ ਝੂਲਾ, ਰਿਡਲਜ਼ ਤੇ ਹੋਰ ਕਈ ਕਿਸਮ ਦੀਆਂ ਖੇਡਾਂ ਲੱਗੀਆਂ ਹਨ। ਸ਼ਾਮ ਨੂੰ ਇਹ ਬਾਗ ਭੋਲੇ-ਭਾਲੇ, ਗੁਟਕਦੇ, ਹੱਸਦੇ, ਦੌੜਦੇ, ਰੰਗਾਂ-ਰੰਗਾਂ ਦੇ ਕੱਪੜਿਆਂ ਨਾਲ ਸਜੇ-ਸਜਾਏ ਬੱਚਿਆਂ ਨਲ ਭਰ ਜਾਂਦਾ ਹੈ। ਮੈਂ ਇਨ੍ਹਾਂ ਫੁੱਲਾਂ ਨੂੰ ਵੇਖਦੀ ਆਪੇ ਹੀ ਮੁਸਕਰਾਉਂਦੀ ਰਹਿੰਦੀ ਹਾਂ।

ਪਹੁ ਫੁਟਦੇ ਹੀ ਲੋਕ ਸਾਵੇ ਕਚੂਰ ਘਾਹ ਉਤੇ ਡਲਕਦੇ ਅਣਵਿਧ ਸੁੱਚੇ ਮੋਤੀਆਂ ਨੂੰ ਪੈਰਾਂ ਹੇਠ ਮਧੋਲਦੇ ਹਨ। ਬਜ਼ੁਰਗ ਬੈਂਚਾਂ ਉਤੇ ਬੈਠੇ ਵੇਲੇ ਦੀ ਸਰਕਾਰ, ਮਹਿੰਗਾਈ, ਭ੍ਰਿਸ਼ਟਾਚਾਰ, ਰਿਸ਼ਵਤ ਮੋਈ ਹੋਈ ਅੱਜ ਦੀ ਇਨਸਾਨੀਅਤ, ਲੋਕਾਂ ਦੇ ਚਿੱਟੇ ਲਹੂ ਨੂੰ ਕੋਸਦੇ ਹਨ। ਸੂਰਜ ਦੇਵਤਾ ਦੇ ਸੁਨਹਿਰੀ ਤਖ਼ਤ ਉਤੇ ਸੁਸ਼ੋਭਿਤ ਹੁੰਦੇ ਹੀ ਗੂੜ੍ਹੇ ਗੂੜ੍ਹੇ ਲਾਲ, ਕਾਲੇ, ਸੰਧੂਰੀ, ਨੀਲੇ, ਪੀਲੇ ਰੰਗਾਂ ਦੀਆਂ ਸਾੜੀਆਂ, ਰੰਗ-ਬ-ਰੰਗੇ ਕਲਿਪ, ਜੂੜਿਆਂ ਉਤੇ ਫੁੱਲਾਂ ਦੀਆਂ ਵੇਣੀਆਂ ਸਜਾਈ ਕੁਝ ਔਰਤਾਂ ਬੈਂਚਾਂ ਉਤੇ ਆ ਬੈਠਦੀਆਂ ਹਨ। ਬਾਗ ਦੇ ਦੂਜੇ ਕੋਨੇ ਵਿਚ ਯੋਗਾ ਕਰਦੇ ਸਾਧਕਾਂ ਨੂੰ ਵੇਖ ਨਕਲਾਂ ਲਗਾਂਦੀਆਂ ਖਿੜ-ਖਿੜ ਹੱਸਦੀਆਂ ਹਨ। ਹੌਲੀ-ਹੌਲੀ ਇਨ੍ਹਾਂ ਦੀ ਗਿਣਤੀ ਵਧਦੀ ਜਾਂਦੀ ਹੈ। ਇਹ ਕਲੋਨੀ ਦੇ ਘਰਾਂ ਵਿਚ ਕੰਮ ਕਰਦੀਆਂ ਮਾਈਆਂ ਹਨ। ਦੂਰੋਂ-ਦੂਰੋਂ ਆ ਕੇ ਇਥੇ ਆਰਾਮ ਕਰਦੀਆਂ ਇਕੱਠੀਆਂ ਹੁੰਦੀਆਂ ਹਨ। ਇਕ ਦੂਜੇ ਦਾ ਹਾਲ-ਚਾਲ ਪੁੱਛ, ਨਵੀਂ-ਤਾਜ਼ੀ ਖ਼ਬਰ ਸਾਂਝੀ ਕਰ ਕੇ ਆਪੋ ਆਪਣੇ ਕੰਮ ਵਾਲੇ ਘਰ ਟੁੱਰ ਜਾਂਦੀਆਂ ਹਨ।

ਮੈਂ ਬਾਲਕੋਨੀ ਵਿਚੋਂ ਬਾਗ ਵੱਲ ਝਾਤੀ ਮਾਰੀ। ਅੱਜ ਤਾਂ ਬਾਗ ਝੀਲ ਬਣਿਆ ਹੈ ਤੇ ਅਕਾਸ਼ ਦੀ ਸਾਂਵਲੀ ਟੁਕੜੀ ਝੀਲ ਵਿਚ ਤਰ ਰਹੀ ਹੈ। ਬੱਦਲ ਧਰਤੀ ਉਤੇ ਵੀ ਝੀਲ ਵਿਚ ਰੇਸ ਲਾਈ ਦੌੜ ਰਹੇ ਹਨ। ਪੀਂਘਾਂ ਦੇ ਤਖ਼ਤੇ ਪੁੱਠੇ ਲਟਕੇ ਹੋਏ ਹਨ। ਮੈਰੀ-ਗੋ-ਰਾਊਂਡ ਭਿਜਿਆ ਭਿਜਿਆ ਚੁੱਪ ਚਾਪ ਖਲੋਤਾ ਹੈ। ਬੱਚਿਆਂ ਦੀਆਂ ਸ਼ਰਾਰਤਾਂ ਨਾਲ ਉਹ ਵੀ ਤਾਂ ਚੀਕਾਂ ਮਾਰ ਮਾਰ ਹੱਸਦਾ ਸੀ। ਮੈਂ ਪਰੇਸ਼ਾਨ ਹੋ ਜਾਂਦੀ ਹਾਂ। ਅੱਜ ਕਲ੍ਹ ਉਹ ਵਿਚਾਰੀਆਂ ਸਾਰੀਆਂ ਕਿੱਥੇ ਬੈਠਦੀਆਂ ਹੋਣਗੀਆਂ? ਨਾ ਸਵੇਰੇ ਉਨ੍ਹਾਂ ਦੇ ਹਾਸੇ ਦੀ ਟੁਣਕਾਰ ਸੁਣੀਂਦੀ ਹੈ ਨਾ ਸ਼ਾਮ ਨੂੰ ਹੱਸਦੇ, ਗੁਟਕਦੇ, ਦੌੜਦੇ, ਨਸਦੇ, ਖੇਡਦੇ ਫੁੱਲ ਖਿੜਦੇ ਹਨ।

ਦੁਪਹਿਰ ਨੂੰ ਵੀ ਬਾਗ ਵਿਚ ਮੇਲਾ ਲੱਗਿਆ ਹੁੰਦਾ ਹੈ। ਘਰਾਂ ਦੇ ਕੰਮ ਮੁਕਾ, ਜੂਠ ਮਾਂਜ, ਮੈਲਾ ਧੋ, ਗੰਦੇ ਫਰਸ਼ ਲਿਸ਼ਕਾ ਇਹ ਸਾਰੀਆਂ ਮਾਈਆਂ ਟੋਲੀਆਂ ਬਣਾ ਕੇ ਆ ਬੈਠਦੀਆਂ ਹਨ। ? ਲੋਕਾਂ ਦੇ ਘਰਾਂ ਤੋਂ ਮਿਲੀਆਂ ਬਚੀਆਂ-ਖੁਚੀਆਂ ਸਬਜ਼ੀਆਂ, ਬੇਹੀਆਂ-ਸਜਰੀਆਂ ਰੋਟੀਆਂ ਤੇ ਆਪੋ ਆਪਣੇ ਘਰੋਂ ਲਿਆਂਦੀ ਪੋਟਲੀ ਖੋਲ੍ਹ ਇਕੱਠੀਆਂ ਹੀ ਖਾਂਦੀਆਂ ਤੇ ਬੀਬੀਆਂ ਦੀ ਬਣਾਈ ਦਾਲ ਸਬਜ਼ੀ ਦੀ ਨਿੰਦਿਆ, ਤਾਰੀਫ ਕਰਦੀਆਂ।

ਪੇਟ ਪੂਜਾ ਕਰਕੇ ਕੋਈ ਘਾਹ ਉਤੇ ਹੀ ਲੇਟ ਜਾਂਦੀ ਹੈ। ਕੋਈ ਲੱਤਾਂ ਪਸਾਰੀ ਬੈਂਚ ਉਤੇ ਅੱਧਲੇਟੀ ਜਿਹੀ ਬੈਠ ਜਾਂਦੀ ਹੈ ਤੇ ਫਿਰ ਸ਼ੁਰੂ ਹੁੰਦੀ ਹੈ ਆਪੋ-ਆਪਣੇ ਕੰਮ ਕਰਨ ਵਾਲੇ ਘਰਾਂ ਦੇ ਜੀਆਂ ਦੀ ਦਾਸਤਾਨ। ਕਿਥੋਂ ਚਾਹ ਮਿਲੀ-ਕਿਥੋਂ ਰੋਟੀ? ਕਿਹੜੀ ਬੀਬੀ ਚੰਗੀ ਹੈ, ਕਿਹੜੀ ਚੁਖ-ਚੁਖ ਕਰਦੀ ਹੈ? ਕਿਹੜੀ ਬੀਬੀ ਟੋਕਦੀ ਹੈ, ਕਿਹੜੀ ਮਾਈਆਂ ਬਦਲਦੀ ਰਹਿੰਦੀ ਹੈ? ਕਿਸ ਦੇ ਘਰ ਭਾਂਡਿਆਂ ਦਾ ਢੇਰ ਹੁੰਦਾ ਹੈ, ਕਿਸ ਦੇ ਘਰ ਕਪੜਿਆਂ ਦਾ? ਕਿਸ ਸਾਹਿਬ ਦੇ ਕੱਪੜਿਆਂ ਵਿਚੋਂ ਸੈਂਟ ਤੇ ਬਨ ਦੀ ਮਿੱਠੀ ਮਿੱਠੀ ਖੁਸ਼ਬੂ ਆਉਂਦੀ ਹੈ? ਕਿਸ ਦੇ ਪਸੀਨੇ ਦੀ ਬੋਅ ਨਾਲ ਨੱਕ ਸੜ ਜਾਂਦਾ ਹੈ। ਚਟਖਾਰੇ ਲੈਂਦੀਆਂ, ਮਸਤੀਆਂ ਕਰਦੀਆਂ, ਵਿੰਗੇ-ਟੇਢੇ ਮੂੰਹ ਬਣਾ ਉਹ ਆਪੋ ਆਪਣੀ ਬੀਬੀ ਦੀਆਂ ਨਕਲਾਂ ਉਤਾਰਦੀਆਂ, ਐਕਟਿੰਗ ਕਰਦੀਆਂ ਇਕ ਦੂਜੀ ਨੂੰ ਆਪੋ-ਆਪਣੇ ਘਰਾਂ ਦੀਆਂ ਗੱਲਾਂ, ਲੜਾਈ-ਝਗੜੇ, ਰਹਿਣ-ਸਹਿਣ, ਖਾਣਾ-ਪੀਣਾ ਹੋਰਾਂ ਨੂੰ ਨਸ਼ਰ ਕਰਦੀਆਂ, ਮੈਂ ਕਈ ਵਾਰੀ ਸੁਣਦੀ ਸਾਂ।

"ਕਾਲੀ ਸਿਆਹ ਮੂੰਨੀ ਬਾਈ ਪੁੱਠੇ ਤਵੇ ਵਰਗੇ ਕਾਲੇ ਹੱਥ ਦਾ ਅੰਗੂਠਾ ਤੇ ਅਨਾਮਿਕਾ ਜੋੜ ਕੇ ਕਹਿ ਰਹੀ ਸੀ, "ਅਰੀ, ਮੇਰੀ ਬੀਬੀ ਕੀ ਸ਼ਾਨ ਦੇਖੀ ਹੈ ਕਭੀ? ਮਰਦੋਂ ਜੈਸੇ ਚਲਤੀ ਹੈ, ਬਾਲ ਭੀ ਮਰਦੋਂ ਜੈਸੇ ਕਟਵਾਏਂ ਹੈ, ਪੈਂਟ-ਕੋਟ ਪਹਿਨਤੀ ਹੈ-ਕਿਆ ਮਟਕਤੀ ਹੈ...ਫੈਸ਼ਨ ਦੇਖੋ ਉਸ ਕੇ...ਲੇਕਿਨ ਘਰ ਮੇਂ ਫਟੀ ਕੌੜੀ ਬੀ ਇੱਜ਼ਤ ਨਹੀਂ ਹੈ...ਮੇਰੇ ਸਾਹਮਨੇ ਹੀ ਸਾਹਿਬ ਡਾਂਟ ਫਟਕਾਰ ਦੇਤਾ ਹੈ...ਥਪੜ ਬੀ ਜੜ ਦੇਵੇ...। "

"ਅਰੇ, ਆਦਮੀ ਲੋਗਨ ਕਾ ਕਿਆ...। ਸਭ ਹੋਵੇਂ ਹੀ ਏਕ ਹੀ ਚੱਟੂ ਕੇ ਬਟੇ...ਸਾਹਬ ਲੋਗਨ ਹੋਵੇ ਯਾ ਹਮ ਲੋਗਨ ਕਾ...। ਸਭ ਏਕ ਰੱਸੀ ਸੇ ਬੰਧਨੇ ਵਾਲੇ। ਮੇਰੀ ਬੀਬੀ ਪੇ ਤੋ ਸਾਹਬ ਹਰ ਬਾਤ ਪੇ ਸ਼ਕ ਕਰਤਾ ਹੈ...। ਚੰਦਰਾ ਕੇ ਆਦਮੀ ਜੈਸੇ...। ਵੋ ਮੇਰਾ ਦੋਸਤ ਤੇਰੇ ਸੇ ਬਾਤ ਕਰਦਾ ਹੈ...? ਤੂੰ ਫਲਾਨੇ ਕੇ ਸਾਥ ਹੱਸ ਕਰ ਕਿਉਂ ਬਾਤ ਕਰਤੀ ਹੈ? ਬਾਲੋਕਨੀ ਮੇਂ ਸੇ ਬਾਹਰ ਕਿਉਂ ਦੇਖਤੀ ਹੈ? ਬੇਚਾਰੀ, ਕਈ ਬਾਰ ਤੋ ਰੋ ਹੀ ਪੜਤੀ ਹੈ। " ਲਾਲ ਸਾੜ੍ਹੀ ਵਾਲੀ ਨੇ ਪਲ੍ਹੂ ਦਾ ਬਿੰਨਾ ਬਣਾ, ਸਿਰ ਹੇਠ ਰਖਦੇ ਕਿਹਾ, "ਉਸ ਸੇ ਤੋ ਹਮ ਹੀ ਅੱਛੇ ਹੈਂ...ਬਾਬਾ। "

"ਖ਼ਾਕ! ਕਿਆ ਅੱਛੇ ਹੈਂ ਹਮ ਲੋਗ? ਦੇਖਾ, ਆਜ ਰੰਭਾ ਨਹੀਂ ਆਈ। ਮੈਂਨੇ ਉਸ ਕਾ ਕਾਮ ਸੰਭਾਲਾ ਹੈ। ਉਸ ਕੇ ਮਰਦ ਹਰਾਮੀ ਨੇ ਬਿਚਾਰੀ ਕੋ ਸੋਟੀਓਂ ਸੇ ਮਾਰਾ। ਮੁਆ! ਆਪਨੀ ਤਨਖਾਹ ਤੋ ਸ਼ਰਾਬ ਮੇਂ ਉੜਾ ਦੇਤਾ ਹੈ...ਕਹਾਂ ਸੇ ਖਿਲਾਏ ਇਤਨੇ ਟੱਬਰ ਕੋ...ਪਾਂਚ ਲੜਕੀਆਂ ਹੈ ਦੋ ਛੋਟੇ ਲੜਕੇ...। ਬੱਚੇ ਪੈਦਾ ਕਰਤੇ ਤੋ ਸੋਚਤੇ ਨਹੀਂ। ਕਹਿਤਾ ਹੈ ਤੂੰ ਘਰੋਂ ਮੇਂ ਕਾਮ ਕਰਨੇ ਨਹੀਂ ਜਾਤੀ ਸਾਹਬ ਲੋਗਨ ਸੰਗ ਸੋਨੇ ਜਾਤੀ ਹੈ। ਕਲਮੂੰਹੀ ਸੁਬਹ ਨਿਕਲਤੀ ਹੈ...ਸ਼ਾਮ ਕੋ ਮੂੰਹ ਕਾਲਾ ਕਰ ਲੌਟ ਆਤੀ ਹੈ...ਮੈਂ ਬੁਲਾਤਾ ਹੂੰ ਸਾਂਪ ਸੂੰਘ ਜਾਤਾ ਹੈ...ਸੌ ਬਹਾਨੇ ਬਨਾਤੀ ਹੈ...ਆਜ ਤੋ ਬਿਚਾਰੀ ਸੇ ਹਿਲਾ ਭੀ ਨਹੀਂ ਜਾਤਾ। "

ਪ੍ਰਤਿਭਾ ਨੇ ਇਕ ਠੰਡਾ ਹੌਕਾ ਭਰਿਆ, "ਮੈਂ ਭੀ ਸੋਚਤ ਹੂੰ, ਮੇਰੇ ਮੇਂ ਔਰ ਮੇਰੀ ਮੈਡਮ ਮੇਂ ਸਿਰਫ ਏਕ ਹੀ ਅੰਤਰ ਹੈ, ਮੈਂ ਝੁਗੀ ਮੇਂ ਰਹਿੰਤੀ ਹੂੰ ਔਰ ਵੋਹ ਬੜੇ ਘਰ ਮੇਂ। ਮੇਰੇ ਮਰਦ ਜੈਸੇ ਸਾਹਬ ਕਾ ਭੀ ਕਿਸੀ ਕਾਮ ਮੇਂ ਮਨ ਨਹੀਂ ਟਿਕਤਾ। ਮੇਰੇ ਮਰਦ ਮਾਫ਼ਕ ਸਾਰਾ ਦਿਨ ਘਰ ਬੈਠਾ ਟੀ. ਵੀ. ਦੇਖਤਾ ਹੈ। ਛੋਟੀ ਛੋਟੀ ਬਾਤ ਪੇ ਇਤਨਾ ਜ਼ੋਰ ਸੇ ਚਿੱਲਾਤਾ ਹੈ, ਦੀਵਾਰੋਂ ਕੇ ਭੀ ਕਾਨ ਫਟਨੇ ਲਗਤੇ ਹੈਂ। ਕਿਆ ਜ਼ਿੰਦਗੀ ਹੈ ਹਮ ਔਰਤੋਂ ਕੀ। ਬਚੋਂ ਕੀ ਖਾਤਰ ਸਭ ਸਹਿਤੀ ਰਹਿਤੀ ਹੈਂ।

ਮੈਂ ਵੇਖਿਆ, ਕੁਝ ਦਿਨਾਂ ਤੋਂ ਕੋਨੇ ਵਾਲੀ ਕੋਠੀ ਦੀ ਚੰਨੀ ਬੀਬੀ ਵੀ ਮਾਈਆਂ ਦੇ ਝੁੰਡ ਕੋਲ ਕੁਰਸੀ ਡਾਹ ਕੇ ਧੁੱਪ ਸੇਕਣ ਆ ਬੈਠਦੀ ਹੈ। ਘਰ ਉਸ ਦਾ ਦਿਲ ਹੁਸੜਦਾ ਹੈ, ਦੋਹੇ ਬੱਚੇ ਸਕੂਲ ਚਲੇ ਜਾਂਦੇ ਹਨ ਤੇ ਉਹ ਇਕੱਲੀ ਬੈਠੀ ਤੰਗ ਪੈ ਜਾਂਦੀ ਹੈ। ਜਿਸ ਦਿਨ ਦੀ ਉਸ ਦੇ ਆਦਮੀ ਦੀ ਮੌਤ ਹੋਈ ਹੈ, ਨਾ ਪਾਠ ਪੂਜਾ ਵਿਚ ਦਿਲ ਲਗਦਾ ਹੈ ਨਾ ਘਰ ਦਾ ਕੰਮ ਜ਼ਿਆਦਾ ਹੈ। ਸ਼ਰਾਬ ਨਾਲ ਗੁਟ ਉਹ ਵੀ ਇਥੇ ਬਾਗ ਵਿਚ ਬੈਂਚ ਉਤੇ ਲੇਟਿਆ ਰਹਿੰਦਾ ਸੀ। ਦੋਹੇਂ ਫੇਫੜੇ ਨਕਾਰੇ ਹੋ ਗਏ, ਹੱਥ ਕੰਬਦੇ, ਲੱਤਾਂ ਕੰਬਦੀਆਂ, ਖੰਘਦਾ ਖੰਘਦਾ ਬੇਹਾਲ ਹੋ ਜਾਂਦਾ ਸੀ, ਆਪੇ ਹੀ ਮੌਤ ਨੂੰ ਗਲਵਕੜੀ ਪਾ ਜਾਏ ਸੁੱਤਾ ਜੀਰਾਣ। ਚੰਨੀ ਨੂੰ ਘਰ ਖਾਣ ਨੂੰ ਪੈਂਦਾ ਹੈ...ਇਕੱਲੇ ਬੈਠੇ ਡਰ ਲਗਦਾ ਹੈ।

ਹੁਣ ਚੰਨੀ ਸਾਰਾ ਦਿਨ ਸਵੈਟਰ ਉਣਦੀ ਰਹਿੰਦੀ ਹੈ। ਠੰਡੇ ਸਾਹ ਭਰਦੀ ਰਹਿੰਦੀ ਹੈ, "ਝੁਗਾ ਵੀ ਉਜੜਿਆ ਆਪ ਵੀ ਨਾ ਬਚਿਆ। ਮੈਂ ਕਿਉਂ ਘਰ ਵੇਚਾਂ...। ਮੇਰੇ ਬੱਚੇ ਵੱਡੇ ਹੋਣਗੇ...ਕੁਝ ਦੇਰ ਦੀ ਮੁਸ਼ਕਲ ਏ ਨਾ...। ਮੁਸ਼ਕਤ ਵਿਚ ਕਾਹਦਾ ਉਲਾਂਭਾ...ਕਾਹਦੀ ਸ਼ਰਮ...।

ਪਹਿਲਾਂ ਤਾਂ ਮਾਈਆਂ ਦੀ ਇਹ ਚੌਕੜੀ ਚੰਨੀ ਤੋਂ ਝਿਜਕੀ, ਚੁੱਪ-ਚੁਪ ਰਹੀ। ਨਾ ਹਾਸਾ-ਨਾ ਠੱਠਾ, ਨਾ ਨਕਲਾਂ-ਨਾ ਐਕਟਿੰਗ, ਨਾ ਖੁਲ-ਨਾ ਡੁਲ, ਨਾ ਬੀਬੀਆਂ ਦੀ ਚੁਗਲੀ ਨਾ ਨਿੰਦਾ। ਚੰਨੀ ਕੁਰਸੀ ਚੁਕੀ ਆਪਣੇ ਗੇਟ ਤੋਂ ਨਿਕਲਦੀ ਇਨ੍ਹਾਂ ਦੇ ਮੂੰਹ ਮੱਥੇ ਸੁੰਗੜ ਜਾਂਦੇ। ਹੌਲੀ ਹੌਲੀ ਚੰਨੀ ਨਾਲ ਹਿਲ-




ਮਿਲ ਗਈਆਂ। ਹੁਣ ਕੋਈ ਉਨ ਦਾ ਗੋਲ ਬਣਾ ਦਿੰਦੀ, ਕੋਈ ਬਟਣ ਲਾ ਦਿੰਦੀ। ਗਾਹਕ ਵੀ ਜਲਦੀ ਭੁਗਤ ਜਾਂਦੇ ਤੇ ਚੰਨੀ ਦੀ ਜੀਵਨ ਗਤੀ ਵੀ ਥੋੜੀ ਤੇਜ਼ ਰੀਂਗਣ ਲੱਗ ਪਈ। "ਅੰਦਰ ਤਾਂ ਬਹੁਤ ਹਨੇਰਾ ਏ ਇਥੇ ਬਾਗ ਵਿਚ ਕਿਤਨਾ ਚਾਨਣ ਤੇ ਰੌਣਕ ਏ, ਤੁਸੀਂ ਇਕੱਠੀਆਂ ਹਸਦੀਆਂ ਮੈਨੂੰ ਬੜੀਆਂ ਚੰਗੀਂ ਲੱਗਦੀਆਂ ਹੋ। ਹੁਣ ਤਾਂ ਇਕੱਠੇ ਬੈਠ, ਦੁਖ-ਸੁਖ ਵੰਡਾਣ, ਧੁੱਪ ਸੇਕਣ ਦਾ ਕਿਸੀ ਕੋਲ ਵਕਤ ਹੀ ਨਹੀਂ। ਆਂਡ-ਗੁਆਂਢ ਦੀ ਜਾਣ-ਪਛਾਣ ਹੀ ਨਹੀਂ। ਸੱਤੀ ਸਵੇਰੇ ਦਫ਼ਤਰਾਂ ਨੂੰ ਟੁਰ ਪੈਂਦੀਆਂ ਨੇ, ਹਨੇਰਾ ਪਏ ਘਰ ਆ ਵੜਦੀਆਂ ਨੇ। ਫਿਰ ਸਾਂਭਣਾ ਹੁੰਦਾ ਹੈ ਚੁੱਲਾ-ਚੌਂਕਾ"

ਮੇਰੀ ਮਾਈ ਚੰਦਰਾ ਉਸ ਦਿਨ ਨਹੀਂ ਸੀ ਆਈ। ਮੈਂ ਬਾਲਕੋਨੀ ਵਿਚੋਂ ਵੇਖਿਆ ਚੰਦਰਾ ਸਾਰੀਆਂ ਵਿਚ ਘਿਰੀ ਹੋਈ ਘਾਹ ਦੀਆਂ ਤਿੜਾਂ ਤੋੜਦੀ ਹੈ, ਮਧੋਲਦੀ ਹੈ, ਪਰ੍ਹਾਂ ਵਗਾਹ ਕੇ ਸੁਟ ਦੇਂਦੀ ਹੈ। ਅੱਖਾਂ ਰੋ-ਰੋ ਕੇ ਸੁਜੀਆਂ ਹਨ, ਚਿਹਰਾ ਝਰੀਟਿਆ ਹੈ, ਵਾਲਾਂ ਦੀਆ ਲਿਟਾਂ ਪੁਟੀਆਂ ਹੋਈਆਂ ਹਨ। ਅੱਜ ਨਾ ਉਹ ਹੱਸ ਰਹੀ ਹੈ, ਨਾ ਗਾ ਰਹੀ ਹੈ। ਸਾਥਣਾਂ ਲੱਤਾਂ ਤੋਂ ਧੋਤੀ ਗੋਡਿਆਂ ਤੀਕ ਚੁਕ ਕੇ ਲਾਲ ਨੀਲੇ ਨਿਸ਼ਾਨ ਵੇਖ ਤਲੀਆਂ ਮਲਦੀਆਂ ਹਨ। ਚੰਦਰਾ, ਥੋੜਾ ਹਿਲਦੇ ਵੀ ਕਰਾਹੁੰਦੀ ਹੈ। ਚੰਦਰਾ ਤਾਂ ਇਸ ਟੋਲੀ ਦੀ ਰੂਹ ਹੈ, ਜਾਨ ਹੈ। ਦੁਪਹਿਰੇ ਵਿਹਲੀਆਂ ਹੋ ਕੇ ਨੱਚਦੀਆਂ-ਗਾਉਂਦੀਆਂ ਹਨ। ਚੰਦਰਾ ਭੋਜਪੁਰੀ ਗੀਤ ਗਾਉਂਦੀ ਨੱਚਦੀ ਤਾਂ ਪੰਛੀਆਂ ਦੇ ਵੀ ਕੰਨ ਖਲੋ ਜਾਂਦੇ, ਪੈਰਾਂ ਦੀ ਥਾਪ ਨਾਲ ਧਰਤੀ ਕੰਬਣ ਲੱਗਦੀ।

ਮੈਂ ਚੰਦਰਾ ਨੂੰ ਸਾਂਵਲੀ ਮੀਨਾ ਕੁਮਾਰੀ ਬੁਲਾਂਦੀ ਹਾਂ। ਗੋਲ ਚਿਹਰਾ, ਘੜੇ ਹੋਏ ਨੈਣ-ਨਕਸ਼, ਮੋਟੀਆਂ ਲੰਮੀਆਂ ਅੱਖਾਂ, ਲੰਮਾ ਝੰਮਾ ਕਦ ਕਾਠ, ਪਤਲੀ ਸੁਬਕ ਜਿਹੀ। ਉਸ ਦਾ ਬੁੱਤ ਘੜਦੇ ਰਚਣਹਾਰ ਤੋਂ ਮਿੱਟੀ ਥੋੜ੍ਹੇ ਗੂੜ੍ਹੇ ਰੰਗ ਦੀ ਗੁੰਨੀ ਗਈ ਸੀ। ਟੁਰਦੀ ਦਾ ਪਤਲਾ ਲੱਕ ਹੁਲਾਰੇ ਖਾਂਦਾ, ਠੁਮਕ-ਠੁਮਕ ਮੋਰਨੀ ਵਾਂਗ ਪੈਰ ਰੱਖਦੀ, ਕਦਮਾਂ ਨਾਲ ਝਾਂਜਰਾਂ ਦਾ ਤਾਲ ਵਜਦਾ।

ਬਾਗ ਦੇ ਦੂਜੇ ਕੋਨੇ ਉਤੇ ਖਲੋਤੇ ਇਕ ਆਦਮੀ ਉਤੇ ਨਜ਼ਰ ਪੈਂਦੇ ਉਹ ਧਰਤੀ ਉਤੇ ਦੋਹੇਂ ਹੱਥ ਟਿਕਾਈ ਬੜੀ ਮੁਸ਼ਕਲ ਉਠੀ। ਸਾਰੀਆਂ ਦੀਆਂ ਨਜ਼ਰਾਂ ਆਪਸ ਵਿਚ ਟਕਰਾਈਆਂ, ਹੋਂਠ ਮੁਸਕਰਾਏ, ਸ਼ਰਾਰਤੀ ਇਸ਼ਾਰੇ ਹੋਏ, "ਚ...ਚ ਕਿਤਨੀ ਮਾਰ ਖਾਈ ਹੈ ਇਸ ਬਦਜ਼ਾਤ ਨੇ...ਫਿਰ ਭੀ ਦੇਖੋ...। "

"ਅਰੀ ਯੇਹ ਹੀ ਤੋ ਹੈ ਇਸ਼ਕ। ਇਸ਼ਕ...ਕਿਆ ਬੋਲੇਂ ਸੇ ਗਰੇਜੀ ਮੇਂ ਲਉ...ਲਉ...ਯਹਾਂ ਭੀ ਮਿਲਨੇ ਆ ਜਾਤਾ ਹੈ।"

ਪ੍ਰਤਿਭਾ ਨੇ ਹੋਂਠ ਡਿੰਗੇ ਕਰ ਕੇ ਕਿਹਾ, "ਜਾ ਜਾ ਆਇਆ ਹੈ ਤੇਰਾ ਕੁਛ ਲਗਤਾ। ਇਸੀ ਕੇ ਲੀਏ ਖਾਈ ਹੈ ਨਾ ਮਾਰ? ਅਭ ਬੋਲ ਉਸੀ ਕੋ ਅਪਨੇ ਸਾਂਸੋਂ ਸੇ ਤੇਰੇ ਜ਼ਖ਼ਮੋਂ ਪਰ ਸੇਕ ਕਰ ਦੇ।"

ਚੰਨੀ ਨੇ ਵੀ ਐਨਕ ਉਚੀ ਕਰਦਿਆਂ ਕਿਹਾ, "ਅਰੇ ਕਿਆ ਕਮਾਲ ਕੀ ਪਰਸਨੈਲਿਟੀ ਹੈ, ਮਰਦ ਹੈ ਮਰਦ, ਪੂਰਾ ਮਰਦ...ਅਰੀ ਚੰਦਰਾ। ਕੈਸੇ ਫਸਾਇਆ ਇਸ ਕੋ?"

ਤੇ ਸਾਰੀਆਂ ਗੜ੍ਹਾਕਾ ਮਾਰ ਕੇ ਹੱਸ ਪਈਆਂ। ਅਮਲਤਾਸ ਦੇ ਫੁੱਲਾਂ ਦੇ ਪੀਲੇ ਗੁੱਛੇ ਕਿਸੇ ਗੋਰੀ ਦੇ ਕੰਨਾਂ ਵਿਚ ਪਏ ਸੋਨੇ ਦੇ ਝੁਮਕਿਆਂ ਵਾਂਗ ਹਿਲਣ ਲੱਗ ਪਏ।

ਮੁੱਕੇ ਉਲਾਰ-ਉਲਾਰ ਗੁੱਸੇ ਵਿਚ ਬੋਲ ਰਿਹਾ ਸੀ ਉਹ। ਨਾ ਨਾ ਕਰਦੀ ਚੰਦਰਾ ਹੱਥ ਹਿਲਾਉਂਦੀ ਰਹੀ। ਜਿਵੇਂ ਕਹਿ ਰਿਹਾ ਹੋਏ "ਤੂੰ ਕਹੇਂ ਤਾਂ ਤੇਰੀ ਇਹ ਹਾਲਤ ਕਰਨ ਵਾਲੇ ਦੇ ਹੱਥ ਭੰਨ ਦਿਆਂ"

ਉਹ ਚਲਾ ਗਿਆ। ਮੈਂ ਵੇਖਿਆ, ਚੰਦਰਾ ਚੰਨੀ ਦੇ ਨੇੜੇ ਬੈਂਚ ਉਤੇ ਆ ਕੇ ਬੈਠ ਗਈ।

"ਤਭੀ, ਮੈਂ ਹੈਰਾਨ ਹੂੰ, ਤੇਰੇ ਚਿਹਰੇ ਪਰ ਇਤਨੀ ਰੌਣਕ ਕੈਸੇ? ਖਿਲਾ ਰਹਿਤਾ ਹੈ ਕਾਲੇ ਗੁਲਾਬ ਸਾ ਤੇਰਾ ਚਿਹਰਾ, ਤਨ ਕੀ ਚਮੜੀ ਕਿਤਨੀ ਲਿਸ਼ਕਤੀ ਹੈ। ਤੇਰੀ ਆਂਖੋਂ ਮੇਂ ਕਿਤਨੀ ਚਮਕ ਹੈ, ਹੋਂਠ ਮੁਸਕਰਾਤੇ ਰਹਿਤੇ ਹੈਂ, ਹਰ ਸਮੇਂ ਗੁਨਗੁਨਾਤੀ ਰਹਿਤੀ ਹੈ ਤੂ। ਹੂੰ! ਅਬ ਪਤਾ ਚਲਾ, ਮਨ ਕਾ ਮੀਤ ਮਿਲਾ ਹੁਆ ਹੈ।" ਚੰਨੀ ਨੇ ਹਉਕਾ ਦਬਾਂਦੇ ਹੋਏ ਕਿਹਾ।

"ਅਰੇ ਨਹੀਂ ਬੀਬੀ ਜੀ ਮੇਰੀ ਝੁਗੀ ਕੇ ਸਾਹਮਣੇ ਰਹਿਤਾ ਹੈ, ਕਹਿ ਰਹਾ ਥਾ ਤੂ ਕਹੇ ਤੋ ਤੇਰੇ ਆਦਮੀ ਕੇ ਹਾਥ ਪੈਰ ਤੋੜ ਦੂੰ। ਸਾਲੇ ਔਰਤ ਕੀ ਕਮਾਈ ਖਾਤੇ ਐਸ਼ ਕਰਤੇ ਹੈਂ। ਨਮਰਦ ਕਹੀਂ ਕੇ। ਮੇਰਾ ਆਦਮੀ ਕਹਿਤਾ ਹੈ, ਮੇਰੇ ਸਾਥ ਤਾਸ਼ ਖੇਲਨੇ ਕਾ ਤੋ ਬਹਾਨਾ ਹੈ। ਵੋਹ ਤੋ ਤੁਝੇ ਦੇਖਨੇ ਆਤਾ ਹੈ। ਪਹਿਲੇ ਤੋ ਕੁਝ ਨਹੀਂ ਥਾ ਅਬ ਵੋਹ ਕਹਿਤਾ ਹੈ ਤੋ ਕਰ ਕੇ ਦਿਖਾਊਂਗੀ। ਵੈਸੇ ਹੀ ਸਹੀ...ਯਾਰ ਤੋ ਯਾਰ ਸਹੀ।"

ਸਵੈਟਰ ਉਣਦੀ ਚੰਨੀ ਦੇ ਹੱਥ ਰੁਕ ਗਏ। ਉਨ ਉਂਗਲਾਂ ਵਿਚ ਹੀ ਵਲੇਟਦੀ ਰਹੀ। ਉਸ ਨਾਲ ਵੀ ਤਾਂ ਇਵੇਂ ਹੀ ਹੁੰਦਾ ਸੀ। ਉਸ ਦਾ ਸੱਜਾ ਹੱਥ ਠੋਡੀ ਉਤੇ ਪਏ ਜ਼ਖ਼ਮ ਦੇ ਨਿਸ਼ਾਨ ਨੂੰ ਪਲੋਸਣ ਲੱਗਾ। ਉਸ ਨੂੰ ਵੀ ਕਦੀ ਆਪਣੇ ਕਸੂਰ ਦਾ ਪਤਾ ਨਹੀਂ ਸੀ ਹੁੰਦਾ। ਹਾਏ! ਅੱਠ ਟਾਂਕੇ ਲੱਗੇ ਸੀ ਠੋਡੀ ਉਤੇ। ਉਹ ਚੰਨੀ ਵੱਲ ਅੱਖਾਂ ਪਾੜ ਪਾੜ ਵੇਖਦੀ ਰਹੀ। ਯਾਰ ਤਾਂ ਯਾਰ ਸਹੀ ਕੰਨਾਂ ਵਿਚ ਗੂੰਜਦੇ ਰਹੇ।

"ਹਾਂ ਹਾਂ...ਐਸੇ ਕਿਉਂ ਚਿੜਨੇ ਲਗਾ ਵੋਹ...ਕਿਉਂ ਦਰਦ ਹੂਆ ਉਸੇ? ਕੋਈ ਧੂੰਆਂ ਤੋ ਉਠਾ ਹੈ ਨਾ...ਆਗ ਤੋ ਜਲੀ ਹੈ ਨਾ।" ਮੁੰਨੀ ਬਾਈ ਨੇ ਚਿੱਟੇ ਡੇਲੇ ਮਟਕਾਂਦੇ ਕਿਹਾ।

ਚੰਦਰਾ ਨੇ ਧੋਤੀ ਦੇ ਪੱਲੇ ਨੂੰ ਸਵਾਰਿਆ ਤੇ ਕਾਲੇ ਧਾਗੇ ਵਿਚ ਪ੍ਰੋਤੇ ਛੋਟੇ ਜਿਹੇ ਸੋਨੇ ਦੇ ਲਾਕਟ ਨੂੰ ਪਲੋਸਣ ਲੱਗ ਪਈ।

ਮੇਰੇ ਘਰ ਕਈ ਸਾਲਾਂ ਤੋਂ ਚੰਦਰਾ ਹੀ ਕੰਮ ਕਰਦੀ ਹੈ। ਸਾਫ਼ ਸੁਥਰੀ, ਬਣੀ-ਠਣੀ, ਛਣ-ਛਣ ਕਰਦੀਆਂ ਚੂੜੀਆਂ, ਪੈਰਾਂ ਵਿਚ ਚਾਂਦੀ ਦੀਆਂ ਭਾਰੀਆਂ ਪੰਜੇਬਾਂ। ਚੂੜੀਆਂ ਤੇ ਘੁੰਗਰੂਆਂ ਦਾ ਤਾਲ ਚੰਦਰਾ ਤੋਂ ਪਹਿਲਾਂ ਘਰ ਪਹੁੰਚ ਜਾਂਦਾ। ਵਿਹਲੀ ਹੋ ਉਹ ਕਈ ਵਾਰੀ ਗੱਪਾਂ ਮਾਰਨ ਵੀ ਬੈਠ ਜਾਂਦੀ ਹੈ। ਨਿੱਕਾ ਮੋਟਾ ਫਾਲਤੂ ਕੰਮ ਵੀ ਕਰ ਦਿੰਦੀ ਹੈ। ਅੱਜ ਉਸ ਦੀ ਉਧੜੀ ਚੰਮੜੀ, ਨੀਲੋ ਨੀਲ ਤਨ ਬਦਨ, ਸੁਜੀਆਂ ਅੱਖਾਂ ਵੇਖ ਮੈਨੂੰ ਗੁੱਸਾ ਵੀ ਆਇਆ, ਹਮਦਰਦੀ ਵੀ ਹੋਈ। "ਕੀ ਮੁਸੀਬਤ ਪਾਈ ਹੋਈ ਏ ਤੂੰ ਆਪਣੀ ਜਾਨ ਨੂੰ? ਨਾ ਪਤੀ ਨਾਲ ਚੈਨ ਨਾ ਦੂਜੇ ਨਾਲ ਖੁਲ ਕੇ ਮਿਲਣ।"

ਕਦੀ ਉਹ ਬਹੁਤ ਉਦਾਸ ਹੁੰਦੀ ਤਾਂ ਪੁੱਛਦੀ, "ਅੱਜ ਨਹੀਂ ਮਿਲਿਆ ਹੋਣਾ ਉਹ-ਤਦੇ ਕੰਮ ਸੰਵਾਰ ਕੇ ਨਹੀਂ ਕਰ ਰਹੀ।"

"ਤੁਸੀਂ ਵੀ ਛੇੜਦੇ ਹੋ ਬੀਬੀ ਜੀ? ਤੁਸੀਂ ਕੀ ਜਾਣੋ ਪਿਆਰ ਕੀ ਹੁੰਦੈ? ਆਪਣੇ ਆਦਮੀ ਨੇ ਤਾਂ ਕਦੀ ਪਿਆਰ ਨਾਲ ਬੁਲਇਆ ਹੀ ਨਹੀਂ। ਉਸ ਲਈ ਤਾਂ ਮੈਂ ਏਕ ਹੀ ਕਾਮ ਕੇ ਲੀਏ ਹੂੰ। ਹੁਣ ਉਸ ਦੇ ਮਿਲਣ ਬਾਅਦ ਤਾਂ ਸਾਰੇ ਦੁਖ ਸ਼ਿਕਵੇ ਦੂਰ ਹੋ ਗਏ। ਉਠਦੇ-ਬੈਠਦੇ, ਸੌਂਦੇ ਜਾਗਦੇ, ਖਾਂਦੇ ਪੀਂਦੇ ਉਸੀ ਕੀ ਸੂਰਤ ਅੱਖਾਂ ਸਾਹਮਣੇ ਰਹਿੰਦੀ ਏ...ਪਹਿਲੀ ਜ਼ਿੰਦਗੀ ਤਾਂ ਮਾਰ ਗਾਲ੍ਹਾਂ ਖਾ ਕੇ ਹੀ ਗੁਜ਼ਾਰ ਦਿੱਤੀ ਤੁਸੀਂ ਕਹਿੰਦੇ ਹੋ ਭੋਂ ਦੇ ਭਾਅ...ਬੱਸ ਉਂਝ ਹੀ। ਨਾ ਚਾਅ ਮਲਾਰ...। ਹੁਣ ਤਾਂ ਮੈਂ ਮਾਰ ਦਾ ਵੀ ਬੁਰਾ ਨਹੀਂ ਮੰਨਦੀ।" ਚੰਦਰਾ ਪੰਜਾਬੀ ਵੀ ਬੋਲਣ ਲੱਗ ਪਈ ਹੈ।

"ਜੇ ਤੂੰ ਕਿਧਰੇ ਪੜ੍ਹੀ ਲਿਖੀ ਹੁੰਦੀ! ਚੰਦਰਾ।"

"ਗਿਟ-ਮਿਟ ਕਰਤੀ ਕਿਸੀ ਦਫ਼ਤਰ ਮੇਂ। ਐਸੇ ਜੂਠਣ ਥੋੜਾ ਸਾਫ ਕਰਤੀ। ਕੌਣ ਪੜਾਂਦਾ ਹੈ ਜੀ ਕੁੜੀਆਂ ਨੂੰ ਸਾਡੀ ਬਿਰਾਦਰੀ ਵਿਚ? ਉਹ ਹੀ ਆਇਆ ਸੀ ਪੁਛਣ...। ਤਭੀ ਦੇਰ ਹੋ ਗਈ।"

"ਤਾਂ ਹੀ ਤੈਨੂੰ ਸਰੂਰ ਚੜਿਆ ਰਹਿੰਦੈ। ਜਿਵੇਂ ਹੁਣੇ ਹੁਣੇ ਸੁਫਨੇ 'ਚੋਂ ਜਾਗੀ ਹੋਏਂ।"

"ਤੁਹਾਡੇ ਤੋਂ ਕੀ ਛੁਪਾਣਾ। ਉਸ ਦੇ ਪਿਆਰ ਦਾ ਰੰਗ ਏ।"

"ਕਿਧਰੇ ਉਸ ਨਾਲ?" ਮੈਂ ਉਸ ਦੀਆਂ ਅੱਖਾਂ ਵਿਚ ਝਾਕਦੇ ਸ਼ਰਾਰਤ ਨਾਲ ਪੁਛਿਆ।

ਉਸ ਨਜ਼ਰ ਝੁਕਾ ਲਈ, ਬੱਤੀ ਦੰਦਾਂ ਦੀ ਪੂਰੀ ਬਤੀਸੀ ਅੱਡ ਕੇ ਮੂੰਹ ਉਤੇ ਸਾੜ੍ਹੀ ਵੀ ਦਿੱਤੀ ਸੀ। "ਅੱਜ ਮਾਰ ਪਈ ਤਾਂ ਇਹੀ ਸਾੜ੍ਹੀ ਜਿਸਮ ਨੂੰ ਵਲੇਟ ਲਈ ਤੇ ਲਾਕਟ ਵੀ ਪਾ ਲਿਆ।"

"ਮਰ ਪਰ੍ਹਾਂ...ਬਦਤਮੀਜ਼ ਜਿਹੀ, ਕਿਉਂ ਨਹੀਂ ਮਾਰੇਗਾ ਫੇਰ ਤੇਰਾ ਆਦਮੀ?"

ਉਹ ਮੇਰੇ ਘਰ ਆਉਂਦਾ ਹੈ। ਮੈਨੂੰ ਪਤਾ ਹੈ ਉਸ ਦੀ ਨਜ਼ਰ ਮੇਰੀ ਪਿੱਠ ਉਤੇ ਜੁੜੀ ਹੁੰਦੀ ਹੈ। ਮੈਂ ਵੀ ਉਸ ਵੇਲੇ ਝੁਗੀ ਤੋਂ ਬਾਹਰਲੇ ਕੰਮ ਸਮੇਟਦੀ ਹਾਂ। ਕੋਈ ਐਸਾ-ਵੈਸਾ ਥੋੜੀ ਹੈ। ਖੂਬ ਕਮਾਤਾ ਹੈ, ਅਪਨਾ ਘਰ ਹੈ, ਅੱਛੇ ਕੱਪੜੇ ਪਹਿਨਤਾ ਹੈ, ਟੈਕਸੀ ਵੀ ਅਪਨੀ ਹੀ ਹੈ।

ਬਸੰਤ ਰੁੱਤ ਬਾਗ ਵਿਚ ਚੁਤਰਫ਼ੀ ਫੁੱਲ ਖਿੜੇ ਹਨ, ਪਾਲਾ ਉਡੰਤ ਨਹੀਂ ਪੜੰਤ ਹੈ। ਸਾਰੀਆਂ ਮਾਈਆਂ ਚੰਨੀ ਦੀ ਕੁਰਸੀ ਦੁਆਲੇ ਬੈਠੀਆਂ ਧੁੱਪ ਸੇਕਦੀਆਂ ਅਰਾਮ ਕਰ ਰਹੀਆਂ ਹਨ। ਰੋਜ਼ ਨਵੀਆਂ ਖ਼ਬਰਾਂ, ਰੋਜ਼ ਨਵੇਂ ਕਿੱਸੇ। ਕਿਹੜੇ-

*(ਬਾਕੀ ਅਗਲੇ ਸਫੇ 'ਤੇ)*

# ਗਰਮਾ ਗਰਮ ਜਾਣਕਾਰੀ

**ਸ਼ਬਦ ਝਰੋਖਾ**



ਬਲਜੀਤ ਬਾਸੀ

*ਫੋਨ: 734-259-9353*

ਗਰਮ/ਗਰਮੀ ਸ਼ਬਦ ਅੱਜ ਅਸੀਂ ਆਮ ਹੀ ਬੋਲਦੇ ਹਾਂ ਪਰ ਹੈਰਾਨੀ ਦੀ ਗੱਲ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਇਹ ਇਕ ਵਾਰੀ ਵੀ ਨਹੀਂ ਲਭਦਾ। ਜ਼ਰੂਰੀ ਵੀ ਨਹੀਂ ਕਿ ਪੰਜਾਬੀ ਦਾ ਹਰ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਹੋਵੇ ਪਰ ਮੇਰੀ ਹੈਰਾਨੀ ਦੀ ਵੱਡੀ ਵਜ੍ਹਾ ਇਹ ਹੈ ਕਿ ਗੁਰੂਆਂ-ਭਗਤਾਂ ਨੇ ਮੌਸਮਾਂ ਬਾਰੇ ਇੰਨਾ ਲਿਖਿਆ ਹੈ ਤਾਂ ਉਨ੍ਹਾਂ ਦੀਆਂ ਰਚਨਾਵਾਂ ਵਿਚ ਗਰਮ ਸ਼ਬਦ ਦੇ ਮੌਜੂਦ ਹੋਣ ਦੀ ਪੂਰੀ ਸੰਭਾਵਨਾ ਸੀ, ਖਾਸ ਤੌਰ 'ਤੇ ਜਦ ਤੱਤਾ, ਤਪਤ, ਘਾਮ ਸ਼ਬਦਾਂ ਦੀ ਭਰਮਾਰ ਹੈ। ਇਸ ਤੱਥ ਤੋਂ ਅੰਦਾਜ਼ਾ ਲਗ ਸਕਦਾ ਹੈ ਕਿ ਉਸ ਸਮੇਂ ਸ਼ਾਇਦ ਗਰਮ ਸ਼ਬਦ ਪੰਜਾਬੀ ਵਿਚ ਆਮ ਪ੍ਰਚਲਿਤ ਨਹੀਂ ਸੀ ਹੋਇਆ। ਅਸੀਂ ਪਿਛਲੇ ਲੇਖ ਵਿਚ ਦੱਸਿਆ ਸੀ ਕਿ ਘਾਮ ਸ਼ਬਦ ਫਾਰਸੀ ਵਲੋਂ ਆਏ ਗਰਮ ਸ਼ਬਦ ਦਾ ਸਕਾ ਸੋਹਦਰਾ ਹੈ। ਇਹ ਜਾਣ ਕੇ ਵਿਗੋਚਾ ਜਿਹਾ ਹੁੰਦਾ ਹੈ ਕਿ ਅੱਜ ਗਰਮ ਸ਼ਬਦ ਤਾਂ ਪੂਰੀ ਗਰਮਜੋਸ਼ੀ ਨਾਲ ਵਰਤਿਆ ਜਾ ਰਿਹਾ ਹੈ ਜਦ ਕਿ ਘਾਮ ਦਾ ਘਾਣ ਹੀ ਹੋ ਗਿਆ ਹੈ। ਹਾਂ, ਇਸ ਦੀ ਇਕ ਰਹਿੰਦ-ਖੂਹੰਦ ਹੈ, ਲਹਿੰਦੀ ਦਾ ਸ਼ਬਦ ਘਿਮ, ਜਿਸ ਦਾ ਅਰਥ ਵੱਟ ਜਾਂ ਗਰਮੀ ਹੈ। ਘਉ ਦਾ ਅਰਥ ਵੀ ਇਹੀ ਹੁੰਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚੋਂ ਘਾਮ ਦੀਆਂ ਕੁਝ ਮਿਸਾਲਾਂ ਲੈ ਕੇ ਗੱਲ ਸ਼ੁਰੂ ਕਰਦੇ ਹਾਂ, "ਆਗੇ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨ ਡੋਲੇ" -ਗੁਰੂ ਨਾਨਕ। "ਜੈਸੇ ਤਾਪਤੇ ਨਿਰਮਲ ਘਾਮਾ" -ਭਗਤ ਨਾਮਦੇਵ। ਭਗਤ ਕਬੀਰ ਦੀ ਤੁਕ "ਅਬਰਨ ਬਰਨ ਘਾਮ ਨਹੀ ਛਾਮ" ਵਿਚ ਘਾਮ ਦੁਖ ਅਤੇ ਛਾਮ (ਸ਼ਾਮ) ਸੁਖ ਦੇ ਅਰਥਾਵੇਂ ਹਨ। ਭਾਵੇਂ ਅੱਜ ਪੰਜਾਬੀ ਨੇ ਇਸ ਪਿਆਰੇ ਜਿਹੇ ਸ਼ਬਦ ਤੋਂ ਕਿਨਾਰਾ ਕਰ ਲਿਆ ਹੈ ਪਰ ਤਸੱਲੀ ਹੈ ਕਿ ਘਾਮ ਤੇ ਇਸ ਤੋਂ ਵਿਉਤਪਤ ਸ਼ਬਦ ਅਜ ਕਲ੍ਹ ਵੀ ਹਿੰਦੀ ਵਿਚ ਬਥੇਰੇ ਚਲਦੇ ਹਨ। ਹਿੰਦੀ ਵਿਚ ਇਸ ਦੀ ਵਰਤੋਂ 'ਤੇ ਇਕ ਨਜ਼ਰ ਦੁੜਾਈਏ: ਆਜ ਬਹੁਤ ਘਾਮ ਹੈ; ਘਾਮ (ਧੁਪ) ਮੇਂ ਬੈਠੇਂ ਆਦਿ। ਇਸ ਤੋਂ ਬਣੇ ਹੋਰ ਸ਼ਬਦ ਹਨ, ਘਮਘਮਾ=ਧੁਪੈਲਾ ਦਿਨ; ਘਮਘਮਾਨਾ=ਸੀਆ ਸੇਕਣਾ; ਘਮਛੈਯਾ=ਧੁੱਪ-ਛਾਂ; ਘਮਸਾ=ਹੁੰਮਸ; ਘਮਾਇਲ=ਪੱਕਾ (ਫਲ); ਘਮਾਹ=ਧੁਪ ਤੋਂ ਡਰਦਾ ਬੌਲਦ; ਘਮੀਲਾ=ਮੁਰਝਾਇਆ; ਘਾਮੜ=ਧੁਪ ਤੋਂ ਵਿਆਕੁਲ; ਘਮਖੋਰ=ਧੁੱਪਖੋਰ। ਘਮੌਰੀ=ਪਿੱਤ (Pricky Heat). ਫਾਰਸੀ ਵਿਚ ਇਸ ਨੂੰ ਗਰਮੀ-ਦਾਨਾ ਆਖਦੇ ਹਨ। ਗੌਰਤਲਬ ਹੈ ਕਿ ਅੰਗਰੇਜ਼ੀ ਵਿਚ ਵੀ ਪਿੱਤ ਦੇ ਲੱਛਣ ਗਰਮੀ ਨਾਲ ਜੁੜੇ ਹੋਏ ਹਨ ਤੇ ਪੰਜਾਬੀ ਤੇ ਫਾਰਸੀ ਵਿਚ ਵੀ। ਹਿੰਦੀ ਦੇ ਇੰਨੇ ਸਾਰੇ ਸ਼ਬਦ ਦੇਖ ਕੇ ਇਸ ਭਾਸ਼ਾ ਪ੍ਰਤੀ ਰਸ਼ਕ ਹੋਣ ਲਗਦਾ ਹੈ।

ਘਾਮ ਸ਼ਬਦ ਦਾ ਸੰਸਕ੍ਰਿਤ ਰੂਪ 'ਘਰਮ' ਹੈ ਤੇ ਇਸ ਦੇ ਮੁਖ ਅਰਥ ਹਨ-ਗਰਮੀ, ਤੱਤਾਪਣ; ਗਰਮੀਆਂ ਦਾ ਮੌਸਮ; ਪਸੀਨਾ; ਦਿਨ (ਰਾਤ ਦੇ ਟਾਕਰੇ 'ਤੇ); ਕੜਾਹਾ; ਯੱਗ ਵਿਚ ਭੇਟਾ ਕੀਤਾ ਜਾਣ ਵਾਲਾ ਗਰਮ ਪੀਣ-ਪਦਾਰਥ ਜਿਵੇਂ ਦੂਧ ਆਦਿ। ਧਿਆਨ ਦਿਓ, ਹਰ ਅਰਥ ਵਿਚ ਗਰਮੀ ਦਾ ਭਾਵ ਸਪਸ਼ਟ ਝਲਕਦਾ ਹੈ। ਪੰਜਾਬੀ ਹਿੰਦੀ ਵਿਚ ਆਉਂਦਿਆਂ ਇਸ ਦੀ 'ਰ' ਧੁਨੀ 'ਆ' ਜਾਂ 'ਅ' ਵਿਚ ਪਲਟ ਗਈ। ਇਹ ਆਮ ਵਰਤਾਰਾ ਹੈ। ਚਰਮ ਸ਼ਬਦ ਚੰਮ/ਚਾਮ ਵਿਚ ਬਦਲ ਗਿਆ ਅਤੇ 'ਕਰਮ' ਕੰਮ/ਕਾਮ ਵਿਚ। 'ਘਰਮ' ਦਾ ਧਾਤੂ "ਘ੍ਰਿ" ਹੈ ਜਿਸ ਵਿਚ ਗਰਮ ਕਰਨ, ਚਮਕਣ; ਛਿੜਕਣ, ਗਿੱਲਾ ਕਰਨ ਦੇ ਭਾਵ ਹਨ। ਇਉਂ ਲਗਦਾ ਹੈ ਕਿ ਇਸ ਦਾ ਮੁਢਲਾ ਭਾਵ ਫੈਲਾਉਣ, ਖਿਲਾਰਨ, ਛਿੜਕਣ ਦਾ ਹੈ। ਚਮਕ ਜਾਂ ਧੁੱਪ ਸੂਰਜ ਆਦਿ ਤੋਂ ਨਿਕਲ ਕੇ ਫੈਲਣ ਵਾਲੀ ਸ਼ੈਅ ਹੈ। ਚਮਕ ਜਾਂ ਧੁੱਪ ਤੋਂ ਹੀ ਗਰਮੀ, ਤਪਸ਼ ਦੇ ਭਾਵ ਪੈਦਾ ਹੋਏ। "ਘ੍ਰਿ" ਧਾਤੂ ਤੋਂ ਇਕ ਹੋਰ ਬਹੁਤ ਅਹਿਮ ਸ਼ਬਦ ਉਤਪੰਨ ਹੋਇਆ ਹੈ ਤੇ ਉਹ ਹੈ 'ਘ੍ਰਿਤ' ਜਿਸ ਨੇ ਪੰਜਾਬੀ ਦੀਆਂ ਵੱਖੋ ਵੱਖਰੀਆਂ ਉਪਬੋਲੀਆਂ ਵਿਚ ਘੀ, ਘੇ ਜਾਂ ਘਿਉ, ਦਾ ਰੂਪ ਲਿਆ। ਗੁਰੂ ਗ੍ਰੰਥ ਸਾਹਿਬ ਵਿਚ ਘੀਉ, ਘੀਆ ਸ਼ਬਦ ਵਰਤਿਆ ਮਿਲਦਾ ਹੈ। ਧੰਨੇ ਭਗਤ ਨੇ ਪਰਮਾਤਮਾ ਪਾਸੋਂ ਜਿਹੜੀਆਂ ਚੀਜ਼ਾਂ ਦੀ ਮੰਗ ਕੀਤੀ ਉਨ੍ਹਾਂ ਵਿਚ ਇਹ ਪਦਾਰਥ ਵੀ ਹੈ, "ਦਾਲ ਸੀਧਾ ਮਾਗਉ ਘੀਉ।" ਭਗਤ ਕਬੀਰ ਨੇ ਵੀ ਜੀਵਨ ਨਿਰਬਾਹ ਲਈ ਲੋੜੀਂਦੀਆਂ ਮੁਢਲੀਆਂ ਚੀਜ਼ਾਂ ਵਿਚ ਇਸ ਦੀ ਮੰਗ ਕੀਤੀ ਹੈ, "ਦੁਇ ਸੇਰ ਮਾਂਗਉ ਚੂਨਾ, ਪਾਉ ਘੀਉ ਸੰਗ ਲੂਨਾ।" ਚੂਨਾ ਆਟੇ ਨੂੰ ਕਿਹਾ ਗਿਆ ਹੈ। ਗੁਰੂ ਅਰਜਨ ਦੇਵ ਨੇ ਘੀਆ ਸ਼ਬਦ ਵਰਤਿਆ ਹੈ, "ਸਗਲ ਦੂਧ ਮਹਿ ਘੀਆ।"

ਕੁਝ ਸੰਸਕ੍ਰਿਤ ਵਿਦਵਾਨਾਂ ਦਾ ਮਤ ਹੈ ਕਿ "ਘ੍ਰਿ" ਧਾਤੂ ਤੋਂ ਘ੍ਰਿਤ (ਘਿਉ) ਇਸ ਲਈ ਬਣਿਆ ਕਿਉਂਕਿ ਘਿਉ ਹਵਨ ਵਿਚ ਛਿੜਕੇ ਜਾਣ ਵਾਲਾ ਪਦਾਰਥ ਹੈ। ਪਰ ਮੇਰਾ ਵਿਚਾਰ ਹੈ ਕਿ ਇਸ ਵਿਚ ਵੀ ਗਰਮੀ ਦਾ ਭਾਵ ਹੀ ਝਲਕਦਾ ਹੈ। ਆਖਿਰ ਘਿਉ ਮੱਖਣ ਨੂੰ ਗਰਮ ਕਰਕੇ ਹੀ ਪ੍ਰਾਪਤ ਹੁੰਦਾ ਹੈ। ਅਸੀਂ ਪਹਿਲਾਂ ਦੇਖ ਚੁਕੇ ਹਾਂ ਕਿ ਹਵਨ ਵਿਚ ਭੇਟ ਕੀਤੇ ਜਾਣ ਵਾਲੇ ਗਰਮ ਦੁਧ ਆਦਿ ਲਈ ਸੰਸਕ੍ਰਿਤ ਵਿਚ ਘਰਮ ਸ਼ਬਦ ਵਰਤਿਆ ਜਾਂਦਾ ਸੀ। ਘੀਆ ਸ਼ਬਦ ਲੌਕੀ ਜਾਂ ਬੱਡ ਲਈ ਵੀ ਵਰਤਿਆ ਜਾਂਦਾ ਹੈ। ਸਪਸ਼ਟ ਹੈ, ਲੌਕੀ ਲਈ ਇਹ ਸ਼ਬਦ ਇਸ ਲਈ ਚੱਲਿਆ ਹੋਵੇਗਾ ਕਿਉਂਕਿ ਇਸ ਦਾ ਹਲਕਾ ਸਾਵਾ ਰੰਗ ਘਿਉ ਨਾਲ ਮਿਲਦਾ ਹੈ। ਇਸ ਰੰਗ ਲਈ ਸਾਡੇ ਪਾਸ ਘੀਆ-ਕਪੂਰੀ ਸ਼ਬਦ ਵੀ ਹੈ। ਇਸੇ ਧਾਤੂ ਤੋਂ ਬਣੇ ਇਕ ਹੋਰ ਸ਼ਬਦ ਬਾਰੇ ਸੁਣ ਕੇ ਤੁਸੀਂ ਠਠੰਬਰ ਹੀ ਜਾਓਗੇ। ਉਹ ਸ਼ਬਦ ਹੈ ਨਫਰਤ ਦੇ ਅਰਥਾਂ ਵਾਲਾ 'ਘਿਰਣਾ।' ਸ਼ਬਦਾਂ ਦੇ ਅਰਥ-ਵਿਕਾਸ ਦੀ ਉਲਟਬਾਂਸੀ ਦੇਖੋ ਕਿ ਘਿਰਣਾ ਸ਼ਬਦ ਦਾ ਮੁਢਲਾ ਅਰਥ ਦਇਆ, ਤਰਸ, ਹਮਦਰਦੀ ਆਦਿ ਹੈ। ਇਹ ਅਰਥ ਇਸ ਧਾਤੂ ਦੇ ਗਰਮੀ ਅਰਥਾਤ ਨਿਘ ਦੇ ਭਾਵ ਤੋਂ ਵਿਕਸਿਤ ਹੋਇਆ ਲਗਦਾ ਹੈ। ਜੋ ਵਿਅਕਤੀ ਦੂਜੇ ਨੂੰ ਨਿਘ ਦਿੰਦਾ ਹੈ ਉਹ ਉਸ ਦੇ ਦੁਖ, ਪ੍ਰੇਸ਼ਾਨੀ ਨੂੰ ਘਟਾਉਂਦਾ ਹੈ। ਇਹੀ ਦਇਆ ਹੈ। ਕਿਸੇ ਭਾਵਨਾ ਦੀ ਤੀਬਰਤਾ ਸਮਾਂ ਪਾ ਕੇ ਉਲਟ ਜਿਹੇ ਅਰਥ ਵੀ ਦੇਣ ਲਗਦੀ ਹੈ। ਗਰਮੀ ਦਾ ਬਹੁਤਾ ਸੇਕ ਸਾੜਨ ਵੀ ਲੱਗ ਜਾਂਦਾ ਹੈ। ਜੇ



ਕੋਈ ਤੁਹਾਡੇ ਵੱਲ ਤੀਬਰ ਭਾਵਨਾ ਰੱਖਦਾ ਹੋਵੇ ਤਾਂ ਇਸ ਦੇ ਦੋਵੇਂ ਆਸ਼ੇ ਹੋ ਸਕਦੇ ਹਨ, ਪਿਆਰ ਵੀ ਤੇ ਨਫਰਤ ਵੀ।

ਤੱਤੇ ਮੌਸਮ ਲਈ ਸਭ ਤੋਂ ਵਧ ਵਰਤੀਂਦਾ ਸ਼ਬਦ ਗਰਮੀ ਪੁਰਾਤਨ ਘਰਮ ਦਾ ਹੀ ਸੁਜਾਤੀ ਹੈ। ਪਾਠਕ ਨੋਟ ਕਰਨ ਕਿ ਇਸ ਸ਼ਬਦ ਵਿਚ ਸਿਰਫ 'ਘ' ਦੀ ਥਾਂ 'ਗ' ਧੁਨੀ ਦਾ ਹੀ ਵਖਰੇਵਾਂ ਹੈ। ਫਾਰਸੀ ਵਿਚ 'ਘ, ਝ, ਧ, ਢ, ਭ' ਧੁਨੀਆਂ ਨਹੀਂ ਹੁੰਦੀਆਂ। ਜਿਉਂ ਹੀ ਫਾਰਸੀ ਗਰਮੀ ਨੇ ਪੰਜਾਬੀ ਵਿਚ ਪੈਰ ਪਾਉਣੇ ਸ਼ੁਰੂ ਕੀਤੇ, ਘਾਮ ਦੇ ਪੈਰ ਲੜਖੜਾਉਣ ਲੱਗ ਪਏ ਤੇ ਅੰਤ ਇਹ ਮੂਧੇ ਮੂੰਹ ਜਾ ਡਿੱਗਾ। ਫਾਰਸੀ ਦੇ ਪੁਰਾਣੇ ਰੂਪ ਪਹਿਲਵੀ ਅਤੇ ਜ਼ੰਦ ਵਿਚ ਵੀ ਗਰਮ ਲਗਭਗ ਇਸੇ ਰੂਪ ਵਿਚ ਮਿਲਦਾ ਹੈ। ਫਾਰਸੀ, ਉਰਦੂ, ਹਿੰਦੀ ਅਤੇ ਹੋਰ ਅਨੇਕਾਂ ਭਾਸ਼ਾਵਾਂ ਵਿਚ ਇਸ ਸ਼ਬਦ ਦੇ ਬਹੁਤ ਅਰਥ ਹਨ। ਅਨੇਕਾਂ ਮੁਹਾਵਰਿਆਂ, ਉਕਤੀਆਂ ਅਤੇ ਕਹਾਵਤਾਂ ਵਿਚ ਗਰਮ/ਗਰਮੀ ਸ਼ਬਦ ਦੀ ਹਾਜ਼ਰੀ ਹੈ। ਇਸ ਦੇ ਵਿਉਤਪਤ ਰੂਪ ਵੀ ਚੋਖੀ ਗਿਣਤੀ ਵਿਚ ਮਿਲਦੇ ਹਨ। ਅਸਲ ਵਿਚ ਕਿਸੇ ਵੀ ਭਾਵ, ਸੰਵੇਗ, ਜਾਂ ਆਵੇਸ਼ ਦੀ ਅਤਿਤਾਈ ਲਈ ਗਰਮ ਜਾਂ ਗਰਮੀ ਸ਼ਬਦ ਦੀ ਵਰਤੋਂ ਹੁੰਦੀ ਹੈ। ਪੰਜਾਬੀ ਤੱਤਾ ਦੀ ਵੀ ਇਹ ਵਿਸ਼ੇਸ਼ਤਾ ਹੈ। ਮੁਖ ਅਰਥ ਤੋਂ ਬਿਨਾ ਕੁਝ ਹੋਰ ਅਰਥ ਯਾਦ ਕਰਾਉਣੇ ਚਾਹੁੰਦਾ ਹਾਂ-ਜੋਸ਼ੀਲਾ, ਉਤਸਕ; ਗਰਮ ਤਾਸੀਰ ਵਾਲਾ (ਭੋਜਨ ਆਦਿ); ਸਰਗਰਮ; (ਬਾਜ਼ਾਰ ਆਦਿ) ਤੇਜ਼, ਧੜਾ ਧੜ ਵਿਕਰੀ ਵਾਲਾ; ਕ੍ਰੋਧਵਾਨ, (ਰਾਜਨੀਤੀ ਆਦਿ ਵਿਚ) ਤਿੱਖੀਆਂ ਅਤੇ ਅਹਿੰਸਕ ਨੀਤੀਆਂ ਧਾਰਨ ਕਰਨ ਵਾਲਾ; ਬਹੁਤ ਕਾਮੁਕ (ਖਾਸ ਤੌਰ 'ਤੇ ਇਸਤਰੀ)। ਕੁਝ ਲਾਖਣਿਕ ਤੇ ਮੁਹਾਵਰਈ ਪ੍ਰਯੋਗ ਸੁਣ ਕੇ ਵੀ ਪਾਠਕ ਗਰਮ ਹੋ ਜਾਣਗੇ: ਗਰਮਾ ਗਰਮ ਜਾਂ ਗਰਮ ਗਰਮ (ਤਾਜ਼ਾ); ਗਰਮ ਸਰਦ; ਗਰਮਾ ਗਰਮੀ (ਲੜਾਈ); ਗਰਮ ਬਾਜ਼ਾਰੀ; ਗਰਮਜੋਸ਼ੀ (ਨਿਘ, ਸਨੇਹ); ਗਰਮ ਖਬਰ (ਤਾਜ਼ੀ ਖਬਰ); ਗਰਮ ਕੱਪੜੇ; ਗਰਮ ਕਰਨਾ, ਬਿਸਤਰਾ ਗਰਮ ਕਰਨਾ; ਗਰਮ ਮਿਜ਼ਾਜ; ਗਰਮ ਲਹੂ; ਗਰਮ ਮਸਾਲਾ; ਗਰਮਾਇਸ਼; ਗਰਮਾਉਣਾ; ਮੁੱਠੀ ਗਰਮ ਕਰਨਾ; ਗਰਮ ਮਾਮਲਾ (ਤਾਜ਼ਾ); ਗਰਮੀ ਖਾਣਾ, ਗਰਮੀ ਵਿਚ ਆਉਣਾ। ਪ੍ਰਾਚੀਨ ਫਾਰਸ ਦੇ ਕੈਲੰਡਰ ਅਨੁਸਾਰ ਚੌਥੇ ਮਹੀਨੇ ਦਾ ਨਾਂ 'ਗਰਮਪਦ' ਹੈ। ਇਸ ਸ਼ਬਦ ਵਿਚ ਗਰਮ ਤਾਂ ਸਾਫ ਹੀ ਝਲਕਦਾ ਹੈ ਪਦ ਵੀ ਸਾਡੇ ਪਦ ਵਾਲਾ ਹੀ ਹੈ ਜਿਸ ਦਾ ਅਰਥ ਹੁੰਦਾ ਹੈ ਪੈਰ, ਕਦਮ, ਪੈੜ; ਫਰਸ਼, ਸਥਾਨ। ਇਸ ਦੇ ਕਈ ਅਰਥ ਕੀਤੇ ਜਾਂਦੇ ਹਨ ਪਰ ਸਭ ਤੋਂ ਢੁਕਵਾਂ ਹੈ, ਮਹੀਨਾ ਜਿਸ ਵਿਚ ਗਰਮੀ ਕਾਰਨ 'ਪੈਰ ਸੜਦੇ ਹੋਣ।' ਮੋਟੇ ਤੌਰ 'ਤੇ ਇਹ ਮਹੀਨਾ ਸਾਡੇ ਹਾੜ ਦੇ ਸਾਵਾਂ ਬੈਠਦਾ ਹੈ। ਜ਼ਰਾ ਦੇਖੀਏ ਵਾਰਿਸ ਸ਼ਾਹ ਇਸ ਸ਼ਬਦ ਨੂੰ ਕਿਵੇਂ ਵਰਤਦਾ ਹੈ। ਸਹਿਤੀ ਤੋਂ ਕੁੱਟ ਖਾਣ ਪਿਛੋਂ,

ਰਾਂਝਾ ਖਾਇਕੇ ਮਾਰ ਫਿਰ ਗਰਮ ਹੋਇਆ,
ਮਾਰੂ ਮਾਰਿਆ ਭੂਤ ਫਤੂਰ ਦੇ ਨੇ।
ਦੇਖ ਪਰੀ ਦੇ ਨਾਲ ਖੁਮ ਮਾਰਿਆਈ,
ਏਸ ਫਰਿਸ਼ਤੇ ਬੈਤ ਮਾਅਮੂਰ ਦੇ ਨੇ।
ਕਮਰ ਬੰਨ੍ਹ ਕੇ ਪੀਰ ਨੂੰ ਯਾਦ ਕੀਤਾ,
ਲਾਈ ਥਾਪਨਾ ਮਲਕ ਹਜ਼ੂਰ ਦੇ ਨੇ।
ਡੇਰਾ ਬਖਸ਼ੀ ਦਾ ਮਾਰ ਕੇ ਲੁਟ ਲੀਤਾ,
ਪਾਈ ਫਤਿਹ ਪਠਾਨ ਕਸੂਰ ਦੇ ਨੇ।
ਜਦੋਂ ਨਾਲ ਟਕੋਰ ਦੇ ਗਰਮ ਹੋਇਆ,
ਦਿੱਤਾ ਦੁਖੜਾ ਘਾਉ ਨਾਸੂਰ ਦੇ ਨੇ।
ਵਾਰਸ ਸ਼ਾਹ ਜਾਂ ਅੰਦਰੋਂ ਗਰਮ ਹੋਇਆ
ਲਾਟਾਂ ਕੱਢੀਆਂ ਤਾਉ ਤਨੂਰ ਦੇ ਨੇ।

ਘਾਮ ਜਾਂ ਗਰਮ ਸ਼ਬਦ ਦੇ ਸਕੇ ਸੋਹਦਰੇ ਧੁਰ ਯੂਰਪ ਦੀਆਂ ਹਿੰਦ-ਆਰਿਆਈ ਭਾਸ਼ਾਵਾਂ ਵਿਚ ਵੀ ਬੈਠੇ ਹਨ। ਇਨ੍ਹਾਂ ਵਿਚੋਂ ਸਭ ਤੋਂ ਜਾਣਿਆ ਜਾਂਦਾ ਅੰਗਰੇਜ਼ੀ ਦਾ ਸ਼ਬਦ ਹੈ Warm. ਇਸ ਸ਼ਬਦ ਦੇ ਬਹੁਤ ਸਾਰੇ ਅਰਥ-ਪ੍ਰਛਾਵੇਂ ਗਰਮ ਵਾਲੇ ਹੀ ਹਨ ਜਿਵੇਂ ਨਿਘਾ, ਸਨੇਹ ਭਰਿਆ, ਉਤਸ਼ਾਹੀ, ਕ੍ਰੋਧਤ, ਸੱਜਰਾ (A warm scent), ਗਰਮ ਕੱਪੜੇ। ਫਿਰ ਵੀ ਆਮ ਤੌਰ 'ਤੇ Warm ਸ਼ਬਦ ਵਿਚ ਗਰਮ ਜਿੰਨੀ ਸ਼ਿੱਦਤ ਨਹੀਂ ਹੈ। ਕੁਝ ਸ੍ਰੋਤਾਂ ਅਨੁਸਾਰ ਤਾਂ ਅੰਗਰੇਜ਼ੀ ਦਾ Burn ਸ਼ਬਦ ਵੀ Warm ਦਾ ਸਕਾ ਹੀ ਹੈ। ਵਾਰਮ ਸ਼ਬਦ ਸੈਕਸਨ, ਫਰੀਜ਼ੀਅਨ, ਡੱਚ, ਜਰਮਨ, ਗੌਥਿਕ ਆਦਿ ਜਿਹੀਆਂ ਭਾਸ਼ਾਵਾਂ ਦੇ ਪੁਰਾਣੇ ਰੂਪਾਂ ਵਿਚ ਵੀ ਮਿਲਦਾ ਹੈ। ਪ੍ਰਾਕ-ਜਰਮਨ ਵਿਚ ਇਸ ਦਾ ਰੂਪ ਸੀ 'ਵਾਰਮਜ਼।' ਅੰਗਰੇਜ਼ੀ ਦੇ ਬਹੁਤ ਸਾਰੇ ਸ਼ਬਦਾਂ ਦਾ ਮੂਲ ਪੁਰਾਣੀ ਜਰਮੈਨਿਕ ਭਾਸ਼ਾ ਹੀ ਹੈ। ਆਰਮੀਨੀਅਨ ਵਿਚ 'ਜਰਮ' ਅਤੇ ਗਰੀਕ ਵਿਚ 'ਥਰਮੋਸ' ਦੀ ਸ਼ਕਲ ਵਿਚ ਇਹ ਸ਼ਬਦ ਮਿਲਦਾ ਹੈ। ਇਨ੍ਹਾਂ ਸ਼ਬਦਾਂ ਦਾ ਅਰਥ ਗਰਮ ਹੀ ਹੈ। ਗਰੀਕ ਥਰਮੋਸ ਪੁਰਾਣੀ ਫਰਾਂਸੀਸੀ ਵਿਚ ਦੀ ਲੰਘਦਾ ਹੋਇਆ ਅੰਗਰੇਜ਼ੀ ਵਿਚ ਚਲੇ ਗਿਆ। ਇਸ ਦਾ ਮੁਢਲਾ ਅਰਥ ਸੀ, 'ਗਰਮ ਚਸ਼ਮਿਆਂ ਸਬੰਧੀ।' ਫਿਰ ਇਸ ਤੋਂ ਬਣਿਆ ਥਰਮਲ ਸ਼ਬਦ ਵਿਗਿਆਨਿਕ ਸ਼ਬਦਾਵਲੀ ਵਿਚ ਗਰਮੀ ਦੇ ਅਰਥਾਂ ਵਿਚ ਵਰਤਿਆ ਜਾਣ ਲੱਗਾ। ਅਸੀਂ ਪੰਜਾਬੀ 'ਥਰਮਲ ਪਲਾਂਟ' (ਤਾਪ ਬਿਜਲੀਘਰ) ਵਿਚ ਇਹ ਸ਼ਬਦ ਦੇਖ ਸਕਦੇ ਹਾਂ। ਇਸੇ ਤੋਂ ਅੱਗੇ ਭਖਮੇਚੂ ਦੇ ਅਰਥਾਂ ਵਾਲਾ ਥਰਮਾਮੀਟਰ ਸ਼ਬਦ ਬਣਿਆ। ਚਾਹ, ਦੁੱਧ ਆਦਿ ਗਰਮ ਰੱਖਣ ਲਈ ਥਰਮੋਸ (ਥਰਮਸ) ਦੀ ਵਰਤੋਂ ਕਿਸ ਨੇ ਨਹੀਂ ਕੀਤੀ। ਪੁਰਾਣੀ ਲਾਤੀਨੀ ਭਾਸ਼ਾ ਵਿਚ ਇਹ ਸ਼ਬਦ Fornus ਦੇ ਰੂਪ ਵਿਚ ਆਇਆ। ਇਸ ਤੋਂ ਭੱਠੀ, ਆਵਾ ਦੇ ਅਰਥਾਂ ਵਾਲਾ ਸ਼ਬਦ ਬਣਿਆ ਜੋ ਅੰਗਰੇਜ਼ੀ ਵਿਚ ਆ ਕੇ Furnace ਕਹਾਇਆ। ਚਿਮਟੇ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ Forceps ਵੀ ਇਸੇ ਮਾਰਗ ਰਾਹੀਂ ਅੰਗਰੇਜ਼ੀ ਵਿਚ ਆਇਆ। ਚਿਮਟੇ ਦਾ ਅੱਗ ਜਾਂ ਗਰਮੀ ਨਾਲ ਹੀ ਤਾਂ ਸਬੰਧ ਹੈ। ਇਸ ਦਾ ਸ਼ਾਬਦਿਕ ਅਰਥ ਹੈ, ਗਰਮੀ ਨੂੰ ਪਕੜਨ ਵਾਲਾ।

---

# ਸਿੱਲ੍ਹ

ਕਿਹੜੇ ਮਰਦ ਨਾਲ? ਕਿਸ ਨੇ ਪਹਿਲਾਂ ਛੱਡ ਦੂਜਾ ਰੱਖਿਆ ਹੈ...ਕਿਹੜੀ ਕੁੜੀ ਕਿਸ ਦੇ ਮੁੰਡੇ ਨਾਲ ਖੇਹ ਖਾਂਦੀ ਹੈ? ਕਿਸ ਦਾ ਮਰਦ ਭਾਗਾ। ਕਿਸ ਕੀ ਔਰਤ ਭਾਗੀ...। ਮਾਂ ਜੈਸੀ ਹੀ ਹੋਤੀ ਹੈਂ ਬੇਟੀਆਂ ਭੀ। ਤਾਰੋ ਕੀ ਬੇਟੀ ਕੋ ਤੀਸਰਾ ਮਹੀਨਾ ਹੈ ਹਾਏ ਰਾਮ ਤੇਰ੍ਹਾਂ ਬਰਸ ਕੀ ਲੜਕੀ...ਆਗ ਲਗੀ ਸੈ ਜ਼ਮਾਨੇ ਕੋ ਤੋ।"

"ਅਰੀ ਤਾਰੋ ਨੇ ਝੁੱਗੀਓਂ ਕਾ ਕੌਨ ਸਾ ਮਰਦ ਛੋੜਾ ਹੈ? ਅਬ ਬੇਟੀ ਕੋ ਕਿਆ ਕਹੇ। ਪਾਂਚ ਹਜ਼ਾਰ ਲੀਆ ਹੈ ਡਾਕਟਰ ਨੇ।"

"ਅੱਗ ਚਬਾਣ ਲੱਗੇ ਨੇ ਅੱਜ ਕਲ ਦੇ ਮੁੰਡੇ ਕੁੜੀਆਂ। ਕੋਈ ਸ਼ਰਮ, ਹਯਾ, ਪਰਦਾ ਤਾਂ ਰਿਹਾ ਹੀ ਨਹੀਂ...ਸਭ ਕੁਝ ਖੁਲ੍ਹ-ਮ-ਖੁਲ੍ਹਾ ਹੋ ਗਿਆ ਹੈ...ਅੱਗ ਫੱਕਦੇ ਨੇ ਅੰਗਾਰ ਹਗਦੇ ਨੇ।" ਚੰਨੀ ਨੇ ਬੜੀ ਗੰਭੀਰ ਹੋ ਕੇ ਕਿਹਾ। "ਸਾਡੀ ਪੀੜ੍ਹੀ ਨੂੰ ਤਾਂ ਇਸ ਉਮਰ ਵਿਚ ਆਪਣੀ ਵੀ ਹੋਸ਼ ਨਹੀਂ ਸੀ ਹੁੰਦੀ।"

ਫੇਰ ਗੱਲਾਂ ਦਾ ਮੋੜ ਇਕ ਦੂਜੀ ਵੱਲ ਮੁੜ ਜਾਂਦਾ। ਕਿਹੜੀ ਅੱਜ ਸੁਸਤ ਏ? ਕਿਸ ਨੂੰ ਨੀਂਦ ਆ ਰਹੀ ਏ? ਕਿਸ ਦਾ ਕੰਮ ਕਰਨ ਨੂੰ ਜੀਅ ਨਹੀਂ ਕਰਦਾ? ਇਕ ਦੂਜੀ ਨੂੰ ਨੰਗੇ, ਗੰਦੇ ਮਖੋਲ ਕਰਦੀਆਂ ਹਸਦੀਆਂ, ਗੁਟਕਦੀਆਂ। ਆਪ ਬੀਤੀਆਂ-ਜਗ ਬੀਤੀਆਂ ਸੁਣਦੀਆਂ-ਸੁਣਾਂਦੀਆਂ ਇਕ ਦੂਜੀ ਨੂੰ ਛੇੜਦੀਆਂ ਜ਼ੋਰ-ਜ਼ੋਰ ਦੀ ਠਹਾਕੇ ਮਾਰਦੀਆਂ। ਚੰਨੀ ਵੀ ਸਾਰੀਆਂ ਨਾਲ ਹੱਸ-ਹੱਸ ਦੂਹਰੀ ਹੁੰਦੀ ਹੈ। ਪੇਟ ਘੁਟ ਕੇ ਫੜਦੀ ਨੇ ਮੁੰਨੀ ਬਾਈ ਨੂੰ ਮਸ਼ਕਰੀ ਕੀਤੀ, "ਤੁਮ ਤੋ ਹਰ ਸਾਲ ਬੱਚਾ ਪੈਦਾ ਕਰਤੀ ਹੋ ਮੁੰਨੀ। ਕੈਸੇ ਬਈ? ਸਾਸ ਭੀ, ਬੱਚੇ ਭੀ, ਛੋਟੀ ਸੀ ਝੁਗੀ ਮੇਂ। ਤੇਰੀ ਬੇਟੀ ਭੀ ਤੋ ਦਸ ਬਾਰ੍ਹਾਂ ਬਰਸ ਕੀ ਹੈ।" ਤੇ ਆਪੇ ਹੀ ਲੋਟ ਪੋਟ ਹੁੰਦੀ ਰਹੀ।

ਧੁੱਪ ਦੇ ਨਾਲ ਇਹ ਟੋਲੀ ਵੀ ਸਰਕਦੀ ਹੈ। ਚੰਨੀ ਬੀਬੀ ਦੀ ਕੁਰਸੀ ਵੀ ਆਪੇ ਹੀ ਚੁੱਕ ਲੈਂਦੀਆਂ ਹਨ। ਸਾਰੀਆਂ ਹੀ ਆਪਣੀਆਂ ਬੱਚੀਆਂ ਨੂੰ ਕੰਮ ਵਿਚ ਹੱਥ ਵੰਡਾਉਣ ਲਈ ਨਾਲ ਲੈ ਆਂਦੀਆਂ ਹਨ। ਭਾਂਡੇ ਮਾਂਜਦੀਆਂ, ਸਫਾਈਆਂ ਕਰਦੀਆਂ, ਇਹ ਨਿੱਕੀਆਂ ਬੱਚੀਆਂ। ਸਕੂਲ ਜਾਣ ਦੀ ਉਮਰ, ਲਿਖਣ-ਪੜ੍ਹਾਣ, ਸਿੱਖਣ-ਸਿੱਖਾਣ ਦਾ ਵੇਲਾ, ਖੇਡਣ ਦੇ ਚਾਰ ਦਿਨ, ਅੱਲੜ੍ਹ ਬਚਪਨ, ਇਨ੍ਹਾਂ ਲਈ ਵੀ ਨਵੀਂ ਸਦੀ ਦਾ ਆਗਮਨ ਹੋਇਆ ਹੈ। ਕੀ ਫਰਕ ਪਏਗਾ ਉਨੀਵੀਂ, ਵੀਹਵੀਂ ਜਾਂ ਇਕੀਵੀਂ ਸਦੀ ਦਾ? ਮੈਂ ਆਪਣੀ ਬਾਲਕੋਨੀ ਵਿਚੋਂ ਵੇਖਦੀ ਸੋਚਦੀ ਹਾਂ 'ਇਨ੍ਹਾਂ ਤਾਂ ਮੈਲ, ਜੂਠਣ, ਗੰਦਗੀ ਧੋਣੀ ਹੈ। ਪੀੜ੍ਹੀ-ਦਰ-ਪੀੜ੍ਹੀ, ਇਨ੍ਹਾਂ ਦਾ ਇਹੋ ਜੀਵਨ ਹੈ ਇਹੋ ਨਿਰਬਾਹਾ।'

ਮੈਂ ਬੱਚੀਆਂ ਵੱਲ ਵੇਖਦੀ ਰਹਿੰਦੀ ਹਾਂ। ਬੇਢਬੇ ਕੱਪੜੇ ਉਤਰਨ...ਕੋਈ ਬਹੁਤ ਲੰਮੇ...ਕੋਈ ਬਹੁਤ ਛੋਟੇ ਤੰਗ। ਖਿਲਰੇ ਵਾਲ, ਬਿਆਈਆਂ ਫੁੱਟੇ ਕਾਲੇ ਸਿਆਹ ਪੈਰ, ਮੈਲ ਭਰੀਆਂ ਹੱਥਾਂ ਦੀਆਂ ਲਕੀਰਾਂ, ਗੰਦੇ ਕੱਪੜੇ। ਮਾਂਵਾਂ ਦੁਪਹਿਰ ਨੂੰ ਗੱਪਾਂ ਮਾਰਦੀਆਂ ਸੁਸਤਾਂਦੀਆਂ ਹਨ ਤਾਂ ਇਹ ਬੱਚੀਆਂ ਪੀਂਘਾਂ ਝੂਟਦੀਆਂ, ਮਰੀ ਗਰਾਊਂਡ, ਰਿਡਲਜ਼ ਦੁਆਲੇ ਖੇਡਦੀਆਂ ਹਨ। ਸ਼ੁਕਰ ਹੈ, ਕਲੋਨੀ ਦੇ ਬੱਚੇ ਇਸ ਵੇਲੇ ਸਕੂਲ ਹੁੰਦੇ ਹਨ, ਨਹੀਂ ਤਾਂ ਧੱਕੇ ਮਾਰ ਕੇ ਇਨ੍ਹਾਂ ਨੂੰ ਬਾਗ ਵਿਚੋਂ ਬਾਹਰ ਕੱਢ ਦੇਣ।

ਫਿਰ ਆਪ ਹੀ ਸੋਚਦੀ ਹਾਂ "ਜ਼ਿੰਦਗੀ ਤਾਂ ਹੈ, ਜੀਉਂ ਤਾਂ ਰਹੀਆਂ ਹਨ, ਖਾ ਹੰਢਾ ਰਹੀਆਂ ਹਨ, ਜੀਵਨ ਹੈ। ਸ਼ੁਕਰ ਏ ਇਨ੍ਹਾਂ ਦੀਆਂ ਮਾਂਵਾਂ ਨੂੰ ਸੋਨੋਗਰਾਫੀ ਦਾ ਪਤਾ ਨਹੀਂ ਜਾਂ ਪੈਸੇ ਨਹੀਂ ਹੁੰਦੇ ਕਿ ਇਨ੍ਹਾਂ ਦੀਆਂ ਸੰਘੀਆਂ ਕੁੱਖ ਵਿਚ ਹੀ ਘੋਟ ਦੇਣ। ਹੁਣ ਇਹ ਆਪਣੀਆਂ ਮਾਂਵਾਂ ਦੀਆਂ ਸੱਜੀਆਂ ਬਾਹਵਾਂ ਹਨ, ਮਦਦ ਕਰਾਉਣ ਵਾਲੇ ਹੱਥ ਹਨ।

ਮੈਂ ਬੱਚੀਆਂ ਨੂੰ ਖੇਡਦੇ ਵੇਖ ਖੁਸ਼ ਹੁੰਦੀ ਰਹਿੰਦੀ ਹਾਂ। ਚੰਨੀ ਬਾਰੇ ਇਕ ਸੋਚ ਝੰਜੋੜਦੀ ਹੈ, 'ਇਨ੍ਹਾਂ ਮਾਈਆਂ ਦੀਆਂ ਖੁਲ੍ਹੀਆਂ, ਨੰਗੀਆਂ, ਗੰਦੀਆਂ ਗੱਲਾਂ ਵਿਚੋਂ ਚੰਨੀ ਨੂੰ ਕੀ ਤਸਲੀ ਮਿਲਦੀ ਏ? ਇਸ ਦੇ ਤਨ ਦਾ ਕਿਹੜਾ ਖਾਲੀ ਖੱਪਾ ਭਰਦਾ ਹੈ? ਕਿਉਂ ਉਹ ਖਿੜ-ਖਿੜ ਪੈਂਦੀ, ਹੱਸਦੀ-ਹੱਸਦੀ ਲਾਲ ਸੁਰਖ ਹੋ ਜਾਂਦੀ ਹੈ? ਕੀ ਹਾਸਲ ਹੁੰਦਾ ਹੈ? ਸ਼ਾਇਦ ਉਹ ਆਪਣੇ ਆਦਮੀ ਦੀ ਅਣਹੋਂਦ ਇਹੋ ਜਿਹੀਆਂ ਗੱਲਾਂ ਦੇ ਚਟਖਾਰੇ ਲੈ ਕੇ ਪੂਰਦੀ ਹੋਏ। ਉਸ ਦੇ ਤਨ ਤੇ ਕੰਧਾਂ ਦੀ ਸਿੱਲ ਦੋਵੇਂ ਰਲ ਮਿਲ ਬੇਚੈਨ ਕਰਦੀਆਂ ਹਨ।

ਚਾਰ ਪੰਜ ਦਿਨਾਂ ਤੋਂ ਬਾਗ ਝੀਲ ਬਣਿਆ ਹੈ। ਨਹਾਤੇ ਧੋਤੇ ਰੁੱਖ, ਬੂਟੇ ਵੀ ਚੁੱਪ ਹਨ। ਮੈਂ ਵੀ ਆਪਣੇ ਘਰ ਉਦਾਸ ਬੈਠੀ ਹਾਂ। ਬਾਲੋਕਨੀ ਵਿਚੋਂ ਹੁਣ ਕੋਈ ਵੀ ਰੰਗ ਘਾਹ ਉਤੇ ਖਿੜਿਆ ਨਹੀਂ ਦਿਸਦਾ। ਘਾਹ ਦੀ ਕਿਸੇ ਲੰਮੀ ਤ੍ਰਿੜ ਨੇ ਹੀ ਸਿਰ ਬਾਹਰ ਕੱਢਿਆ ਹੈ। ਬਾਕੀ ਚੁਤਰਫੀ ਪਾਣੀ ਹੀ ਪਾਣੀ ਹੈ ਸਿੱਲ੍ਹੀਆਂ ਕੰਧਾਂ ਹਨ ਬਾਗ ਦੀਆਂ, ਘਰਾਂ ਦੀਆਂ। ਪਰਿੰਦੇ ਚੁੱਪ ਦੁਬਕੇ ਹੋਏ ਸਿਲ੍ਹੀਆਂ ਕੰਧਾਂ ਦੀਆਂ ਓਟਾਂ 'ਚ ਬੈਠੇ ਹਨ। ਅਕਾਸ਼ ਦਾ ਟੋਟਾ ਤਾਰੀ ਤਰ ਰਿਹਾ ਹੈ, ਬੱਦਲ ਇਕ ਦੂਜੇ ਪਿੱਛੇ ਦੌੜ ਰਹੇ ਹਨ। ਚੌਹਾਂ ਗੁੱਠਾਂ 'ਚ ਚੁੱਪ ਹੈ, ਸਿੱਲ੍ਹ ਹੈ। ਮੈਂ ਚੰਨੀ ਦੀ ਚੁੱਪ ਬਾਰੇ ਸੋਚ ਬੇਚੈਨ ਹੋ ਜਾਂਦੀ ਹਾਂ।

---

## ਕਾਵਿ-ਜਗਤ

### ਤਿਤਲੀਆਂ ਦੀਆਂ ਅੱਖਾਂ

ਮੈਂ ਤਿਤਲੀ ਦੀਆਂ ਅੱਖਾਂ ਨਾਲ
ਵੇਖਣਾ ਚਾਹੁੰਦਾ ਸੀ
ਅਮਰੀਕਾ ਦੇ ਨੰਗੇ, ਅੱਧ ਨੰਗੇ
ਅਪਰਾਧੀ, ਫਸਾਦੀ, ਜੱਲਾਦੀ
ਬਾਰੂਦੀ ਤੇ ਖਰੂਦੀ ਰੰਗ।
ਕਿਉਂਕਿ ਮੈਂ
ਆਪਣੀਆਂ ਅੱਖਾਂ ਨਾਲ ਵੇਖ ਸਕਦਾ ਹਾਂ
ਸਿਰਫ਼ ਕੁਝ ਰੰਗ।
ਤਿਤਲੀਆਂ ਵੇਖ ਸਕਦੀਆਂ ਹਨ
ਸਹੰਸਰ ਰੰਗ ਪਰ ਤਿਤਲੀਆਂ ਨੇ
ਅਜੇ ਅੱਖਾਂ ਦਾਨ ਕਰਨ ਦੀ
ਵਸੀਅਤ ਨਹੀਂ ਕੀਤੀ।

***-ਡਾ. ਜਗਤਾਰ***

---

### ਹੱਸਣਾ ਪੈਂਦਾ

ਵਕਤ ਜਿਹੋ ਜਿਹਾ ਮਰਜੀ ਹੋਵੇ
ਕੱਟਣਾ ਪੈਂਦਾ ਹੈ।
ਬੁਰੇ ਹਾਲਾਤ ਵਿਚ ਵੀ
ਕਈ ਵਾਰ ਹੱਸਣਾ ਪੈਂਦਾ ਹੈ।

ਦਰਦ ਵੰਡਾਉਣ ਵਾਲੇ ਵੀ
ਲੋਕੀਂ ਕੋਲ ਈ ਹੁੰਦੇ ਆ।
ਪਿੱਠ 'ਤੇ ਛੁਰੇ ਚਲਾਉਣ ਵਾਲੇ ਵੀ
ਕੋਲ ਈ ਹੁੰਦੇ ਆ।
ਤਕੜੇ ਨਾਲ ਲਾ ਮੱਥਾ
ਪਿੱਛੇ ਹਟਣਾ ਪੈਂਦਾ ਹੈ।

ਮਗਰੋਂ ਕਰਦੇ ਨਿੰਦਿਆ
ਮੂੰਹ 'ਤੇ ਸਿਫਤਾਂ ਕਰਦੇ ਜੋ।
ਰੱਜ ਕੇ ਰੋਟੀ ਖਾਂਦਿਆਂ ਨੂੰ ਨਾ
ਅੰਦਰੋਂ ਜਰਦੇ ਉਹ।
ਖਾਰ ਖਾਂਦਿਆਂ ਤੋਂ ਤਾਂ
ਪਾਸਾ ਵੱਟਣਾ ਪੈਂਦਾ ਹੈ।

ਮਿਸ਼ਰੀ ਤੋਂ ਵੀ ਮਿੱਠੇ
ਤੇ ਕਈ ਪੁੜੀਆਂ ਜ਼ਹਿਰ ਦੀਆਂ।
ਖੁਸ਼ੀਆਂ, ਗਮੀਆਂ ਹਰ ਥਾਂ
ਨਈਂ ਇਹ ਇਕ ਥਾਂ ਠਹਿਰਦੀਆਂ।
ਨਾ ਮਿਲੇ ਦੁਕਾਨਾਂ ਵਿਚੋਂ
ਪੁੰਨ ਤਾਂ ਖੱਟਣਾ ਪੈਂਦਾ ਹੈ।

ਉਡ ਕੇ ਗੱਲਾਂ ਪਹੁੰਚ ਜਾਂਦੀਆਂ
ਹੱਟੀ-ਭੱਠੀ 'ਤੇ।
ਤੀਰ ਨਿਸ਼ਾਨੇ ਲੱਗਦੇ,
ਵੇਖਿਆ ਚੁੱਪ ਵੱਟੀ 'ਤੇ।
ਵਿਛੜੇ ਸੱਜਣਾਂ ਦੇ ਰਾਹਾਂ ਨੂੰ
ਤੱਕਣਾ ਪੈਂਦਾ ਹੈ।

ਲਾਲਚ ਪਿਛੇ ਲੱਗ ਕੇ
ਮਛਲੀ ਅੱਗੇ ਤੁਰਦੀ ਆ।
ਚੀਮਨੇ ਵਾਲਿਆ ਆਖਰ
ਪੱਥਰ ਚੱਟ ਕੇ ਮੁੜਦੀ ਆ।
'ਰਾਜ' ਬਨਾਉਟੀ ਮਾਣ-ਤਾਣ ਵੀ
ਰੱਖਣਾ ਪੈਂਦਾ ਹੈ।
ਬੁਰੇ ਹਾਲਾਤ ਵਿਚ ਵੀ
ਕਈ ਵਾਰ ਹੱਸਣਾ ਪੈਂਦਾ ਹੈ।

***-ਰਾਜ ਧਾਲੀਵਾਲ***

# ਹਮਲੇ ਅਤੇ ਹਮਲਾਵਰ

***ਵਾਈਕਿੰਗ ਵੱਲੋਂ ਪੰਜਾਬ ਪੁਲਿਸ ਦੇ ਸਾਬਕਾ ਮੁਖੀ ਜੇ.ਐਫ. ਰਿਬੇਰੋ ਦੀ 1998 ਵਿਚ ਛਾਪੀ ਕਿਤਾਬ 'ਬੁੱਲਟ ਫਾਰ ਬੁੱਲਟ ਦੇ ਕੁੱਝ ਪੰਨਿਆਂ ਦਾ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਉਘੇ ਲੇਖਕ ਪ੍ਰੋ. ਹਰਪਾਲ ਸਿੰਘ ਪੰਨੂ ਵਲੋਂ ਕੀਤਾ ਗਿਆ ਹੈ। ਇਸ ਦਾ ਇਕ ਹਿੱਸਾ ਅਸੀਂ 25 ਮਈ ਦੇ ਅੰਕ ਵਿਚ ਛਾਪ ਚੁਕੇ ਹਾਂ। ਪ੍ਰੋ. ਪੰਨੂ ਨੇ ਇਸ ਲੇਖ ਵਿਚ ਪੰਜਾਬ ਦੇ ਉਨ੍ਹਾਂ ਕਾਲੇ ਦਿਨਾਂ ਦੌਰਾਨ ਆਪਣੇ ਨਾਲ ਵਾਪਰੀਆਂ ਕੁਝ ਘਟਨਾਵਾਂ ਦੇ ਨਾਲ ਨਾਲ ਜਲੰਧਰ ਵਿਚ ਪੁਲਿਸ ਮੁਖੀ ਜਨਰਲ ਰਿਬੇਰੋ ਬਾਰੇ ਕੁਝ ਤੱਥ ਪੇਸ਼ ਕੀਤੇ ਹਨ। ਇਸ ਲੇਖ ਵਿਚ ਪੁਸਤਕ 'ਬੁਲਿਟ ਫਾਰ ਬੁਲਿਟ' ਵਿਚੋਂ ਕੁਝ ਹਵਾਲੇ ਵੀ ਦਿਤੇ ਗਏ ਹਨ। -ਸੰਪਾਦਕ***

ਮੈਂ ਸਮਝਦਾ ਹਾਂ ਕਿ ਭਾਰਤ ਸਰਕਾਰ ਦੀ ਮੱਤ ਮਾਰੀ ਗਈ ਸੀ ਜਦੋਂ ਫੌਜ ਨੇ ਮੈਨੂੰ ਸਿੱਖ ਸਮਝ ਕੇ ਗ੍ਰਿਫਤਾਰ ਕੀਤਾ। ਅੱਧੀ ਰਾਤ, ਚਾਰੇ ਪਾਸੇ ਸਰਚ ਲਾਈਟਾਂ, ਘੰਟੀ ਖੜਕੀ, ਤਾਕੀ ਵਿਚੋਂ ਬਾਹਰ ਦੇਖਿਆ ਤਾਂ ਸਾਹਮਣੇ ਗੁਆਂਢੀਆਂ ਦੀਆਂ ਛੱਤਾਂ ਉਪਰ ਬੰਦੂਕਾਂ ਦੀਆਂ ਨਾਲੀਆਂ ਮੇਰੇ ਘਰ ਵਲ ਤਾਣੀ ਸਿਪਾਹੀ ਦੇਖੇ। ਦਰਵਾਜਾ ਖੋਲ੍ਹਿਆ, ਦੋ ਜੁਆਨਾਂ ਨੇ ਮੇਰੀਆਂ ਬਾਹਾਂ ਕੱਸ ਕੇ ਪਿਛੇ ਬੰਨ੍ਹ ਦਿੱਤੀਆਂ। ਕਰਨਲ ਨੇ ਪੁੱਛਿਆ, "ਪ੍ਰੋਫੈਸਰ ਪੰਨੂ?" ਮੈਂ ਕਿਹਾ, "ਹਾਂ।" ਘਰ ਦੀ ਤਲਾਸ਼ੀ

ਹਰਪਾਲ ਸਿੰਘ ਪੰਨੂ
ਫੋਨ: 91-94642-51454

ਸ਼ੁਰੂ ਹੋ ਗਈ। ਸੰਦੂਕ ਵਿਚੋਂ ਕੱਪੜਾ-ਲੱਤਾ ਬਾਹਰ ਸੁੱਟ ਦਿਤਾ। ਵਿਚ ਰੰਮ ਦੀ ਬੋਤਲ ਪਈ ਸੀ। ਠਾਣੇਦਾਰ ਨੇ ਬੋਤਲ ਕਰਨਲ ਨੂੰ ਦਿਖਾ ਕੇ ਕਿਹਾ, "ਜਨਾਬ ਲੈ ਚੱਲੀਏ ਇਹ?" ਕਰਨਲ ਨੇ ਪੁੱਛਿਆ, "ਇਹਦਾ ਕੀ ਕਰਨੈ?" ਠਾਣੇਦਾਰ ਬੋਲਿਆ, "ਇਹਦੇ ਸਾਹਮਣੇ ਰੱਖ ਕੇ ਫੋਟੋ ਅਖਬਾਰਾਂ ਵਿਚ ਛਪਵਾ ਦਿਆਂਗੇ।"

ਕਰਨਲ ਨੇ ਮੈਨੂੰ ਪੁੱਛਿਆ, "ਵਿਸਕੀ ਪੀ ਲੈਂਦੇ ਹੋ?" ਮੈਂ ਕਿਹਾ, "ਨਹੀਂ। ਮੇਰਾ ਵੱਡਾ ਭਰਾ ਏਅਰ ਫੋਰਸ ਵਿਚ ਵਾਰੰਟ ਅਫਸਰ ਹੈ। ਦੋ ਬੋਤਲਾਂ ਲਿਆਇਆ ਸੀ। ਇਕ ਪੀ ਗਿਆ, ਇਕ ਅਗਲੀ ਵਾਰੀ ਆਏਗਾ, ਪੀ ਲਏਗਾ।" ਠਾਣੇਦਾਰ ਨੇ ਹੱਥ ਵਿਚ ਫੜੀ ਬੋਤਲ ਦਾ ਲੇਬਲ ਪੜ੍ਹਿਆ, "ਜਨਾਬ ਵਾਕਈ ਮਿਲਟਰੀ ਦੀ ਹੈ। ਸਿਵਲੀਅਨ ਬੰਦਾ ਮਿਲਟਰੀ ਦੀ ਰੰਮ ਅਪਣੇ ਕੋਲ ਨਹੀਂ ਰੱਖ ਸਕਦਾ। ਕੇਸ ਬਣਦਾ ਹੈ।" ਕਰਨਲ ਨੇ ਉਸ ਨੂੰ ਡਾਂਟਿਆ, "ਆਪਣਾ ਕੰਮ ਸ਼ਰਾਬ ਫੜਨਾ ਨਹੀਂ, ਹਥਿਆਰ ਤੇ ਖਾਲਿਸਤਾਨੀ ਫੜ੍ਹਨਾ ਹੈ। ਸਮਝਿਆ? ਬੋਤਲ ਉਥੇ ਰੱਖ ਤੇ ਤਲਾਸ਼ੀ ਵਿਚ ਸ਼ਾਮਲ ਹੋ ਜਾਹ।"

ਮੇਰਾ ਪੀਐਚ.ਡੀ. ਦਾ ਕੰਮ ਲਗਭਗ ਮੁਕੰਮਲ ਹੋ ਗਿਆ ਸੀ। ਉਨ੍ਹਾਂ ਨੇ ਕਾਗਜ਼ਾਂ ਦਾ ਥੱਬਾ ਚੁੱਕ ਲਿਆ, ਪਤਾ ਨਹੀਂ ਕੀ ਹੈ, ਸ਼ਾਇਦ ਖਾਲਿਸਤਾਨੀ ਲਿਟਰੇਚਰ ਹੋਵੇ, ਬਾਦ ਵਿਚ ਪੜਤਾਲ ਕਰ ਲਾਂਗੇ, ਚੁੱਕ ਲਓ। ਅੱਜ ਤਕ ਵਾਪਸ ਨਹੀਂ ਮਿਲੇ। ਜੇਲ੍ਹ ਵਿਚ ਦੁਬਾਰਾ ਲਿਖਣਾ ਸ਼ੁਰੂ ਕੀਤਾ। ਸੰਤ ਜਰਨੈਲ ਸਿੰਘ ਦੀ ਤਾਸ਼ ਦੇ ਪੱਤੇ ਜਿੱਡੀ ਕੁ ਤਸਵੀਰ ਕਾਨਸ 'ਤੇ ਪਈ ਸੀ। ਠਾਣੇਦਾਰ ਨੇ ਕਰਨਲ ਨੂੰ ਦਿਖਾਈ। ਕਰਨਲ ਨੇ ਕਿਹਾ, "ਜੇ ਇਸ ਨਾਲ ਕੇਸ ਮਜਬੂਤ ਹੁੰਦੈ ਤਾਂ ਚੱਕ ਲੈ, ਵੈਸੇ, ਗਜ ਗਜ ਵੱਡੇ ਕੈਲੰਡਰ ਬਜਾਰ ਵਿਚ ਵਿਕ ਰਹੇ ਨੇ ਜਰਨੈਲ ਸਿੰਘ ਦੇ। ਦੋ ਰੁਪਈਆਂ ਦਾ ਵੱਡਾ ਕੈਲੰਡਰ ਖਰੀਦ ਇਸ ਕੋਲੋਂ ਬਰਾਮਦ ਦਿਖਾ ਕੇ ਵੱਡਾ ਕੇਸ ਬਣਾ।"

ਪਿਛਲੇ ਪਾਸੇ ਹੱਥ ਬੰਨ੍ਹੇ ਹੋਣ ਕਾਰਨ ਮੈਂ ਆਪ ਚੜ੍ਹ ਨਹੀਂ ਸਕਦਾ ਸਾਂ, ਤਿੰਨ ਚਾਰ ਫੌਜੀਆਂ ਨੇ ਚੁਕ ਕੇ ਮੈਨੂੰ ਵੈਨ ਵਿਚ ਵਗਾਹ ਕੇ ਮਾਰਿਆ। ਅੱਖਾਂ ਉਪਰ ਕੱਸ ਕੇ ਇਕ ਤੌਲੀਆ ਬੰਨ੍ਹ ਦਿਤਾ ਜਿਸ ਨੇ ਹੇਠਾਂ ਨੱਕ ਵੀ ਢਕ ਲਿਆ। ਮੈਂ ਕਿਹਾ, "ਇਹ ਤੌਲੀਆ ਨੱਕ ਤੋਂ ਜਰਾ ਉਪਰ ਕਰ ਦਿਉ, ਬਹੁਤ ਬਦਬੂਦਾਰ ਹੈ।" ਮੇਰੇ ਜਿਸਮ ਉਪਰ ਲੱਤਾਂ ਅਤੇ ਮੁੱਕਿਆਂ ਦੀ ਬਾਰਸ਼ ਹੋਈ। ਇਹ ਸਤਿਕਾਰ ਕਿੰਨੇ ਦਿਨ ਹੁੰਦਾ ਰਿਹਾ, ਵੋ ਕਹਾਨੀ ਫਿਰ ਸਹੀ। ਆਖਰ ਟਾਰਚਰ ਮੁਕੰਮਲ ਹੋਣ ਪਿਛੋਂ ਜੇਲ੍ਹ ਵਿਚ ਛੱਡ ਗਏ। ਭਲੇਮਾਨਸ ਹੋਣਗੇ ਜਿਹੜੇ ਜਿਉਂਦਾ ਛੱਡ ਗਏ।

ਜੇਲ੍ਹ ਵਿਚ ਬੰਦ ਦਿਨ ਕਟੀ ਕਰਦਿਆਂ ਪਤਾ ਲੱਗਾ ਕਿ ਪੰਜਾਬ ਪੁਲਿਸ ਚੀਫ ਜੂਲੀਅਨ ਐਫ. ਰਿਬੇਰੋ ਉਪਰ ਹਮਲਾ ਹੋ ਗਿਆ ਹੈ। ਹਮਲਾਵਰ ਜਲੰਧਰ ਦੇ ਪੀ ਏ ਪੀ ਕੰਪਲੈਕਸ ਦੇ ਅੰਦਰ ਤੱਕ ਚਲੇ ਗਏ ਤੇ ਹਮਲਾ ਕਰਕੇ ਵਾਪਸ ਪਰਤ ਗਏ। ਸਖਤ ਸੁਰੱਖਿਆ ਵਿਚ ਘਿਰਿਆ ਪੁਲਿਸ ਕੰਪਲੈਕਸ। ਹਮਲਾਵਰ ਜੀਪ ਵਿਚ ਆਏ, ਗੋਲੀਆਂ ਦੀ ਵਾਛੜ ਕੀਤੀ ਤੇ ਚਲੇ ਗਏ। ਉਦੋਂ ਤਾਂ ਨਹੀਂ ਪਰ ਕੁੱਝ ਅਰਸੇ ਬਾਦ ਗ੍ਰਿਫਤਾਰ ਕਰ ਲਏ ਗਏ। ਅਦਾਲਤੀ ਕਾਰਵਾਈ ਜੇਲ੍ਹ ਵਿਚ ਚੱਲਿਆ ਕਰਦੀ ਸੀ। ਪੇਸ਼ੀ 'ਤੇ ਜਾਂਦਿਆਂ ਇਕ ਨੇ ਕਿਹਾ, "ਅੱਜ ਰਿਬੇਰੋ ਨੇ ਸ਼ਨਾਖਤ ਕਰਨ ਆਉਣਾ ਹੈ ਪਰ ਆਏਗਾ ਨਹੀਂ।" ਪੁੱਛਿਆ, "ਤੁਹਾਡੇ ਤੋਂ ਡਰਦੈ?" ਜਵਾਬ ਸੀ, "ਨਹੀਂ ਇਹ ਗੱਲ ਨਹੀਂ। ਡਰਨ ਡੁਰਨ ਦੀ ਕੋਈ ਗੱਲ ਨ੍ਹੀਂ। ਅਸੀਂ ਉਹਨੂੰ ਤੇ ਉਹਦੀ ਜਨਾਨੀ ਨੂੰ ਜ਼ਮੀਨ ਉਪਰ ਲੋਟਣੀਆਂ ਖੁਆ ਦਿਤੀਆਂ ਸਨ ਨਾ, ਬਸ ਸ਼ਰਮਿੰਦਗੀ ਦਾ ਮਾਰਿਆ ਮੂੰਹ ਨਹੀਂ ਦਿਖਾਏਗਾ।" ਰਿਬੇਰੋ ਕਦੀ ਨਹੀਂ ਆਇਆ।

ਪਤਾ ਲੱਗਾ ਕਿ ਰਿਬੇਰੋ ਗ੍ਰਿਫਤਾਰ ਹੋਏ ਇਨ੍ਹਾਂ ਬੰਦੀਆਂ ਨੂੰ ਠਾਣੇ ਦੀ ਹਵਾਲਾਤ ਵਿਚ ਮਿਲ ਕੇ ਗਿਆ ਸੀ, ਪੁੱਛਿਆ ਸੀ, "ਪੁਲਿਸ ਨੇ ਜ਼ਿਆਦਤੀ ਤਾਂ ਨਹੀਂ ਕੀਤੀ?" ਪੁਲਿਸ ਨੂੰ ਕਹਿ ਕੇ ਗਿਆ ਸੀ, "ਸਖਤੀ ਨਹੀਂ ਵਰਤਣੀ।" ਪਤਾ ਲੱਗਾ, ਇਸ ਵਾਰਦਾਤ ਦਾ ਮੁਖੀ ਨਾ ਖਾੜਕੂ ਸੀ, ਨਾ ਖਾਲਿਸਤਾਨੀ। ਭੈਣ ਦਾ ਸੁਨੇਹਾ ਮਿਲਿਆ, "ਇਸ ਵਾਰ ਰੱਖੜੀ ਬੰਨ੍ਹਣ ਪੇਕੇ ਨਹੀਂ ਆ ਸਕਦੀ। ਇਥੇ ਆ ਕੇ ਬੰਨ੍ਹਾ ਜਾਹ ਵੀਰ।" ਮੁੰਡੇ ਨੇ ਮਿਠਾਈ ਦਾ ਡੱਬਾ, ਸੂਟ ਤੇ ਪੈਸੇ ਜੇਬ ਵਿਚ ਪਾਏ, ਮੋਟਰ ਸਾਈਕਲ 'ਤੇ ਸਵਾਰ ਹੋ ਰੱਖੜੀ ਬਨ੍ਹਾਉਣ ਸੜਕ 'ਤੇ ਚੜ੍ਹ ਗਿਆ। ਥੋੜੀ ਦੂਰ ਪੁਲਿਸ ਦਾ ਨਾਕਾ ਸੀ, ਰੁਕਣ ਦਾ ਇਸ਼ਾਰਾ ਕੀਤਾ, ਰੁਕ ਗਿਆ। ਮੋਟਰ ਸਾਈਕਲ ਇਕ ਪਾਸੇ ਖੜ੍ਹਾ ਕਰਨ ਦਾ ਇਸ਼ਾਰਾ ਹੋਇਆ, ਸੜਕ ਕਿਨਾਰੇ ਸਟੈਂਡ 'ਤੇ ਲਾ ਦਿਤਾ। ਠਾਣੇਦਾਰ ਨੇ ਕਿਹਾ, "ਇਥੇ ਨਹੀਂ, ਉਥੇ ਹੇਠਾਂ ਖਤਾਨਾਂ ਵਿਚ।" ਹੇਠਾਂ ਲੈ ਗਿਆ। ਅੱਧ ਘੰਟਾ ਖਲੋਤਾ ਰਿਹਾ। ਫਿਰ ਠਾਣੇਦਾਰ ਕੋਲ ਗਿਆ ਤੇ ਕਿਹਾ, "ਜੀ ਕਾਗਜ ਪੱਤਰ ਦੇਖ ਲਉ, ਕੋਈ ਗੱਲ ਪੁਛਣੀ ਹੈ, ਪੁੱਛ ਲਉ।" ਠਾਣੇਦਾਰ ਬੋਲਿਆ, "ਕੁਝ ਨਹੀਂ ਪੁੱਛਣਾ-ਗਿੱਛਣਾ, ਰਿਬੇਰੋ ਸਾਹਿਬ ਦੀ ਫਲੀਟ (ਕਾਫਲਾ) ਲੰਘਣੀ ਹੈ। ਜਦੋਂ ਤੱਕ ਲੰਘ ਨ੍ਹੀਂ ਜਾਂਦੀ, ਮੋਟਰ ਸਾਈਕਲ ਸੜਕ ਉਤੇ ਨਹੀਂ ਚੜ੍ਹੇਗਾ।" ਰਿਬੇਰੋ ਦਾ ਕਾਫਲਾ ਲੰਘ ਗਿਆ ਤਾਂ ਜੁਆਨ ਨੂੰ ਚਲੇ ਜਾਣ ਦਾ ਇਸ਼ਾਰਾ ਕੀਤਾ।

ਉਹ ਰੱਖੜੀ ਤਾਂ ਬੰਨਵਾ ਆਇਆ ਪਰ ਸੋਚਦਾ ਰਿਹਾ- ਰਿਬੇਰੋ ਤਾਇਆ ਲਗਦੈ ਪੰਜਾਬ ਦੀਆਂ ਸੜਕਾਂ ਦਾ? ਸੈਕੰਡ ਹੈਂਡ ਜਿਪਸੀ ਖਰੀਦੀ। ਪੇਂਟਰ ਨੂੰ ਕਿਹਾ, ਇਸ ਨੂੰ ਪੁਲਿਸ ਟਰੈਫਿਕ ਜੀਪ ਬਣਾ ਦੇਹ, ਪਾਇਲਟ ਗੱਡੀ, ਕਸਰ ਨਾ ਰਹੇ ਕੋਈ। ਜਿਪਸੀ ਤਿਆਰ ਹੋ ਗਈ। ਚਾਰ ਵਰਦੀਆਂ ਸਵਾਈਆਂ। ਇਕ ਡੀ.ਐਸ.ਪੀ. ਦੀ, ਇਕ ਠਾਣੇਦਾਰ ਦੀ, ਦੋ ਸਿਪਾਹੀਆਂ ਦੀਆਂ। ਖਾੜਕੂ ਲੱਭੇ, ਹਥਿਆਰ ਲਏ ਤੇ ਚਲਾਉਣੇ ਸਿਖੇ।



ਤੇਜ਼ ਰਫਤਾਰ ਜਿਪਸੀ ਪੀ. ਏ. ਪੀ. ਕੰਪਲੈਕਸ ਦੇ ਗੇਟ ਅੰਦਰ ਸਵੇਰ ਸਾਰ ਦਾਖਲ ਹੋਈ। ਤੁਹਾਨੂੰ ਰੋਕਿਆ ਨਹੀਂ ਕਿਸੇ ਨੇ? ਜੀ ਰੋਕਣਾ ਤਾਂ ਕੀ, ਉਨ੍ਹਾਂ ਸਲੂਟ ਮਾਰੇ। ਅਸੀਂ ਉਨ੍ਹਾਂ ਦੇ ਹਥਿਆਰ ਚੈਕ ਕੀਤੇ ਤੇ ਅੰਦਰ ਜਾ ਵੜੇ ਜਿਥੇ ਲਾਅਨ ਵਿਚ ਰਿਬੇਰੋ ਤੇ ਉਸ ਦੀ ਪਤਨੀ ਸੈਰ ਕਰ ਰਹੇ ਸਨ। ਗੋਲੀਆਂ ਦੀ ਵਾਛੜ ਕਰ ਦਿਤੀ। ਉਹ ਜ਼ਮੀਨ 'ਤੇ ਡਿਗ ਕੇ ਲੋਟਣੀਆਂ ਖਾਣ ਲੱਗੇ। ਅਸੀਂ ਸੋਚਿਆ ਮਰ ਗਏ ਹਨ। ਚਾਰੇ ਪਾਸੇ ਨਜ਼ਰ ਮਾਰੀ। ਕੰਧਾਂ ਉਪਰ ਬੰਦੂਕਾਂ ਬੀੜੀ ਜੁਆਨ ਪੋਜ਼ੀਸ਼ਨਾਂ ਲਈ ਬੈਠੇ ਸਨ। ਹੁਣ ਗੋਲੀਆਂ ਆਈਆਂ ਕਿ ਆਈਆਂ, ਸੋਚਦੇ ਸੋਚਦੇ ਜਿਪਸੀ ਵਿਚ ਬੈਠ ਕੇ ਬਾਹਰ ਨਿਕਲ ਗਏ। ਕਿਸੇ ਪਾਸਿਓਂ ਗੋਲੀ ਨਹੀਂ ਆਈ। ਆਉਣ ਜਾਣ ਵਿਚ ਏਨਾ ਕੁ ਫਰਕ ਰਿਹਾ ਕਿ ਵਾਪਸ ਜਾਂਦਿਆਂ ਨੂੰ ਕਿਸੇ ਨੇ ਸਲੂਟ ਨਹੀਂ ਮਾਰਿਆ।

'ਬੁੱਲਟ ਫਾਰ ਬੁੱਲਟ' ਕਿਤਾਬ ਵਿਚ ਰਿਬੇਰੋ ਨੇ ਇਸ ਹਮਲੇ ਦਾ ਜ਼ਿਕਰ ਤਾਂ ਕੀਤਾ ਹੈ ਪਰ ਉਪਰ ਲਿਖਤ ਪਿਛੋਕੜ ਨਹੀਂ ਲਿਖਿਆ। ਮੈਂ ਜੋ ਸੁਣਿਆ, ਸੋ ਲਿਖ ਦਿਤਾ, ਕਿੰਨਾ ਸਹੀ ਹੈ, ਕੋਈ ਦਸ ਦਏਗਾ ਕਦੀ। ਉਹ ਮੁੰਡੇ ਹੁਣ ਜਿਉਂਦੇ ਹਨ ਕਿ ਨਹੀਂ, ਪਤਾ ਨਹੀਂ। ਮੈਂ ਇਕ ਪੁਲਿਸ ਅਫਸਰ ਨੂੰ ਪੁੱਛਿਆ, "ਰਿਹਾਇਸ਼ ਉਪਰ ਤਾਇਨਾਤ ਸੁਰੱਖਿਆ ਅਮਲੇ ਨੇ ਹਮਲਾਵਰਾਂ ਉਪਰ ਗੋਲੀਆਂ ਕਿਉਂ ਨਹੀਂ ਦਾਗੀਆਂ?" ਜਵਾਬ ਸੀ, "ਹੁਕਮ ਦੇਣ ਵਾਲਾ ਕੋਈ ਨਹੀਂ ਸੀ। ਉਨ੍ਹਾਂ ਨੂੰ ਸਮਝ ਨਹੀਂ ਲੱਗੀ ਇਹ ਕੀ ਹੋਇਆ ਹੈ। ਸ਼ਾਇਦ ਪੁਲਿਸ ਦੀ ਕੋਈ ਖਾਸ ਐਕਸਰਸਾਈਜ਼? ਬਗੈਰ ਕਿਸੇ ਦੇ ਹੁਕਮ ਦੇ, ਉਹ ਆਪਣੇ ਡੀ.ਐਸ.ਪੀ. ਉਪਰ ਗੋਲੀ ਕਿਵੇਂ ਚਲਾਉਂਦੇ?"

ਆਖਰ ਰਿਬੇਰੋ ਨੂੰ ਰੋਮਾਨੀਆਂ ਦਾ ਰਾਜਦੂਤ ਨਿਯੁਕਤ ਕਰਕੇ ਭੇਜ ਦਿਤਾ ਗਿਆ। ਉਸ ਨੂੰ ਖਬਰਾਂ ਮਿਲਦੀਆਂ ਰਹੀਆਂ ਕਿ ਚੌਕਸ ਰਹੋ, ਤੁਹਾਡੇ 'ਤੇ ਹਮਲਾ ਹੋ ਸਕਦਾ ਹੈ। ਆਉਣ ਜਾਣ ਵੇਲੇ ਦਿਸ਼ਾਵਾਂ ਬਦਲਦੇ ਰਹੋ। ਸਾਦੇ ਲਿਬਾਸ 'ਚ ਹਥਿਆਰਬੰਦ ਪੁਲਿਸ ਨੇੜੇ ਰਹਿੰਦੀ। ਆਖਰ ਇਕ ਦਿਨ ਹਮਲਾ ਹੋ ਗਿਆ। ਗੋਲੀ ਪੱਟ ਵਿਚੋਂ ਪਾਰ ਹੋ ਗਈ ਪਰ ਬਚ ਗਿਆ। ਉਸ ਕੋਲ ਗ੍ਰਹਿ ਸਕੱਤਰ ਆਇਆ ਤੇ ਪੁੱਛਿਆ, "ਹਮਲਾਵਰ ਫੜ ਲਏ ਗਏ ਹਨ। ਇੰਗਲੈਂਡ ਤੋਂ ਆਏ ਹਨ। ਕਿੰਨੇ ਪੈਸੇ ਲੈ ਕੇ ਰਾਜ਼ੀਨਾਮਾ ਕਰਨਾ ਹੈ?"

ਰਿਬੇਰੋ ਤੈਸ਼ ਵਿਚ ਆ ਗਿਆ, "ਮੈਂ ਵਿਕਾਊ ਮਾਲ ਹਾਂ ਕੋਈ?" ਸਕੱਤਰ ਨੇ ਕਿਹਾ, "ਅਜਿਹੀ ਕੋਈ ਗੱਲ ਨਹੀਂ ਸ੍ਰੀਮਾਨ ਜੀ। ਸਾਡੇ ਦੇਸ ਦੇ ਕਾਨੂੰਨ ਅਨੁਸਾਰ ਦੋਸ਼ੀ ਤੋਂ ਮੁਆਵਜ਼ਾ ਲੈ ਕੇ ਪੀੜਤ ਰਾਜ਼ੀਨਾਮਾ ਕਰ ਸਕਦਾ ਹੈ। ਤੁਸੀਂ ਨਹੀਂ ਰਾਜ਼ੀਨਾਮਾ ਕਰਨਾ, ਨਾ ਸਹੀ। ਮੈਂ ਲਿਖ ਦਿੰਦਾ ਹਾਂ ਕਿ ਮੁਆਵਜ਼ਾ ਲੈਣ ਤੋਂ ਇਨਕਾਰੀ ਹੋ।"

ਰਿਬੇਰੋ ਨੇ ਲਿਖਿਆ, "ਮੈਂ ਇਨ੍ਹਾਂ ਹਮਲਾਵਰਾਂ ਨੂੰ ਮਿਲਣਾ ਚਾਹੁੰਦਾ ਸਾਂ। ਮੈਨੂੰ ਇਨ੍ਹਾਂ ਉਪਰ ਕੋਈ ਕ੍ਰੋਧ ਨਹੀਂ ਸੀ। ਆਖਰ ਅਸੀਂ ਇਕ ਖੇਡ ਖੇਡ ਰਹੇ ਸਾਂ। ਲਕੀਰ ਦੇ ਇਕ ਪਾਸੇ ਮੈਂ ਸਾਂ, ਦੂਜੇ ਪਾਸੇ ਉਹ। ਉਨ੍ਹਾਂ ਨੂੰ ਮਿਲ ਕੇ ਮੈਂ ਇਹੀ ਗੱਲ ਆਖਣੀ ਸੀ। ਮਿਲਣ ਵਾਸਤੇ ਸੁਨੇਹਾ ਭੇਜਿਆ, ਉਨ੍ਹਾਂ ਦਾ ਜਵਾਬ ਆਇਆ-ਮਿਲਣ ਦੀ ਇੱਛਾ ਨਹੀਂ।"

ਦਸ ਸਾਲ ਪਹਿਲਾਂ ਮੇਰੇ ਕੋਲ ਇਕ ਜੁਆਨ ਆਇਆ। ਉਸ ਨੇ ਦੱਸਿਆ ਕਿ ਕਤਲ ਕੇਸ ਵਿਚ ਉਸ ਨੂੰ ਉਮਰ ਕੈਦ ਹੋਈ ਹੈ ਤੇ ਮਹੀਨੇ ਲਈ ਪੈਰੋਲ 'ਤੇ ਆਇਆ ਹੈ। ਪੀਐਚ.ਡੀ. ਕਰਨ ਦਾ ਇਛੁਕ ਹੈ ਪਰ ਕੋਈ ਪ੍ਰੋਫੈਸਰ ਖੋਜ ਦੀ ਨਿਗਰਾਨੀ ਕਰਨ ਲਈ ਤਿਆਰ ਨਹੀਂ, ਕਾਤਲ ਨਾਲ ਤਾਂ ਗੱਲ ਕਰਨ ਲਈ ਤਿਆਰ ਨਹੀਂ ਕੋਈ। ਤੁਹਾਡੇ ਨਾਂ ਦੀ ਦੱਸ ਪਈ ਤਾਂ ਆਸ ਬੱਝੀ। ਮੈਂ ਪੁੱਛਿਆ, "ਕਿਸੇ ਨੂੰ, ਕਿਉਂ ਕਤਲ ਕੀਤਾ ਸੀ?" ਉਸ ਦੱਸਿਆ, "ਬੀ. ਏ. ਭਾਗ ਪਹਿਲਾ ਵਿਚ ਪੜ੍ਹਦਾ ਸਾਂ। ਮੇਰੀ ਜਮਾਤ ਵਿਚ ਐਸ.ਪੀ. ਦਾ ਮੁੰਡਾ ਜੀਪ ਵਿਚ ਆਉਂਦਾ, ਰਿਵਾਲਵਰ ਜੇਬ ਵਿਚ ਹੁੰਦਾ, ਜਿਸ ਦੀ ਜਦੋਂ ਮਰਜ਼ੀ ਬੇਇਜ਼ਤੀ ਕਰ ਦਿੰਦਾ। ਮੈਂ ਜੇਬ ਵਿਚ ਛੁਰਾ ਰੱਖਣ ਲੱਗ ਪਿਆ। ਉਸ ਨੇ ਜਿਸ ਦਿਨ ਮੇਰੀ ਬੇਇਜ਼ਤੀ ਕੀਤੀ, ਮੈਂ ਛੁਰਾ ਮਾਰ ਦਿੱਤਾ। ਉਹ ਥਾਏਂ ਮਰ ਗਿਆ। ਪੁਲਿਸ ਆਈ, ਮੈਨੂੰ ਫੜ੍ਹ ਕੇ ਲੈ ਗਈ।"

ਮੈਂ ਪੁੱਛਿਆ, "ਪੁਲਿਸ ਨੇ ਟਾਰਚਰ ਕੀਤਾ?" "ਨਹੀਂ ਜੀ। ਜੋ ਉਨ੍ਹਾਂ ਪੁੱਛਿਆ ਮੈਂ ਦੱਸ ਦਿੱਤਾ, ਛੁਰਾ ਫੜਾ ਦਿੱਤਾ।" ਮੈਂ ਫਿਰ ਪੁੱਛਿਆ, "ਉਸ ਮੁੰਡੇ ਦਾ ਪਿਉ ਤੈਨੂੰ ਮਿਲਣ ਆਇਆ ਸੀ?" ਜੁਆਬ ਸੀ, "ਹਾਂ ਜੀ। ਮੈਂ ਠਾਣੇ ਹਵਾਲਾਤ ਵਿਚ ਬੰਦ ਸਾਂ। ਐਸ.ਪੀ. ਆਇਆ, ਮੈਨੂੰ ਕਿਹਾ, ਮੇਰੇ ਕੋਲ ਸ਼ਿਕਾਇਤ ਕਰ ਦਿੰਦਾ ਤੂੰ। ਮੈਂ ਉਸ ਦੇ ਥੱਪੜ ਜੜ ਦਿੰਦਾ, ਰਿਵਾਲਵਰ ਖੋਹ ਲੈਂਦਾ। ਤੂੰ ਵੀ ਤਾਂ ਮੇਰਾ ਈ ਬੱਚਾ ਐਂ। ਮੇਰਾ ਬੱਚਾ ਮਰ ਗਿਆ, ਤੂੰ ਬਰਬਾਦ ਹੋ ਗਿਆ। ਇਹ ਕਹਿੰਦਿਆਂ ਰੋ ਪਿਆ ਤੇ ਚਲਾ ਗਿਆ।"

ਇਸ ਮੁੰਡੇ ਦੀ ਅਰਜ਼ੀ ਉਪਰ ਮੈਂ ਨਿਗਰਾਨ ਵਜੋਂ ਦਸਤਖਤ ਕਰ ਦਿਤੇ। ਹਰੇਕ ਖੋਜੀ ਨੇ ਛਿਮਾਹੀ ਸੈਮੀਨਾਰ ਵਿਚ ਪੇਪਰ ਪੇਸ਼ ਕਰਨਾ ਹੁੰਦਾ ਹੈ। ਇਸ ਨੂੰ ਛੁੱਟੀ ਨਾ ਮਿਲਦੀ। ਮੈਂ ਜੇਲ੍ਹ ਵਿਚ ਜਾ ਕੇ ਉਸ ਦਾ ਪੇਪਰ ਸੁਣ ਲੈਂਦਾ। ਕੈਦ ਭੁਗਤਦਿਆਂ ਉਸ ਨੇ ਆਈ.ਸੀ.ਪੀ.ਆਰ. ਵਿਚ ਵਜ਼ੀਫੇ ਵਾਸਤੇ ਅਰਜ਼ੀ ਪਾਈ। ਪੂਨੇ ਇੰਟਰਵਿਊ ਹੋਣੀ ਸੀ। ਅਦਾਲਤ ਤੋਂ ਆਗਿਆ ਲੈ ਕੇ ਪੁਲਿਸ ਸੁਰੱਖਿਆ ਵਿਚ ਉਹ ਪੂਨੇ ਗਿਆ। ਹਥਕੜੀ ਲੱਗੀ ਲਗਾਈ ਇੰਟਰਵਿਊ ਦਿਤੀ। ਸੰਸਥਾ ਨੇ ਖੁਸ਼ ਹੋ ਕੇ 12 ਹਜ਼ਾਰ ਰੁਪਿਆ ਮਹੀਨਾ ਵਜ਼ੀਫਾ ਲਾ ਦਿਤਾ। ਕੈਦ ਪੂਰੀ ਭੁਗਤ ਕੇ, ਪੀਐਚ.ਡੀ. ਕਰਕੇ ਹੁਣ ਉਹ ਅਤੇ ਉਸ ਦੀ ਪਤਨੀ ਕਾਲਜ ਵਿਚ ਲੈਕਚਰਾਰ ਲੱਗੇ ਹੋਏ ਹਨ। ਜੁਆਨ ਦਾ ਨਾਂ ਹੈ, ਡਾ. ਮਨਦੀਪ ਗੌੜ। ਉਸ ਦੀ ਕਿਤਾਬ 'ਪਟਿਆਲਾ ਜੇਲ੍ਹ 'ਚ 8 ਵਰ੍ਹੇ' ਲੋਕਗੀਤ ਪ੍ਰਕਾਸ਼ਨ ਨੇ ਛਾਪ ਦਿਤੀ ਹੈ।

# ਆਫੀਆ ਸਦੀਕੀ ਦਾ ਜਹਾਦ

***(ਸਫਾ 26 ਦੀ ਬਾਕੀ)***

ਸੁਣਾਉਣ ਵੇਲੇ ਇਨ੍ਹਾਂ ਨੁਕਤਿਆਂ ਨੂੰ ਧਿਆਨ 'ਚ ਰੱਖਿਆ ਜਾਵੇ।"

ਸਫਾਈ ਵਕੀਲ ਬੋਲ ਕੇ ਹਟੀ ਤਾਂ ਆਫੀਆ ਨੇ ਜੱਜ ਨੂੰ ਕਿਹਾ ਕਿ ਉਹ ਕੁਝ ਕਹਿਣਾ ਚਾਹੁੰਦੀ ਐ। ਜੱਜ ਨੇ ਇਜਾਜ਼ਤ ਦੇ ਦਿੱਤੀ ਤਾਂ ਆਫੀਆ ਬੋਲਣ ਲੱਗੀ, "ਮੈਂ ਅਮਰੀਕਾ ਨੂੰ ਬਹੁਤ ਪਿਆਰ ਕਰਦੀ ਹਾਂ, ਇਸ ਕਰ ਕੇ ਮੈਂ ਇਸ ਨੂੰ ਨੁਕਸਾਨ ਪਹੁੰਚਾਉਣ ਬਾਰੇ ਸੋਚ ਵੀ ਨਹੀਂ ਸਕਦੀ। ਮੇਰਾ ਮਿਸ਼ਨ ਐ ਕਿ ਸੰਸਾਰ 'ਚ ਸ਼ਾਂਤੀ ਰਹੇ। ਆਖਰ 'ਚ ਮੈਂ ਮੇਰੇ ਮੁਸਲਮਾਨ ਭੈਣ ਭਰਾਵਾਂ ਨੂੰ ਬੇਨਤੀ ਕਰਦੀ ਆਂ ਕਿ ਉਹ ਮੇਰੇ ਕਾਰਨ ਕਿਸੇ 'ਤੇ ਗੁੱਸੇ ਨਾ ਹੋਣ। ਉਹ ਕਿਸੇ ਪ੍ਰਤੀ ਵੀ ਮਨ 'ਚ ਈਰਖਾ ਜਾਂ ਬਦਲੇ ਦੀ ਭਾਵਨਾ ਨਾ ਰੱਖਣ।" ਇੰਨਾ ਕਹਿੰਦਿਆਂ ਉਹ ਚੁੱਪ ਹੋ ਗਈ।

ਆਖਰ 'ਚ ਜੱਜ ਨੇ ਉਸ ਦੀ ਫਾਈਲ 'ਤੇ ਕੁਝ ਲਿਖਿਆ ਤੇ ਫਿਰ ਸਜ਼ਾ ਸੁਣਾ ਦਿੱਤੀ। ਜੱਜ ਨੇ ਆਫੀਆ ਨੂੰ ਛਿਆਸੀ ਸਾਲ ਦੀ ਲੰਬੀ ਸਜ਼ਾ ਸੁਣਾਈ। ਸੁਣਾਈ ਗਈ ਸਜ਼ਾ ਸੁਣਦਿਆਂ ਹੀ ਅਦਾਲਤ ਵਿਚੋਂ ਕਈਆਂ ਦੀਆਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ ਆਈਆਂ ਤਾਂ ਆਫੀਆ ਫਿਰ ਤੋਂ ਖੜ੍ਹੀ ਹੋ ਗਈ। ਉਹ ਅਦਾਲਤ 'ਚ ਮੌਜੂਦ ਲੋਕਾਂ ਵੱਲ ਵੇਖਦਿਆਂ ਬੋਲੀ, "ਵੇਖੋ, ਮੈਂ ਪਹਿਲਾਂ ਈ ਕਹਿ ਚੁੱਕੀ ਆਂ ਕਿ ਮੇਰੇ ਕਾਰਨ ਕਿਸੇ 'ਤੇ ਗੁੱਸੇ ਨਾ ਹੋਵੋ। ਮੁਹੰਮਦ ਸਾਹਿਬ ਨੇ ਆਪਣੀਆਂ ਸਿਖਿਆਵਾਂ 'ਚ ਕਿਹਾ ਐ ਕਿ ਆਪਣੇ ਦੁਸ਼ਮਣਾਂ ਨੂੰ ਵੀ ਮੁਆਫ ਕਰ ਦਿਉ। ਮੇਰੀ ਸਭ ਨੂੰ ਬੇਨਤੀ ਐ ਕਿ ਮੁਹੰਮਦ ਸਾਹਿਬ ਦੀਆਂ ਸਿੱਖਿਆਵਾਂ 'ਤੇ ਅਮਲ ਕਰਕੇ ਸੱਚੇ ਮੁਸਲਮਾਨ ਹੋਣ ਦਾ ਸਬੂਤ ਦਿਉ। ਤੁਸੀਂ ਹਰ ਉਸ ਸਖਸ਼ ਨੂੰ ਮੁਆਫ ਕਰ ਦਿਉ ਜਿਸ 'ਤੇ ਤੁਹਾਨੂੰ ਗੁੱਸਾ ਆ ਰਿਹਾ ਐ। ਕਿਸੇ ਨਾਲ ਗੁੱਸੇ ਨਾ ਹੋਵੋ। ਸ਼ਾਇਦ ਅੱਲਾ ਨੂੰ ਇਹੀ ਮਨਜ਼ੂਰ ਐ। ਮੈਨੂੰ ਵੀ ਅੱਲਾ ਦੀ ਇਹ ਮਰਜ਼ੀ ਮਨਜ਼ੂਰ ਐ। ਮੈਨੂੰ ਕਿਸੇ ਨਾਲ ਕੋਈ ਰੰਜਿਸ਼ ਨਹੀਂ। ਜੇ ਮੈਨੂੰ ਖੁਦ ਨੂੰ ਕਿਸੇ 'ਤੇ ਗੁੱਸਾ ਨਹੀਂ ਤਾਂ ਤੁਹਾਨੂੰ ਵੀ ਨਹੀਂ ਹੋਣਾ ਚਾਹੀਦਾ। ਖੁਦਾ ਹਾਫਿਜ਼। ਇੰਸ਼ਾ ਅੱਲਾ, ਸਭ ਖੁਸ਼ੀ ਖੁਸ਼ੀ ਇੱਥੋਂ ਜਾਵੋ।"

ਇਹ ਗੱਲ ਸੁਣ ਕੇ ਜੱਜ ਉਸ ਨੂੰ ਮੁਖਾਤਬ ਹੋਇਆ, "ਡਾਕਟਰ ਆਫੀਆ, ਤੇਰਾ ਇਨ੍ਹਾਂ ਗੱਲਾਂ ਲਈ ਸ਼ੁਕਰੀਆ। ਖੁਦਾ ਕਰੇ ਤੇਰਾ ਅੱਗੇ ਦੀ ਜ਼ਿੰਦਗੀ ਦਾ ਸਫਰ ਖੁਸ਼ਗਵਾਰ ਰਹੇ।" ਫਿਰ ਜੱਜ ਉਠ ਗਿਆ। ਯੂ.ਐਸ. ਮਾਰਸ਼ਲ, ਆਫੀਆ ਨੂੰ ਪਿਛਲੇ ਦਰਵਾਜ਼ੇ ਰਾਹੀਂ ਜੇਲ੍ਹ ਨੂੰ ਲੈ ਤੁਰੇ।

***(ਸਮਾਪਤ)***

# ਬੰਗਿਆਂ ਦੇ ਭੰਡ

***(ਸਫਾ 27 ਦੀ ਬਾਕੀ)***

ਐ। ਸਾਡੇ ਇਲਾਕੇ ਕੋਈ ਖੰਘ ਨ੍ਹੀਂ ਸਕਦਾ। ਅਸੀਂ ਦੂਜੇ ਭੰਡਾਂ ਦੇ ਇਲਾਕੇ 'ਚ ਨ੍ਹੀਂ ਜਾ ਸਕਦੇ। ਉਹ ਸਾਡੇ ਨ੍ਹੀਂ ਆ ਸਕਦੇ।"

"ਤੂੰ ਤਾਂ ਅਮਰੀਸ਼ ਪੁਰੀ ਵਾਂਗ, ਇਲਾਕੇ ਵੰਡੀ ਫਿਰਦੈ।"

"ਅਮਰੀਸ਼ ਪੁਰੀ ਸਾਡੇ ਮੋਹਰੇ ਕੀ ਐ? ਅਸੀਂ ਮਰਾਸੀ ਹੁੰਨੇ ਆਂ। ਅਸੀਂ ਤਾਂ ਕਈ 'ਮਰੀਸ਼ ਪੁਰੀ ਅਰਗਿਆਂ' ਨੂੰ ਹਸਾ ਹਸਾ ਮਾਰ ਦੇਈਏ। ਅਸੀਂ ਭੰਡ ਹੁੰਨੇ ਆ, ਭੰਡ।"

ਭੌਰੇ ਫੰਕਸ਼ਨ ਵਿਚ ਕਮਲਜੀਤ ਨੀਲੋਂ ਨੇ ਕਾਫੀ ਰੰਗ ਬੰਨਿਆ। ਦਰਸ਼ਨ ਦਰਤ, ਸ਼ਮਸ਼ੇਰ ਸੰਧੂ, ਪਰਮਜੀਤ ਕਾਹਮਾ, ਹਰਪਾਲ ਰਹਿਪਾ, ਮਾਸਟਰ ਜੋਗਾ ਸਿੰਘ, ਹਰਬੰਸ ਹੀਓਂ ਅਤੇ ਜਲੰਧਰ ਦੂਰਦਰਸ਼ਨ ਤੋਂ ਬਲਕਾਰ ਸਿੰਘ ਹੁਣੀਂ ਆਏ ਬੈਠੇ ਸਨ। ਨਕਲਾਂ ਕਰ ਕੇ ਭੰਡਾਂ ਨੇ ਸਟੇਜ 'ਤੇ ਵਧੀਆ ਪ੍ਰੋਗਰਾਮ ਪੇਸ਼ ਕੀਤਾ। ਆਏ ਸਾਰੇ ਸੱਜਣਾਂ ਨੇ ਭੰਡਾਂ 'ਤੇ ਚੰਗੇ ਪੈਸੇ ਵਾਰੇ। ਬਾਦ 'ਚ ਮੀਤਾ ਭੰਡ ਮੈਨੂੰ ਬਾਹਰ ਲਿਜਾ ਕੇ ਕਹਿਣ ਲੱਗਾ।

"ਬਰਖੁਰਦਾਰਾ! ਵਾਪਸੀ ਕਦੋਂ ਦੀ ਐ?"

"ਸੱਚ ਦੱਸਾਂ! ਕੱਲ੍ਹ ਦੀ।"

"ਛੇਤੀ ਛੇਤੀ ਗੇੜਾ ਮਾਰ ਜਿਆ ਕਰੋ! ਅਸੀਂ ਬਾਹਰਲਿਆਂ ਦੇ ਸਿਰ 'ਤੇ ਰੋਟੀ ਖਾਨੇ ਆਂ। ਨਿਆਣੇ ਵੀ ਤੁਸਾਡੇ ਸਿਰ 'ਤੇ ਵਿਆਹੁਣੇ ਆਂ। ਅਸੀਂ ਪਹਿਲਾਂ ਸੈਕਲਾਂ 'ਤੇ ਘੁੰਮਦੇ ਹੁੰਦੇ ਸਾਂ ਫਿਰ ਮੋਟਰਸੈਕਲਾਂ 'ਤੇ। ਹੁਣ ਗੱਡੀਆਂ 'ਚ ਵੀ ਤੁਹਾਡੀ ਕ੍ਰਿਪਾ ਨਾਲ ਘੁੰਮਣੈਂ। ਫਿਰ ਜਹਾਜਾਂ ਦੀਆਂ ਵੀ ਸੈਰਾਂ ਕਰਾਂਗੇ। ਅਸੀਂ ਭੰਡਾਂ ਨੂੰ ਭੁੱਲ ਨਾ ਜਾਇਓ। ਸਾਨੂੰ ਵੀ ਕਿਤੇ ਕਿਤੇ ਫੋਨ ਕਰ ਲਿਆ ਕਰੋ। ਕੀ ਪਤਾ ਮਰਾਸੀਆਂ ਦੇ ਕਿਤੇ ਭਾਗ ਹੀ ਜਾਗ ਪੈਣ," ਕਹਿੰਦਾ ਠਹਾਕਾ ਮਾਰ ਕੇ ਹੱਸ ਪਿਆ।

ਪ੍ਰੋਗਰਾਮ ਖਤਮ ਹੋਣ ਤੋਂ ਬਾਅਦ ਸਾਰੇ ਆਪੋ ਆਪਣੇ ਘਰਾਂ ਨੂੰ ਚੱਲ ਪਏ। ਅਸ਼ੋਕ ਦਾ ਦਿਲ ਨਾ ਕਰੇ ਸਾਨੂੰ ਘਰਾਂ ਨੂੰ ਭੇਜਣ ਨੂੰ। ਸ਼ਮਸ਼ੇਰ ਸੰਧੂ, ਮਾਸਟਰ ਜੋਗਾ ਸਿੰਘ, ਹਰਬੰਸ ਹੀਓ, ਹਰਪਾਲ ਰਹਿਪਾ ਤੇ ਮੈਂ ਕੋਠੇ 'ਤੇ ਜਾ ਬੈਠੇ। ਬੈਠੇ ਗੱਲਾਂਬਾਤਾਂ ਕਰੀ ਗਏ ਤੇ ਪਕੌੜੇ ਖਾਈ ਗਏ। ਮਾਸਟਰ ਜੋਗਾ ਸਿੰਘ ਮੇਰੇ ਤੋਂ ਦੋ ਸਾਲ ਮੋਹਰੇ ਬੰਗਾ ਕਾਲਜ ਪੜ੍ਹਦਾ ਰਹਿਣ ਕਰਕੇ, ਕਾਲਜ ਸਮੇਂ ਦੀਆਂ ਪੁਰਾਣੀਆਂ ਗੱਲਾਂ ਦੀ ਪਟਾਰੀ ਖੋਲ੍ਹ ਕੇ ਬਹਿ ਗਏ। ਬਹੁਤ ਸਾਲਾਂ ਬਾਅਦ ਅੱਜ ਜੋਗਾ ਸਿੰਘ ਨਾਲ ਮੇਲ ਹੋਏ ਸਨ। ਕਦੇ ਸੁਰਜੀਤ ਬਿੰਦਰਖੀਏ ਦੀਆਂ ਗੱਲਾਂ ਹੋਣ ਤੇ ਕਦੇ ਦੀਦਾਰ ਸੰਧੂ ਦੀਆਂ। 'ਨੇਰ੍ਹਾ ਅਤੇ ਵਾਪਸੀ ਦੇ ਫਿਕਰ ਵਿਚ ਅਸ਼ੋਕ ਭੌਰੇ ਤੋਂ ਆਗਿਆ ਲੈ ਭੰਡਾਂ ਦੀਆਂ ਗੱਲਾਂ ਚੇਤੇ ਕਰਕੇ ਹੱਸਦਾ ਜੱਬੋਵਾਲ ਨੂੰ ਤੁਰ ਪਿਆ।

ਜਾਂਦੀ ਵਾਰ ਦੀ ਸਤਿ ਸ੍ਰੀ ਅਕਾਲ ਕਹਿਣ ਲਈ ਦੂਜੇ ਦਿਨ ਸਵੇਰੇ ਉਠ ਕੇ ਮੈਂ ਭੰਡ ਨੂੰ ਫੋਨ ਮਿਲਾ ਲਿਆ। ਚੰਗਾ ਮੀਤਿਆ ਜੀਂਦੇ ਵਸਦੇ ਰਹੇ ਤਾਂ ਫਿਰ ਮਿਲਾਂਗੇ। ਕੱਲ੍ਹ ਭੌਰੇ ਪ੍ਰੋਗਰਾਮ 'ਤੇ ਤੁਸੀਂ ਬਹਿ ਜਾ ਬਹਿ ਜਾ ਕਰਵਾ ਦਿਤੀ।

"ਚੱਲ ਉਹ ਤਾਂ ਹੋਈ, ਕੱਲ੍ਹ ਉਥੇ ਪ੍ਰੋਗਰਾਮ 'ਤੇ ਸਟੇਜ 'ਤੇ ਤੂੰ ਬੋਲਦਾ ਸੀ, ਬਈ ਤੂੰ ਤੇ ਭੌਰਾ ਸਾਹਿਬ 'ਖਬਾਰਾਂ' ਵਿਚ ਲਿਖਦੇ ਹੁੰਦੇ ਓ! ਕੀ ਲਿਖਦੇ ਹੁੰਦੇ ਓ 'ਖਬਾਰਾਂ 'ਚ? ਸਾਡੇ ਭੰਡਾਂ ਬਾਰੇ ਵੀ ਕੁਝ ਲਿਖਿਓ।

"ਮੈਂ ਅਸ਼ੋਕ ਭੌਰੇ ਨੂੰ ਕਹਾਂਗਾ, ਉਹ ਤੇਰੇ ਬਾਰੇ ਲਿਖੂਗਾ, ਮੈਂ ਤਾਂ ਖਿਡਾਰੀਆਂ ਜਾਂ ਭਲਵਾਨਾਂ ਬਾਰੇ ਲਿਖਦਾ ਹਾਂ। ਭਲਵਾਨੀ ਤੂੰ ਨ੍ਹੀਂ ਕਰਦਾ, ਕਬੱਡੀ ਤੂੰ ਨ੍ਹੀਂ ਖੇਡਦਾ। ਕੀ ਲਿਖਾਂ ਤੇਰੇ ਬਾਰੇ?"

"ਲਿਖ ਦੇ ਬੰਗਿਆਂ ਦੇ ਭੰਡ, ਦੁਨੀਆਂ ਦੇ ਮੰਨੇ ਪ੍ਰਮੰਨੇ ਮਰਾਸੀ ਆਂ, ਲੋਕਾਂ ਨੂੰ ਹਸਾ ਹਸਾ ਵੱਖੀਆਂ ਭੰਨ ਦਿੰਦੇ ਆਂ। ਢਿੱਡੀਂ ਪੀੜਾਂ ਪਾ ਦਿੰਦੇ ਆਂ," ਕਹਿੰਦਾ ਉਹ ਠਹਾਕੇ ਮਾਰ ਮਾਰ ਹੱਸਣ ਲੱਗ ਪਿਆ।

# ਰੂਸ ਦੀ ਯਮਲੀ ਜੱਟੀ ਕ੍ਰਿਸਤੀਨਾ ਅਖੀਵਾ



ਫਿਲਮ 'ਯਮਲਾ ਪਗਲਾ ਦੀਵਾਨਾ 2' ਕ੍ਰਿਸਤੀਨਾ ਅਖੀਵਾ ਦੀ ਪਲੇਠੀ ਹਿੰਦੀ ਫਿਲਮ ਹੈ। ਇਸ ਤੋਂ ਪਹਿਲਾਂ ਉਸ ਨੇ ਤੈਲਗੂ ਫਿਲਮ 'ਬਾਦਸ਼ਾਹ' ਵਿਚ ਆਈਟਮ ਗੀਤ 'ਤੇ ਨਾਚ ਕੀਤਾ ਸੀ। ਪਹਿਲੀ ਨਵੰਬਰ 1986 ਨੂੰ ਖਬਾਰੋਵਸਕ (ਰੂਸ) ਵਿਚ ਜਨਮੀ ਅਖੀਵਾ ਦੀ ਮਾਂ ਰੂਸੀ ਹੈ ਅਤੇ ਪਿਤਾ ਤਾਜਿਕਸਤਾਨੀ। ਅਖੀਵਾ ਉਦੋਂ 7 ਕੁ ਸਾਲ ਦੀ ਸੀ ਜਦੋਂ ਸਾਰਾ ਟੱਬਰ ਆਸਟਰੇਲੀਆ ਚਲਿਆ ਗਿਆ। ਫਿਰ ਆਸਟਰੇਲੀਆ ਦੇ ਸ਼ਹਿਰ ਮੈਲਬਰਨ ਵਿਚ ਉਸ ਨੇ ਐਕਟਿੰਗ ਦੀ ਟ੍ਰੇਨਿੰਗ ਲਈ ਤੇ ਫਿਰ ਸਫਲ ਮਾਡਲ ਹੋ ਨਿਬੜੀ। ਇਸ਼ਤਿਹਾਰਾਂ ਦੀ ਦੁਨੀਆਂ ਵਿਚ ਉਸ ਦੇ ਸੋਹਣੇ ਸੁਨੱਖੇ ਚਿਹਰੇ ਦਾ ਬਹੁਤ ਮੁੱਲ ਪਿਆ। ਉਸ ਨੂੰ ਮਿਲੇ ਇਸ਼ਤਿਹਾਰਾਂ ਵਿਚ ਮੁੱਖ ਰੂਪ ਵਿਚ ਉਸ ਦੇ ਚਿਹਰੇ ਨੂੰ ਹੀ ਦਿਖਾਇਆ ਜਾਂਦਾ ਹੈ। ਫਿਲਮ 'ਯਮਲਾ ਪਗਲਾ ਦੀਵਾਨਾ 2' ਵਿਚ ਉਸ ਨੇ ਉਸ ਪੰਜਾਬਣ ਦਾ ਕਿਰਦਾਰ ਨਿਭਾਇਆ ਹੈ, ਜਿਹੜੀ ਵਿਦੇਸ਼ ਵਸਦੀ ਹੈ। ਇਸ ਫਿਲਮ ਵਿਚ ਧਰਮਿੰਦਰ, ਸਨੀ ਦਿਓਲ ਅਤੇ ਬੌਬੀ ਦਿਓਲ ਦੇ ਮੁੱਖ ਰੋਲ ਹਨ। ਆਪਣੀ ਪਹਿਲੀ ਫਿਲਮ 'ਯਮਲਾ ਪਗਲਾ ਦੀਵਾਨਾ' ਵਿਚ ਇਨ੍ਹਾਂ ਪਿਉ-ਪੁੱਤਰਾਂ ਨੇ ਟੈਲੀਵਿਜ਼ਨ ਅਦਾਕਾਰਾ ਕੁਲਰਾਜ ਰੰਧਾਵਾ ਨੂੰ ਹਿੰਦੀ ਫਿਲਮਾਂ ਵਿਚ ਮੌਕਾ ਦਿੱਤਾ ਸੀ ਅਤੇ ਹੁਣ ਇਸ ਨਵੀਂ ਫਿਲਮ ਵਿਚ ਕ੍ਰਿਸਤੀਨਾ ਅਖੀਵਾ ਨੂੰ ਮੌਕਾ ਮਿਲ ਰਿਹਾ ਹੈ। ਅਖੀਵਾ ਕੁਝ ਕੁ ਮਾਡਲਾਂ ਵਿਚੋਂ ਇਕ ਬਣ ਗਈ ਹੈ ਜਿਨ੍ਹਾਂ ਨੇ ਫਿਲਮਾਂ ਨੂੰ ਆਪਣਾ ਕਰੀਅਰ ਬਣਾਇਆ। ਇਸ ਫਿਲਮ ਵਿਚ ਕੰਮ ਕਰ ਕੇ ਅਖੀਵਾ ਬਹੁਤ ਖੁਸ਼ ਹੈ। ਧਰਮਿੰਦਰ ਦੀਆਂ ਤਾਂ ਉਹ ਸਿਫਤਾਂ ਕਰਦੀ ਨਹੀਂ ਥੱਕਦੀ।



# ਜਾਹ ਨੀ ਜਾਹ ਜੀਆ...



ਪੱਚੀ ਵਰ੍ਹਿਆਂ ਦੀ ਮੁਟਿਆਰ ਜੀਆ ਖਾਨ ਦਾ ਜੀਵਨ-ਸਫਰ ਅੱਧ ਵਿਚਾਲੇ ਟੁੱਕਿਆ ਗਿਆ। ਇਸ ਛੋਟੀ ਜਿਹੀ ਉਮਰ ਵਿਚ ਉਹ ਬਹੁਤ ਤੇਜ ਦੌੜੀ ਸੀ। 20 ਫਰਵਰੀ 1988 ਨੂੰ ਅਮਰੀਕਾ ਵਿਚ ਜਨਮ ਲੈਣ ਵਾਲੀ ਇਹ ਕੁੜੀ ਵਲਾਇਤ ਵਿਚ ਵੱਡੀ ਹੋਈ। ਛੇ ਵਰ੍ਹਿਆਂ ਦੀ ਸੀ ਜਦੋਂ ਰਾਮ ਗੋਪਾਲ ਵਰਮਾ ਦੀ ਫਿਲਮ 'ਰੰਗੀਲੇ' ਦੇਖੀ। ਇਸ ਫਿਲਮ ਵਿਚ ਉਰਮਿਲਾ ਮਤੋਂਡਕਰ ਨੂੰ ਦੇਖ ਕੇ ਉਸ ਦੇ ਦਿਲ ਵਿਚ ਬਾਲੀਵੁੱਡ ਦੀ ਹੀਰੋਇਨ ਬਣਨ ਦਾ ਚਾਅ ਉਮੜਿਆ। ਫਿਲਮ 'ਦਿਲ ਸੇ' ਨਾਲ ਉਸ ਦਾ ਫਿਲਮਾਂ ਵਿਚ ਆਉਣ ਦਾ ਇਹ ਚਾਅ ਪੂਰਾ ਹੋਇਆ। ਇਸ ਫਿਲਮ ਵਿਚ ਉਸ ਨੇ ਬਾਲ ਕਲਾਕਾਰ ਦਾ ਕਿਰਦਾਰ ਨਿਭਾਇਆ ਸੀ। ਉਸ ਨੂੰ ਫਿਲਮ ਦੀ ਹੀਰੋਇਨ ਮਨੀਸ਼ਾ ਕੋਇਰਾਲਾ ਦੇ ਬਚਪਨ ਵਾਲਾ ਰੋਲ ਮਿਲਿਆ। ਫਿਰ ਜਦੋਂ ਉਸ ਨੂੰ ਫਿਲਮ 'ਨਿਸ਼ਬਦ' ਦੀ ਪੇਸ਼ਕਸ਼ ਹੋਈ, ਉਹ ਚਾਅ ਨਾਲ ਬਾਵਰੀ ਹੋ ਗਈ। ਉਦੋਂ ਉਹ ਨਿਊ ਯਾਰਕ ਦੀ ਲੀ ਸਟਰਾਸਬਰਗ ਥਿਏਟਰ ਅਤੇ ਫਿਲਮ ਇੰਸਟੀਚਿਊਟ ਵਿਚ ਐਕਟਿੰਗ ਦੇ ਗੁਰ ਸਿੱਖ ਰਹੀ ਸੀ। ਇਸ ਫਿਲਮ ਲਈ ਉਸ ਨੇ ਇਹ ਸਿਖਲਾਈ ਵਿਚਾਲੇ ਛੱਡ ਦਿੱਤੀ ਅਤੇ ਮੁੰਬਈ ਆ ਗਈ। ਇਹ ਫਿਲਮ 2007 ਵਿਚ ਰਿਲੀਜ਼ ਹੋਈ ਅਤੇ ਇਸ ਫਿਲਮ ਦੇ ਨਾਲ ਹੀ ਉਸ ਨੇ ਆਪਣਾ ਪਹਿਲਾ ਨਾਂ ਨਫੀਸਾ ਖਾਨ ਤੋਂ ਬਦਲ ਕੇ ਜੀਆ ਖਾਨ ਰੱਖ ਲਿਆ। ਇਸ ਫਿਲਮ ਦਾ ਹੀਰੋ ਅਮਿਤਾਭ ਬੱਚਨ ਸੀ। ਉਂਜ 2012 ਵਿਚ ਉਸ ਨੇ ਆਪਣਾ ਨਾਂ ਫਿਰ ਤੋਂ ਨਫੀਸਾ ਖਾਨ ਰੱਖ ਲਿਆ। 2008 ਵਿਚ ਉਹ ਫਿਲਮ 'ਗਜਨੀ' ਵਿਚ ਨਜ਼ਰ ਆਈ ਅਤੇ 2010 ਵਿਚ ਉਸ ਦੀ ਫਿਲਮ 'ਹਾਊਸਫੁੱਲ' ਰਿਲੀਜ਼ ਹੋਈ ਪਰ ਉਸ ਦਾ ਫਿਲਮੀ ਕਰੀਅਰ ਲੀਹੇ ਨਾ ਪੈ ਸਕਿਆ। ਦੂਜੇ ਉਸ ਦਾ ਆਪਣੇ ਦੋਸਤ ਮੁੰਡੇ ਸੂਰਜ ਪੰਚੋਲੀ ਨਾਲ ਵੀ ਤਣਾਅ ਚੱਲ ਰਿਹਾ ਸੀ। ਹੁਣ ਉਸ ਦੇ ਘਰੋਂ 6 ਸਫਿਆਂ ਦਾ ਇਕ ਖਤ ਮਿਲਿਆ ਹੈ ਜਿਹੜਾ ਸੂਰਜ ਨੂੰ ਦਿੱਤੇ ਤਾਅਨੇ-ਮਿਹਣਿਆਂ ਨਾਲ ਭਰਿਆ ਪਿਆ ਹੈ। ਫਿਲਮੀ ਕਲਾਕਾਰਾਂ ਨੇ ਇਸ ਕੁੜੀ ਦੀ ਮੌਤ 'ਤੇ ਡਾਢਾ ਦੁੱਖ ਜ਼ਾਹਿਰ ਕੀਤਾ ਹੈ। ਉਸ ਨਾਲ ਫਿਲਮ ਕਰਨ ਵਾਲੇ ਅਮਿਤਾਭ ਨੇ ਕਿਹਾ ਹੈ ਕਿ ਉਸ ਨੂੰ ਇਉਂ ਦਿਲ ਨਹੀਂ ਸੀ ਛੱਡਣਾ ਚਾਹੀਦਾ। ਅਸਲ ਵਿਚ ਉਹ ਕੁਝ ਵਧੇਰੇ ਹੀ ਭਿਅੰਕਰ ਪਲ ਹੁੰਦੇ ਹਨ, ਜਦੋਂ ਬੰਦਾ ਖੁਦਕੁਸ਼ੀ ਬਾਰੇ ਸੋਚ ਲੈਂਦਾ ਹੈ। ਗੁਰੂਦੱਤ ਵਰਗਾ ਅਦਾਕਾਰ ਅਤੇ ਨਿਰਦੇਸ਼ਕ ਵੀ ਇਸੇ ਰਾਹ ਚਲਾ ਗਿਆ ਸੀ।

# ਸਿਨੇਮਾ: ਸਮਾਜਕ ਮੁਹਿੰਮ ਤੋਂ ਮਾਇਆ ਤੱਕ

ਭਾਰਤੀ ਸਿਨੇਮਾ ਨੇ ਆਪਣੇ 100 ਵਰ੍ਹੇ ਪੂਰੇ ਕਰ ਲਏ ਹਨ। ਇਸ ਦੇ ਸ਼ੁਰੂਆਤੀ ਦੌਰ ਵਿਚ ਰੂੜੀਵਾਦੀ, ਛੂਆ-ਛਾਤ ਤੇ ਗੁਲਾਮੀ ਨੇ ਸਮਾਜ ਨੂੰ ਪੂਰੀ ਤਰ੍ਹਾਂ ਜਕੜਿਆ ਹੋਇਆ ਸੀ। ਉਸ ਦੌਰ ਦੀਆਂ ਫ਼ਿਲਮਾਂ ਦੀਆਂ ਕਹਾਣੀਆਂ ਵੀ ਸਮਾਜ ਦੇ ਉਦੋਂ ਦੇ ਹਾਲਾਤ ਨੂੰ ਦਰਸਾਉਂਦੀਆਂ ਹਨ। 1936 ਵਿਚ ਪ੍ਰਦਰਸ਼ਿਤ ਫ਼ਿਲਮ 'ਅਛੂਤ ਕੰਨਿਆ' ਰਾਹੀਂ ਇਕ ਛੂਆ-ਛਾਤ ਦਾ ਦੁੱਖ ਸਹਿੰਦੀ ਮੁਟਿਆਰ ਦੀ ਕਹਾਣੀ ਨੂੰ ਦਰਸ਼ਕਾਂ ਤੱਕ ਪਹੁੰਚਾਇਆ ਗਿਆ ਸੀ। ਸਮਾਜ ਵਿਚ ਕੁਝ ਹਾਂਪੱਖੀ ਤਬਦੀਲੀਆਂ ਹੋਈਆਂ ਪਰ ਆਜ਼ਾਦੀ ਤੋਂ ਬਾਅਦ ਰਾਸ਼ਟਰ ਨਿਰਮਾਣ ਦੀ ਚੁਣੌਤੀ ਸਾਹਮਣੇ ਸੀ।

ਇਸ ਸਮੇਂ ਦੌਰਾਨ ਸਿਨੇਮਾ ਨੇ ਆਪਣੀਆਂ ਸਮਾਜਕ ਜ਼ਿੰਮੇਵਾਰੀਆਂ ਤੋਂ ਮੂੰਹ ਨਹੀਂ ਮੋੜਿਆ। ਇਕ ਪਾਸੇ 'ਦੋ ਬੀਘਾ ਜ਼ਮੀਨ', 'ਨੀਚਾ ਨਗਰ', 'ਮਦਰ ਇੰਡੀਆ' ਤੇ 'ਦੋ ਆਂਖੇਂ ਬਾਰਾਹ ਹਾਥ' ਵਰਗੀਆਂ ਸਮਾਜਕ ਸਰੋਕਾਰ ਵਾਲੀਆਂ ਫ਼ਿਲਮਾਂ ਪ੍ਰਦਰਸ਼ਿਤ ਹੋਈਆਂ ਦੂਜੇ ਪਾਸੇ 'ਮਧੂਮਤੀ' ਤੇ 'ਸ੍ਰੀ 420' ਵਰਗੀਆਂ ਮਨੋਰੰਜਨ ਫ਼ਿਲਮਾਂ ਵੀ ਬਣਾਈਆਂ। ਚੇਤਨ ਆਨੰਦ ਦੀ 'ਨੀਚਾ ਨਗਰ' ਵਿਚ ਕਾਮਿਆਂ ਤੇ ਮਾਲਕਾਂ ਦੇ ਸੰਘਰਸ਼ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ ਸੀ। ਵੀ. ਸ਼ਾਂਤਾ ਰਾਮ, ਵਿਮਲ ਰਾਏ, ਰਾਜ ਕਪੂਰ, ਗੁਰੂ ਦੱਤ ਨੇ ਅਜਿਹੀਆਂ ਫ਼ਿਲਮਾਂ ਨੂੰ ਨਵੀਆਂ ਉਚਾਈਆਂ ਉਤੇ ਪਹੁੰਚਾਇਆ। 'ਸੁਜਾਤਾ' ਵਿਚ ਵਿਮਲ ਰਾਏ ਦੀਪਕਾ ਰਾਣੀ ਤੋਂ ਵਧੇਰੇ ਪ੍ਰਮਾਣਿਕ ਅਛੂਤ ਕੰਨਿਆ (ਨੂਤਨ) ਪੇਸ਼ ਕੀਤੀ। ਆਜ਼ਾਦੀ ਤੋਂ ਬਾਅਦ ਦੀਆਂ ਫ਼ਿਲਮਾਂ ਦੀਆਂ ਕਹਾਣੀਆਂ ਵਿਚ ਸਮਾਜਕ ਸਮੱਸਿਆਵਾਂ ਦੇ ਨਾਲ ਹੀ ਅੰਗਰੇਜ਼ਾਂ ਪ੍ਰਤੀ ਨਫ਼ਰਤ ਤੇ ਅਮੀਰ-ਗਰੀਬ ਵਿਚਲੇ ਪਾੜੇ ਨੂੰ ਵੀ ਅਹਿਮ ਥਾਂ ਦਿੱਤੀ ਜਾਂਦੀ ਸੀ।

ਆਜ਼ਾਦੀ ਤੋਂ ਤਿੰਨ-ਚਾਰ ਦਹਾਕੇ ਬਾਅਦ ਹਾਲਾਤ ਹੋਰ ਸੁਧਰੇ। ਤਕਨੀਕੀ ਪੱਧਰ 'ਤੇ ਤਰੱਕੀ ਹੋਈ, ਭਾਰਤ ਨੇ ਵਿਕਾਸ ਵੱਲ ਕਦਮ ਪੁੱਟਿਆ ਤਾਂ ਕੁਝ ਨਵੀਆਂ ਚੁਣੌਤੀਆਂ ਵੀ ਸਾਹਮਣੇ ਆਈਆਂ। ਰੋਜ਼ਮਰ੍ਹਾ ਦੇ ਜੀਵਨ ਵਿਚ ਅਸੰਤੁਸ਼ਟ ਆਮ ਆਦਮੀ ਤੇਜ਼-ਤਰਾਰ ਹੋਣ ਲੱਗਾ। ਵਿਵਸਥਾ ਨਾਲ ਜੂਝਦੇ ਆਮ ਆਦਮੀ ਦੀ ਹਾਲਤ ਤੇ ਕ੍ਰੋਧ ਨੂੰ ਫ਼ਿਲਮਕਾਰਾਂ ਨੇ ਸਮਝਿਆ ਤੇ ਉਸ ਨੂੰ ਆਪਣੀਆਂ ਫ਼ਿਲਮਾਂ ਦੀ ਮੁੱਖ ਕਹਾਣੀ ਵੀ ਬਣਾਇਆ। ਸਿੱਟੇ ਵਜੋਂ 'ਦੀਵਾਰ' ਤੇ 'ਜ਼ੰਜੀਰ' ਵਰਗੀਆਂ ਫ਼ਿਲਮਾਂ ਦਾ ਨਿਰਮਾਣ ਹੋਇਆ। ਇਸ ਦੌਰ ਦਾ ਨਾਇਕ ਧਾਕੜ ਤੇ ਲੜਾਕਾ ਸੀ। ਉਸ ਦੌਰ ਵਿਚ ਭਾਰਤ ਦੇ ਨੌਜਵਾਨਾਂ ਵਿਚ ਗੁੱਸਾ ਸੀ। ਸਲੀਮ-ਜਾਵੇਦ ਨੇ ਉਸੇ ਆਕ੍ਰੋਸ਼ ਨੂੰ ਆਵਾਜ਼ ਦਿੱਤੀ। ਲੋਕਾਂ ਨੂੰ ਅਜਿਹਾ ਨਾਇਕ ਚੰਗਾ ਲਗਦਾ ਸੀ ਜੋ ਸਿਸਟਮ ਦੇ ਖਿਲਾਫ਼ ਖੜ੍ਹਾ ਹੁੰਦਾ ਸੀ। ਉਸੇ ਦੌਰ ਵਿਚ ਸ਼ਿਆਮ ਬੈਨੇਗਲ ਦੀ 'ਅੰਕੁਰ', 'ਮੰਥਨ', ਗੋਵਿੰਦ ਨਿਲਹਾਨੀ ਦੀ 'ਆਕ੍ਰੋਸ਼', 'ਅਰਧ-ਸੱਤਿਆ' ਨਾਲ ਸਮਾਜ ਦੀਆਂ ਕਈ ਭਖਦੀਆਂ ਸਮੱਸਿਆਵਾਂ ਨਾਲ ਰੂ-ਬਰੂ ਕਰਵਾਇਆ। ਸਮਿਤਾ ਪਾਟਿਲ ਦੀ 'ਚੱਕਰ' ਮੀਲ ਦਾ ਪੱਥਰ ਸਾਬਤ ਹੋਈ ਸੀ।

ਆਜ਼ਾਦੀ ਦੀ ਗੋਲਡਨ ਜੁਬਲੀ ਨਾਲ ਹੀ ਭਾਰਤੀ ਸਮਾਜ ਆਧੁਨਿਕ ਹੋਣ ਲੱਗਾ। ਫ਼ਿਲਮਾਂ ਵਿਚ ਇਸ ਸਮਾਜਕ ਤਬਦੀਲੀ ਦਾ ਅਸਰ ਵੀ ਦੇਖਣ ਨੂੰ ਮਿਲਿਆ। ਨਾਇਕ ਤੇ ਨਾਇਕਾ ਦੇ ਪ੍ਰੇਮ ਸਬੰਧਾਂ ਵਿਚ ਹੁਣ ਹਾਲਾਤ ਜਾਂ ਉਨ੍ਹਾਂ ਦਾ ਕਰੀਅਰ ਖਲਨਾਇਕ ਹੋਣ ਲੱਗਾ, ਨਾ ਕਿ ਉਨ੍ਹਾਂ ਦੇ ਭਰਾ ਜਾਂ ਪਿਤਾ। ਨੌਜਵਾਨਾਂ ਲਈ ਸਫ਼ਲਤਾ ਦੀ ਦੌੜ ਵਿਚ ਦੌੜਨਾ ਅਹਿਮ ਹੋ ਗਿਆ, ਨਾ ਕਿ ਪ੍ਰੇਮ ਰਸ ਵਿਚ ਡੁੱਬਣਾ। 'ਥ੍ਰੀ ਇਡੀਅਟਸ' ਵਿਚ ਮੌਜੂਦਾ ਨੌਜਵਾਨ ਪੀੜ੍ਹੀ ਦੇ ਇਸ ਪੱਖ ਦਾ ਵਰਨਣ ਕੀਤਾ ਗਿਆ ਹੈ। ਦਾਦਾ ਸਾਹਿਬ ਫਾਲਕੇ ਨੇ ਆਪਣੀ ਪਤਨੀ ਦੇ ਗਹਿਣੇ ਗਿਰਵੀ ਰੱਖ ਕੇ 'ਰਾਜਾ ਹਰੀਸ਼ ਚੰਦਰ' ਦਾ ਨਿਰਮਾਣ ਕੀਤਾ। ਇਸ ਤਰ੍ਹਾਂ ਭਾਰਤੀ ਸਿਨੇਮਾ ਦੀ ਨੀਂਹ ਰੱਖੀ ਗਈ। ਫ਼ਿਲਮ ਨਿਰਮਾਣ ਦੀ ਪ੍ਰਕਿਰਿਆ ਨੂੰ ਅੱਗੇ ਵਧਾਉਣ ਲਈ ਦਾਦਾ ਸਾਹਿਬ ਫਾਲਕੇ ਨੇ ਨਾਸਿਕ ਵਿਚ 'ਹਿੰਦੁਸਤਾਨ ਫ਼ਿਲਮ ਕੰਪਨੀ' ਸਥਾਪਤ ਕੀਤੀ। ਉਸ ਸਮੇਂ ਫ਼ਿਲਮ ਇੰਡਸਟਰੀ ਨੂੰ ਕਾਟੇਜ ਇੰਡਸਟਰੀ ਦਾ ਨਾਂ ਦਿੱਤਾ ਜਾਂਦਾ ਸੀ। ਉਸ ਦੌਰ ਵਿਚ ਫ਼ਿਲਮ ਨਿਰਮਾਣ ਫਾਇਦੇਮੰਦ ਧੰਦਾ ਨਹੀਂ ਸੀ। ਹੌਲੀ-ਹੌਲੀ ਸਟੂਡੀਓ ਸਿਸਟਮ ਦੀ ਸ਼ੁਰੂਆਤ ਹੋਈ।

ਫ਼ਿਲਮ ਨਿਰਮਾਣ ਦੀ ਪ੍ਰਕਿਰਿਆ ਨੂੰ ਤਰਤੀਬਬੱਧ ਕਰਨ ਲਈ ਸਟੂਡੀਓ ਸਿਸਟਮ ਦੀ ਸ਼ੁਰੂਆਤ ਹੋਈ। ਇੰਪੀਰੀਅਲ ਸਟੂਡੀਓ, ਵਾਡੀਆ ਮੂਵੀਟੋਨ, ਰਣਜੀਤ ਸਟੂਡੀਓ, ਪ੍ਰਭਾਤ ਸਟੂਡੀਓ, ਬੰਬੇ ਟਾਕੀਜ਼ ਸਟੂਡੀਓ ਸਥਾਪਤ ਹੋਏ। ਸਿੱਟੇ ਵਜੋਂ ਫ਼ਿਲਮ ਨਿਰਮਾਣ ਵਿਚ ਤੇਜ਼ੀ ਆਈ। ਜਿਵੇਂ-ਜਿਵੇਂ ਵਧੇਰੇ ਫ਼ਿਲਮਾਂ ਬਣਨੀਆਂ ਸ਼ੁਰੂ ਹੋਈਆਂ ਤਾਂ ਅਭਿਨੇਤਾ-ਅਭਿਨੇਤਰੀਆਂ ਨੂੰ ਸਟਾਰਜ਼ ਸਟੇਟਸ ਮਿਲਣ ਲੱਗਾ ਤਾਂ ਉਨ੍ਹਾਂ ਨੇ ਮਿਹਨਤਾਨਾ ਵਧਾਉਣ ਦੀ ਮੰਗ ਕੀਤੀ। ਅੰਤ ਫ਼ਿਲਮ ਨਿਰਮਾਤਾਵਾਂ ਨੂੰ ਫਾਈਨਾਂਸਰਾਂ ਦਾ ਸਹਾਰਾ ਲੈਣਾ ਪਿਆ। ਫ਼ਿਲਮਾਂ ਵਿਚ ਕਾਰਪੋਰੇਟ ਜਗਤ ਦਾ ਨਿਵੇਸ਼ ਸ਼ੁਰੂ ਹੋਇਆ। ਫ਼ਿਲਮ ਨਿਰਮਾਣ ਕੰਪਨੀਆਂ ਬਣਾਈਆਂਗਈਆਂ ਜਿਨ੍ਹਾਂ ਵਿਚ ਮੁਕਤਾ ਆਰਟਸ, ਯਸ਼ਰਾਜ ਫ਼ਿਲਮਜ਼, ਵਾਇਓਕਾਮ 18, ਰਿਲਾਇੰਸ ਇੰਟਰਟੇਨਮੈਂਟ, ਯੂ ਟੀ. ਵੀ. ਮੋਸ਼ਨ ਪਿਕਰਜ਼, ਈਰੋਜ਼ ਇੰਟਰਨੈਸ਼ਨਲ, ਬਾਲਾਜੀ ਟੈਲੀਫ਼ਿਲਮ ਵਰਨਣਯੋਗ ਹਨ। ਕਾਰਪੋਰੇਟ ਜਗਤ ਦੇ ਫ਼ਿਲਮ ਜਗਤ ਵਿਚ ਦਾਖਲੇ ਨਾਲ ਫ਼ਿਲਮ ਜਗਤ ਨੂੰ ਇੰਡਸਟਰੀ ਦਾ ਦਰਜਾ ਮਿਲ ਗਿਆ ਤੇ ਫ਼ਿਲਮ ਇੰਡਸਟਰੀ ਬਾਕਾਇਦਾ ਭਾਰਤੀ ਅਰਥ ਵਿਵਸਥਾ ਦਾ ਹਿੱਸਾ ਬਣ ਗਈ। ਪਿਛਲੇ 100 ਸਾਲਾਂ ਵਿਚ ਫ਼ਿਲਮ ਇੰਡਸਟਰੀ ਵਿਚ ਆਰਥਿਕ ਵਾਧੇ ਦੀ ਦਰ ਦਾ ਔਸਤ ਕੱਢੀਏ ਤਾਂ ਇਹ 3 ਤੋਂ 6 ਫ਼ੀਸਦੀ ਦੇ ਦਰਮਿਆਨ ਰਹੀ ਹੈ। ਹਜ਼ਾਰ ਰੁਪਏ ਦੇ ਮਾਲੀਏ ਨਾਲ ਸ਼ੁਰੂ ਹੋਇਆ ਹਿੰਦੀ ਸਿਨੇਮਾ ਦਾ ਵਪਾਰ ਤਕਰੀਬਨ 93 ਅਰਬ ਰੁਪਏ ਤੱਕ ਪਹੁੰਚ ਚੁੱਕਾ ਹੈ। ਇਕ ਸਰਵੇ ਅਨੁਸਾਰ ਫ਼ਿਲਮ ਇੰਡਸਟਰੀ ਹਰ ਸਾਲ ਭਾਰਤੀ ਅਰਥ ਵਿਵਸਥਾ ਵਿਚ ਲਗਭਗ 1.5 ਅਰਬ ਯੋਗਦਾਨ ਦਿੰਦੀ ਹੈ।




*'ਸੁਜਾਤਾ' ਅਤੇ 'ਅੰਕੁਰ' ਫਿਲਮਾਂ ਦੇ ਪੋਸਟਰ। 'ਸੁਜਾਤਾ' ਵਿਚ ਜਾਤ ਅਤੇ 'ਅੰਕੁਰ' ਵਿਚ ਬਹੁਤ ਸਾਰੇ ਸਮਾਜਕ ਮੁੱਦਿਆਂ ਬਾਰੇ ਗੱਲ ਤੋਰੀ ਗਈ ਸੀ।*



*ਸਮਾਜਕ ਸਰੋਕਾਰਾਂ ਵਾਲੀਆਂ ਫਿਲਮਾਂ ਨਾਲ ਜੁੜੀ ਸਮਿਤਾ ਪਾਟਿਲ।*

# Clay Oven



**We Cater!**
For all occasions
Up to 10,000 people
All live cooking on the spot.

Lunch Buffet
11am-3pm
$7.95

*Dinner 20% off*

ਕੈਟਰਿੰਗ ਲਈ ਸਾਨੂੰ ਕਾਲ ਕਰੋ

Call for packages today
**Ph: 847-219-7432**

ਅਸੀਂ ਮਿਡਵੈਸਟ ਦੀਆਂ ਸਾਰੀਆਂ ਸਟੇਟਾਂ ਵਿਚ ਕੈਟਰਿੰਗ ਕਰਦੇ ਹਾਂ

855 East Schaumburg Rd., Schaumburg, IL 60194
Ph: 847-524-3007




# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**
*Divorce *Annulment
*International Custody

**INCORPORATIONS**
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# Syan Video Production, Inc.



ਰਾਜਿੰਦਰ ਸਿੰਘ

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*

Multiple Camera shooting/Digital Still Photography
(with flush mount album)
Live Video Display With Large Screens
DJ Service with Laser Lights
Call Toll Free: 1-800-RAJ-SYAN
(with 17 years Experienced)

**Call:734-261-0936 or 734-890-1767**
e-mail: raj@syanvideo.com or visit at: www.syanvideo.com

# Dhillon Truck Stop
# Dhillon Road Service

Interstate 40, exit 356, San Jon, NM




ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

**Ph:575-576-4111, 575-815-8536**

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

LIQUOR STORE
GAS STATION
INSURANCE
STORE

Call to check our lowest rates for Auto • Home • Health • Life. You won't believe It.

Licensed in: Alabama • Arkansas • Arizona • California • Colorado • Connecticut • DC • Georgia
Florida • Idaho • Iowa • Indiana • Illinois • Kansas • Louisiana • Maryland • Mississippi • Michigan
Minnesota • Nevada • New Jersey • New York • New Mexico • Oregon • Ohio • Oklahoma
Pennsylvania • Texas • Utah • Virginia • Vermont • Washington • Wisconsin




Gas Stations, Repair Shops,
Liquor/Grocery Stores,
Restaurants, 99 Cent stores,
Hotels & Motels

CALIFORNIA ADMITTED COMPANY WITH A RATING (EXCELLENT, A-) BY AM BEST
Give us a Call for a Free Quote
Toll Free 800.954.5409
LiquorStoreGasStationInsurance.com
Ph: 408.272.2500 Fax: 408.272.2670
3750 McKee Rd., Suite A • San Jose, CA 95127

www.LiquorStoreGasStationinsurance.com is wholly owned by Khalsa Insurance Agency, Inc. CA LICENSE #0F89805

# The Sikh Society of West Michigan

## The Sikh Gurdwara, Grand Rapids, Michigan

8845 Cascade Road, SE, Ada, MI 49301

(616) 868-7140; www.grsikh.com

ਕਾਨੜਾ ਮਹਲਾ ੫ ॥
ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥
*I have totally forgotten my jealousy of others, since I found the Saadh Sangat, the Company of the Holy. ||1||Pause||*
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥
*No one is my enemy, and no one is a stranger. I get along with everyone.*



## Sant Baba Prem Singh Ji, Murale Wale

(1882 - 1950)

Sant Baba Prem Singh was an important social, political and religious leader who was also a visionary and a social reformer. Sant Prem Singh ji proudly preached Sikhism, promoted Amrit Sanchaar. He also played an important role in revitalizing the Lubana community. He always stressed the importance of education and opened many educational institutes for this purpose. He is greatly respected in the Sikh community

# ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ 63ਵੀਂ ਬਰਸੀ 'ਤੇ ਵਿਸ਼ੇਸ਼ ਸਮਾਗਮ

# ਐਤਵਾਰ, 23 ਜੂਨ 2013

**ਅਰੰਭ ਸ੍ਰੀ ਅਖੰਡ ਪਾਠ: ਸ਼ੁੱਕਰਵਾਰ, 21 ਜੂਨ 2013-ਸਵੇਰੇ 8 ਵਜੇ**
**ਭੋਗ ਸ੍ਰੀ ਅਖੰਡ ਪਾਠ: ਐਤਵਾਰ, 23 ਜੂਨ 2013-ਸਵੇਰੇ 9:30 ਵਜੇ**

ਸ਼ਬਦ ਕੀਰਤਨ: ਭਾਈ ਬਲਜੀਤ ਸਿੰਘ ਜੀ-11:30 ਤੋਂ 1:00 ਵਜੇ ਤੱਕ
ਭਾਈ ਬਲਵਿੰਦਰ ਸਿੰਘ ਰੰਗੀਲਾ-1:00 ਵਜੇ ਤੋਂ 2:15 ਤੱਕ
ਅਰਦਾਸ ਤੇ ਸਮਾਪਤੀ
ਗੁਰੂ ਕਾ ਲੰਗਰ ਅਤੁੱਟ ਵਰਤੇਗਾ



ਭਾਈ ਬਲਵਿੰਦਰ ਸਿੰਘ ਰੰਗੀਲਾ

ਛੋਲੇ-ਪੂਰੀਆਂ, ਜਲੇਬੀਆਂ, ਚਾਹ-ਪਕੌੜਿਆਂ ਅਤੇ ਚਾਟ ਦਾ ਲੰਗਰ ਅਤੁਟ ਵਰਤੇਗਾ।
ਬੱਚਿਆਂ ਲਈ ਵਖ ਵਖ ਗੇਮਾਂ ਅਤੇ ਰਾਈਡਾਂ ਹੋਣਗੀਆਂ।

ਹੋਰ ਜਾਣਕਾਰੀ ਲਈ ਸਿੱਖ ਸੁਸਾਇਟੀ ਮਿਸ਼ੀਗਨ ਦੇ ਚੇਅਰਮੈਨ ਫੋਨ 616-856-3076 ਜਾਂ ਸਕੱਤਰ ਫੋਨ 231-670-9794 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# Punjabi Cultural Organization (PCO) Milwaukee, WI

**Presents**

# Live Geeta Zaildar




## June 21st, 2013 (Friday)

*Time: 8PM to 11PM*

***@ Waukesha Expo Center***

***1000 North View Rd., Waukesha, WI***

**Table**

VVIP: $2000 VIP: $1000
Regular: $750 & $500
Single Ticket: $75 or $50
No tickets available at the door.

ਮੁਫਤ ਖਾਣਾ
ਮੁਫਤ
ਪਾਰਕਿੰਗ

ਨੋਟ: ਪੀ ਸੀ ਓ ਵਲੋਂ ਕਬੱਡੀ ਅਤੇ ਵਾਲੀਬਾਲ ਟੂਰਨਾਮੈਂਟ 20 ਜੁਲਾਈ 2013 ਨੂੰ ਕਰਵਾਇਆ ਜਾਏਗਾ। ਓਪਨ ਕਬੱਡੀ ਲਈ ਪਹਿਲਾ ਇਨਾਮ 5100 ਡਾਲਰ ਅਤੇ ਦੂਜਾ 3100 ਡਾਲਰ ਦਾ ਹੋਵੇਗਾ ਜਦੋਂਕਿ ਵਾਲੀਬਾਲ ਲਈ ਪਹਿਲਾ ਇਨਾਮ 3100 ਡਾਲਰ ਅਤੇ ਦੂਜਾ 1500 ਡਾਲਰ ਦਾ ਹੋਵੇਗਾ।

PCO Members Contact:
Kulwant Singh Dhillon, Ph: 414-248-2992
Pawanjit Singh Hothi, Ph: 414-333-2902
Lally Sidhu, Ph: 414-788-9813
Satwinder Singh Pompi, Ph: 414-406-9016
Bretty Gill, Ph: 414-334-0047

**For More Info., Please call: 414-334-0047 or 414-788-9813**